@Qpatrika @qaumipatrika punjabi instagram.com/ qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Qaumi Patrika** NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 1 March 2024

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 1 ਮਾਰਚ 2024, 15 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 91, qpatrika@gmail.com ਫੋਨ : 9971359517 www.qaumipatrika.org

## ਗਾਜਾ 'ਚ ਟਕਰਾਅ ਗੰਭੀਰ ਚਿੰਤਾ ਦਾ ਵਿਸ਼ਾ : ਜੈਸ਼ੰਕਰ

ਨਵੀਂ ਦਿੱਲੀ 29 ਫਰਵਰੀ। ਵਿਦੇਸ ਮੰਤਰੀ ਐੱਸ. ਜੈਸੰਕਰ ਨੇ ਮੰਗਲਵਾਰ ਨੂੰ ਕਿਹਾ ਕਿ ਗਾਜਾ 'ਚ ਸੰਘਰਸ ਗੰਭੀਰ ਚਿੰਤਾ ਦਾ ਵਿਸਾ ਹੈ ਅਤੇ ਇਸ ਤੋਂ ਪੈਦਾ ਹੋਏ ਮਾਨਵਤਾਵਾਦੀ ਸੰਕਟ ਦੇ



ਸਥਾਈ ਹੱਲ ਦੀ ਲੋੜ ਹੈ। ਨਾਲ ਹੀ ਉਨ੍ਹਾਂ ਨੇ 7 ਅਕਤੂਬਰ ਨੂੰ ਹਮਾਸ ਵੱਲੋਂ ਇਜਰਾਈਲ 'ਤੇ ਕੀਤੇ ਗਏ ਅੱਤਵਾਦੀ ਹਮਲੇ ਦਾ ਜਿ਼ਕਰ ਕਰਦੇ ਹੋਏ ਕਿਹਾ ਕਿ 'ਅੱਤਵਾਦ ਅਤੇ ਬੰਧਕ ਬਣਾਉਣਾ' ਅਸਵੀਕਾਰਨਯੋਗ ਹੈ। ਵਿਦੇਸ ਮੰਤਰੀ ਨੇ ਜਨੇਵਾ ਵਿਚ ਆਯੋਜਿਤ ਸੰਯੁਕਤ ਰਾਸਟਰ ਮਨੁੱਖੀ ਅਧਿਕਾਰ ਪ੍ਰੀਸਦ ਦੇ 55ਵੇਂ ਸੈਸਨ ਵਿਚ ਆਪਣੇ ਡਿਜੀਟਲ ਬਿਆਨ ਵਿਚ ਇਹ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਟਕਰਾਅ ਨਾਲ ਪੈਦਾ ਹੋਣ ਵਾਲੇ ਮਾਨਵਤਾਵਾਦੀ ਸੰਕਟਾਂ ਲਈ ਇਕ ਸਥਾਈ ਹੱਲ ਦੀ ਲੋੜ ਹੁੰਦੀ ਹੈ, ਜੋ ਸਭ ਤੋਂ ਵਧ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਰਾਹਤ ਦੇਵੇ। ਉਨ੍ਹਾਂ ਭਾਰਤ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਥਿਤੀ ਨੂੰ ਵੀ ਦੁਹਰਾਇਆ ਕਿ ਫਲਸਤੀਨ ਮੁੱਦੇ ਦਾ ਦੋ-ਰਾਜ ਹੱਲ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਸੰਘਰਸ ਖੇਤਰ ਦੇ ਅੰਦਰ ਜਾਂ ਬਾਹਰ ਨਾ ਫੈਲੇ।

## ਰਾਹੁਲ ਗਾਂਧੀ ਨੂੰ ਕੋਈ ਗੰਭੀਰਤਾ ਨਾਲ ਨਹੀਂ ਲੈਂਦਾ : ਧਰਮਿੰਦਰ ਪ੍ਰਧਾਨ

ਨਵੀਂ ਦਿੱਲੀ 29 ਫਰਵਰੀ। ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਨੇ ਮੰਗਲਵਾਰ ਨੂੰ ਦਾਅਵਾ ਕੀਤਾ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਕੋਈ ਵੀ ਗੰਭੀਰਤਾ ਨਾਲ ਨਹੀਂ ਲੈਂਦਾ ਅਤੇ ਉਹ ਜੋ ਵੀ ਕਹਿੰਦੇ ਹਨ, ਉਸ ਨਾਲ 'ਹਾਸੇ ਦਾ ਪਾਤਰ' ਬਣ ਜਾਂਦੇ





ਹਨ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਆਗੂ ਨੇ ਕਿਹਾ ਕਿ ਲੋਕ ਸਭਾ ਦੀਆਂ ਪਿਛਲੀਆਂ 2 ਚੋਣਾਂ ਜਨਤਾ ਦੀ ਪਸੰਦ ਨੂੰ ਦਰਸਾਉਂਦੀਆਂ ਹਨ ਅਤੇ ਆਉਣ ਵਾਲੀਆਂ ਚੋਣਾਂ ਵਿਚ ਕਾਂਗਰਸ ਦੀ ਸਥਿਤੀ ਹੋਰ ਖਰਾਬ ਹੋਵੇਗੀ। ਕਾਂਗਰਸ ਦੇ ਸੱਤਾ 'ਚ ਆਉਣ 'ਤੇ ਹਰ ਕਿਸਾਨ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਦੀ ਕਾਨੂੰਨੀ ਗਾਰੰਟੀ ਦੇਣ ਦੇ ਰਾਹੁਲ ਗਾਂਧੀ ਦੇ ਵਾਅਦੇ 'ਤੇ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਦੇ ਮੂਲ ਸਿਧਾਂਤਾਂ 'ਚ ਕੁਝ ਸਮੱਸਿਆ ਹੈ। ਉਨ੍ਹਾਂ ਪੁੱਛਿਆ ਕਿ ਜਦੋਂ ਉਹ ਸੱਤਾ ਵਿਚ ਸਨ ਤਾਂ ਉਨ੍ਹਾਂ ਦੀ ਪਾਰਟੀ ਨੇ ਇਸ ਮੁੱਦੇ 'ਤੇ ਕੀ ਕੀਤਾ? ਉਹ ਕਰਨਾਟਕ ਵਰਗੇ ਰਾਜਾਂ ਵਿਚ ਕੀ ਕਰ ਰਹੇ ਹਨ ਜਿੱਥੇ ਉਨ੍ਹਾਂ ਨੇ ਹਾਲ ਹੀ ਵਿਚ ਚੋਣਾਂ 'ਚ ਜਿੱਤ ਦਰਜ ਕੀਤੀ। ਕੀ ਉਨ੍ਹਾਂ ਨੇ ਆਪਣੇ ਚੋਣ ਵਾਅਦੇ ਪੂਰੇ ਕੀਤੇ ਹਨ?

## ਪੰਜਾਬ ਤੇ ਰਾਜਸਥਾਨ 'ਚ 16 ਥਾਵਾਂ 'ਤੇ ਨੈਸ਼ਨਲ ਇਨਵੈਸਟਿਗੇਸ਼ਨ ਏਜੰਸੀ ਦੀ ਛਾਪੇਮਾਰੀ

ਨਵੀਂ ਦਿੱਲੀ 29 ਫਰਵਰੀ। ਨੈਸ਼ਨਲ ਇਨਵੈਸਟਿਗੇਸ਼ਨ ਏਜੰਸੀ () ਨੇ ਦੇਸ਼ ਵਿਚ ਅੱਤਵਾਦੀ-ਅਪਰਾਧੀ ਗੱਠਜੋੜ ਨੂੰ ਖਤਮ ਕਰਨ ਲਈ ਮੰਗਲਵਾਰ ਨੂੰ ਪੰਜਾਬ ਤੇ ਰਾਜਸਥਾਨ ਵਿਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਵਿਚ 6 ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ। ਦੇ ਇਕ ਅਧਿਕਾਰੀ ਨੇ ਕਿਹਾ ਕਿ ਅੱਤਵਾਦੀ-ਸੰਗਠਿਤ ਅਪਰਾਧਿਕ ਗਿਰੋਹ ਦੇ ਗੱਠਜੋੜ ਨਾਲ ਸਬੰਧਤ ਇਕ ਮਾਮਲੇ ਵਿਚ ਜਾਰੀ ਜਾਂਚ ਦੇ ਤਹਿਤ ਪੰਜਾਬ ਵਿਚ 14 ਤੇ ਰਾਜਸਥਾਨ ਵਿਚ 2 ਥਾਵਾਂ 'ਤੇ ਤਲਾਸ਼ੀ ਲਈ ਗਈ। ਉਨ੍ਹਾਂ ਕਿਹਾ ਕਿ ਅੱਤਵਾਦੀ ਸਰਗਰਮੀਆਂ ਵਿਚ ਸ਼ਾਮਲ ਹੋਣ ਦੇ ਸਬੰਧ ਵਿਚ 6 ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਐੱਨ.ਆਈ.ਏ. ਨੇ ਕਿਹਾ ਕਿ ਪੰਜਾਬ ਦੇ ਅੰਮ੍ਰਿਤਸਰ, ਬਠਿੰਡਾ, ਮੋਗਾ, ਸੰਗਰੂਰ ਤੇ ਕਪੂਰਥਲਾ ਜਿ਼ਲ੍ਹਿਆਂ ਅਤੇ ਰਾਜਸਥਾਨ ਦੇ ਚੁਰੂ ਤੇ ਹਨੂਮਾਨਗੜ੍ਹ ਜਿ਼ਲ੍ਹਿਆਂ ਵਿਚ ਸਵੇਰੇ ਛਾਪੇਮਾਰੀ ਸ਼ੁਰੂ ਕੀਤੀ ਗਈ। ਏਜੰਸੀ ਨੇ ਕਿਹਾ, "ਅੱਤਵਾਦੀ ਸਰਗਰਮੀਆਂ ਵਿਚ ਸ਼ਾਮਲ ਹੋਣ ਦੇ ਦੋਸ਼ ਹੇਠ ਕਈ ਲੋਕਾਂ ਨੂੰ ਪੁੱਛਗਿੱਛ ਲਈ ਲਿਜਾਇਆ ਗਿਆ। ਕਈ ਡਿਜੀਟਲ ਉਪਕਰਨ, ਮੋਬਾਈਲ ਫੋਨ ਤੇ ਇਤਰਾਜਯੋਗ ਕਾਗਜ ਜਬਤ ਕੀਤੇ ਗਏ, ਜਿਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ।"

# ਜਲੰਧਰ ਵਾਸੀਆਂ ਨੂੰ ਮੁੱਖ ਮੰਤਰੀ ਮਾਨ ਦੀ ਵੱਡੀ ਸੌਗਾਤ

**ਸਿੰਮੀ ਕੌਰ ਬੱਬਰ**

ਜਲੰਧਰ 29 ਫਰਵਰੀ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਜਲੰਧਰ ਵਾਸੀਆਂ ਨੂੰ ਵੱਡੀ ਸੌਗਾਤ ਦਿੱਤੀ ਗਈ ਹੈ। ਦਰਅਸਲ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਨਕੋਦਰ ਵਿਚ 283 ਕਰੋੜਾਂ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਨ੍ਹਾਂ ਵੱਲੋਂ ਜੱਚਾ-ਬੱਚਾ ਹਸਪਤਾਲ ਦਾ ਉਦਘਾਟਨ ਕਰਨ ਸਮੇਤ ਹੋਰ ਕਈ ਪ੍ਰਾਜੈਕਟਾਂ ਨੂੰ ਹਰੀ ਝੰਡੀ ਵਿਖਾਈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਪੰਜਾਬ ਦੇ ਲੋਕਾਂ ਦੀ ਸੁਰੱਖਿਆ ਸਾਡੀ ਤਰਜੀਹ ਹੈ। 45 ਵਿੱਚੋਂ 37 ਜੱਚਾ-ਬੱਚਾ ਹਸਪਤਾਲ ਲੋਕ ਅਰਪਿਤ ਕਰ ਚੁੱਕੇ ਹਾਂ। ਆਉਣ ਵਾਲੇ ਦਿਨਾਂ ਵਿੱਚ ਬਾਕੀ ਰਹਿੰਦੇ ਵੀ ਜਲਦੀ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ। ਅਸੀਂ ਲੋਕਾਂ ਨੂੰ ਕਿਸੇ ਵੀ ਸਹੂਲਤ ਤੋਂ ਵਾਂਝਾ ਨਹੀਂ ਰਹਿਣ ਦੇਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਹੁਣ ਹਾਈਟੈੱਕ ਹੋ ਰਹੀ ਹੈ। ਅੱਜ ਪੰਜਾਬ ਪੁਲਸ ਦੇ ਬੇੜੇ ਵਿਚ 410 ਨਵੀਆਂ ਹਾਈਟੈੱਕ ਗੱਡੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਸਰਕਾਰਾਂ ਦਾ ਕੰਮ ਲੁੱਟਣਾ ਨਹੀਂ ਸਗੋਂ ਲੋਕਾਂ ਨੂੰ ਸਹੂਲਤਾਂ ਦੇਣਾ ਹੁੰਦਾ ਹੈ। ਅਸੀਂ ਆਪਣਾ ਫਰਜ ਨਿਭਾਅ ਰਹੇ ਹਾਂ। ਨੌਜਵਾਨਾਂ ਨੂੰ ਨੰਬਰਾਂ ਦੇ ਆਧਾਰ 'ਤੇ ਸਰਕਾਰੀ ਨੌਕਰੀਆ ਦੇ ਰਹੇ ਹਾਂ। ਵਿਰੋਧੀਆਂ 'ਤੇ ਤੰਜ ਕੱਸਦੇ ਹੋਏ ਮੁੱਖ ਮੰਤਰੀ



ਭਗਵੰਤ ਮਾਨ ਨੇ ਕਿਹਾ ਕਿ ਪਹਿਲਾਂ ਵਾਲਿਆਂ ਨੇ ਸਹੂਲਤਾਂ ਆਪਣੇ ਘਰਾਂ ਵਾਸਤੇ ਲਈਆਂ ਸਨ। ਮੈਂ 2-4 ਦਿਨਾਂ ਵਿਚ ਵੱਡੇ ਖੁਲਾਸੇ ਕਰਾਂਗਾ। ਪਹਿਲਾਂ ਵਾਲੇ ਤਾਂ 6-6 ਪੈਨਸ਼ਨਾਂ ਹੀ ਲੈਂਦੇ ਸਨ। ਭਗਵੰਤ ਮਾਨ ਨੇਂ ਕਹਾ ਕਿ ਸਾਡੀ ਸਰਕਾਰ ਆਈ ਤਾਂ ਅਸੀਂ ਇਕ ਵਿਧਾਇਕ ਇਕ ਪੈਨਸ਼ਨ ਦੀ ਸਕੀਮ ਲਾਗੂ ਕੀਤੀ। ਉਥੇ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਿਚ ਕੱਢੀ ਜਾ ਰਹੀ 'ਪੰਜਾਬ ਬਚਾਓ ਯਾਤਰਾ' ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਪੰਜਾਬ ਬਚਾਓ ਯਾਤਰਾ ਨਹੀਂ ਇਹ ਤਾਂ ਪਰਿਵਾਰ ਬਚਾਓ ਯਾਤਰਾ ਕੱਢ ਰਹੇ ਹਨ। ਆਖਿਰ ਹੁਣ ਪੰਜਾਬ ਨੂੰ ਕਿਸ ਤੋਂ ਬਚਾਈਓ, ਤੁਹਾਡੇ ਕੋਲੋਂ ਹੀ ਕਰੀਬ 20 ਮਹੀਨੇ ਪਹਿਲਾਂ ਪੰਜਾਬ ਨੂੰ ਬਚਾਇਆ ਹੈ। ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਲਾਉਂਦੇ ਮੁੱਖ ਮੰਤਰੀ ਨੇ ਕਿਹਾ ਕਿ ਕੈਪਟਨ ਸਾਬ੍ਹ ਨੇ ਤਾਂ 5 ਸਾਲ ਕੁੰਡਾ ਹੀ ਨਹੀਂ ਖੋਲ੍ਹਿਆ। ਉਹ ਤਾਂ ਆਪਣੇ ਵਿਧਾਇਕਾਂ ਲਈ ਵੀ ਦਰਵਾਜਾ ਨਹੀਂ ਖੋਲ੍ਹਦੇ ਸਨ। ਇਸ ਮੌਕੇ ਹਲਕਾ ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ, ਡੀ. ਸੀ. ਵਿਸ਼ੇਸ਼ ਸਾਰੰਗਲ ਅਤੇ ਐੱਸ. ਐੱਸ. ਪੀ. ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਸਮੇਤ ਹੋਰ ਕਈ ਸਿਆਸੀ ਆਗੂ ਵੀ ਮੌਜੂਦ ਸਨ।

## ਹਿਮਾਚਲ ਸਰਕਾਰ ਨੂੰ ਬਚਾਉਣ 'ਚ ਲੱਗੇ ਕਾਂਗਰਸ ਦੇ ਚੋਟੀ ਦੇ ਆਗੂ

ਨਵੀਂ ਦਿੱਲੀ 29 ਫਰਵਰੀ। ਹਿਮਾਚਲ ਪ੍ਰਦੇਸ ਸਰਕਾਰ 'ਚ ਸਿਆਸੀ ਸੰਕਟ ਦਰਮਿਆਨ ਕਾਂਗਰਸ ਦੀ ਸੀਨੀਅਰ ਲੀਡਰਸਿ਼ਪ ਨੇ ਬੁੱਧਵਾਰ ਨੂੰ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਕਰਨਾਟਕ ਦੇ ਉਪ ਮੁੱਖ ਮੰਤਰੀ ਡੀ.ਕੇ ਸਿ਼ਵਕੁਮਾਰ ਨੂੰ ਪਾਰਟੀ ਵਿਧਾਇਕਾਂ ਨਾਲ ਗੱਲਬਾਤ ਕਰਨ ਅਤੇ ਹੱਲ ਕੱਢਣ ਲਈ ਸਿ਼ਮਲਾ ਭੇਜਿਆ ਹੈ। ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਹਿਮਾਚਲ ਦੇ ਘਟਨਾਕ੍ਰਮ 'ਤੇ ਗੱਲਬਾਤ ਕੀਤੀ ਹੈ। ਕਰਨਾਟਕ ਦੇ ਉਪ ਮੁੱਖ ਮੰਤਰੀ ਸਿ਼ਵਕੁਮਾਰ ਨੇ ਭਾਜਪਾ ਦੀ ਨਿੰਦਾ ਕੀਤੀ ਅਤੇ ਇਸ ਦੀ ਰਣਨੀਤੀ ਨੂੰ ਲੋਕਤੰਤਰ ਲਈ 'ਚਿੰਤਾਜਨਕ' ਕਰਾਰ ਦਿੱਤਾ। ਸਿ਼ਵਕੁਮਾਰ ਨੇ ਐਕਸ 'ਤੇ ਇਕ ਪੋਸਟ 'ਚ ਕਿਹਾ, "ਕਾਂਗਰਸ ਹਾਈਕਮਾਨ ਦੇ ਨਿਰਦੇਸਾਂ ਅਨੁਸਾਰ ਮੈਂ ਹਿਮਾਚਲ ਪ੍ਰਦੇਸ ਪਹੁੰਚ ਰਿਹਾ ਹਾਂ। ਇਸ ਤੋਂ ਇਲਾਵਾ ਕਿਸੇ ਵੀ ਅਫਵਾਹ 'ਤੇ ਯਕੀਨ ਕਰਨ ਦੀ ਬਿਲਕੁਲ ਵੀ ਲੋੜ ਨਹੀਂ ਹੈ, ਕਿਉਂਕਿ ਮੈਨੂੰ ਭਰੋਸਾ ਹੈ ਕਿ ਕਾਂਗਰਸ ਪਾਰਟੀ ਦੇ ਵਿਧਾਇਕ ਪਾਰਟੀ ਪ੍ਰਤੀ ਵਫਾਦਾਰ ਰਹਿਣਗੇ ਅਤੇ ਉਨ੍ਹਾਂ ਨੂੰ ਮਿਲੇ ਫਤਵੇ 'ਤੇ ਡਟੇ ਰਹਿਣਗੇ। ਹਿਮਾਚਲ ਪ੍ਰਦੇਸ ਵਿਚ ਰਾਜ ਸਭਾ ਚੋਣਾਂ ਵਿੱਚ ਕਾਂਗਰਸ ਦੇ 6 ਵਿਧਾਇਕਾਂ ਵੱਲੋਂ ਭਾਜਪਾ ਉਮੀਦਵਾਰ ਦੇ ਹੱਕ ਵਿਚ ਵੋਟ ਪਾਉਣ ਤੋਂ ਕੁਝ ਘੰਟੇ ਬਾਅਦ ਖੜਗੇ ਨੇ ਹੁੱਡਾ ਅਤੇ ਸਿ਼ਵਕੁਮਾਰ ਨੂੰ ਨਾਰਾਜ ਵਿਧਾਇਕਾਂ ਨੂੰ ਸਾਂਤ ਕਰਨ ਲਈ ਹਿਮਾਚਲ ਪ੍ਰਦੇਸ ਭੇਜਿਆ ਹੈ।

# ਗੁਰਦੁਆਰਾ ਸ਼੍ਰੀ ਗਿਆਨ ਗੋਦੜੀ ਸਾਹਿਬ ਹਰਿਦੁਆਰ ਹਰਿ ਕੀ ਪੌੜੀ ਸਿੱਖ ਕੌਮ ਨੂੰ ਵਾਪਸ ਕਰੋ !

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 29 ਫਰਵਰੀ: ਅੱਜ ਇੱਕ ਬਿਆਨ ਵਿੱਚ ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਬੱਬਰ ਨੇ ਕਿਹਾ ਹੈ ਕਿ ਉਤਰਾਖੰਡ ਸਰਕਾਰ ਨੇ ਸ਼੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਪਹਿਲੇ ਪਾਵਨ ਇਤਿਹਾਸਕ ਅਸਥਾਨ ਗੁਰਦੁਆਰਾ ਸ਼੍ਰੀ ਗਿਆਨ ਗੋਦੜੀ ਸਾਹਿਬ, ਹਰਿਦੁਆਰ ਹਰਿ ਕੀ ਪੌੜੀ ਨੂੰ ਜਬਰਨ ਮਲੀਆਮੇਟ ਕਰਨ ਦੇ ਨਾਲ-ਨਾਲ ਹਰਿਦੁਆਰ ਦੇ ਲੋਕਾਂ ਨੇ ਹਰਿਦੁਆਰ ਸਥਿਤ ਸ਼੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਨਾਨਕ ਵਾੜੇ ਦੀ 25 ਏਕੜ ਜਮੀਨ 'ਤੇ ਵੀ ਨਾਜਾਇਜ ਕਬਜਾ ਕਰਕੇ ਨਾਜਾਇਜ ਬਸਤੀ ਬਣਾਈ ਹੋਈ ਹੈ। ਆਲ ਇੰਡੀਆ ਸਿੱਖ ਕਾਨਫਰੰਸ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਬੱਬਰ ਨੇ ਕਿਹਾ ਹੈ ਕਿ ਦੇਸ਼ ਅਤੇ ਦੁਨੀਆਂ ਦੇ ਸਿੱਖਾਂ ਵਿੱਚ ਇਸ ਗੱਲੋਂ ਭਾਰੀ ਰੋਸ ਹੈ ਕਿ ਉਤਰਾਖੰਡ ਸਰਕਾਰ ਨੇ ਸਿੱਖਾਂ ਦੇ ਇਤਿਹਾਸਕ ਗੁਰਦੁਆਰਾ ਸ਼੍ਰੀ ਗਿਆਨ ਗੋਦੜੀ ਸਾਹਿਬ 'ਤੇ ਕਬਜਾ ਕਰਕੇ ਸਿੱਖ ਕੌਮ ਦਾ ਅਪਮਾਨ ਕੀਤਾ ਹੈ।. ਆਲ ਸਿੱਖ ਇੰਡੀਆ ਕਾਨਫਰੰਸ ਦੇ ਪ੍ਰਧਾਨ ਗੁਰਚਰਨ ਸਿੰਘ ਬੱਬਰ ਨੇ ਕਿਹਾ ਹੈ ਕਿ ਇਹ ਬਹੁਤ ਹੀ ਹੈਰਾਨੀ ਦੀ ਗੱਲ ਹੈ ਕਿ ਕੇਂਦਰ ਸਰਕਾਰ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ 'ਤੇ ਭਾਰਤ ਸਕਾਊਟਸ ਐਂਡ



ਗਾਈਡਜ ਦਾ ਦਫਤਰ ਜਬਰੀ ਉਸਾਰਿਆ ਹੈ। ਆਲ ਇੰਡੀਆ ਸਿੱਖ ਕਾਨਫਰੰਸ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਬੱਬਰ ਨੇ ਕੇਂਦਰ ਸਰਕਾਰ ਨੂੰ ਸ਼੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ਼੍ਰੀ ਗਿਆਨ ਗੋਦੜੀ ਸਾਹਿਬ ਨੂੰ ਬਿਨਾਂ ਕਿਸੇ ਦੇਰੀ ਤੋਂ ਸਿੱਖ ਕੌਮ ਨੂੰ ਵਾਪਸ ਕਰਨ ਦੀ ਅਪੀਲ ਕੀਤੀ ਹੈ। ਨਹੀਂ ਤਾਂ ਧਰਮ ਯੁੱਧ ਹੋਵੇਗਾ!

## ਸੁਖਬੀਰ ਬਾਦਲ ਤੇ ਸ਼ੈਣੀ ਨੇ ਸਿਆਸੀ ਲਾਹਾ ਲੈਣ ਲਈ ਰਚੀ ਸਾਜਿਸ਼

ਕੋਟਕਪੂਰਾ 29 ਫਰਵਰੀ। ਸਾਲ 2015 'ਚ ਬੇਅਦਬੀ ਮਾਮਲੇ ਨਾਲ ਜੁੜੇ ਕੋਟਕਪੂਰਾ ਗੋਲੀਕਾਂਡ 'ਚ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀਜੀਪੀ ਸੁਮੇਧ ਸੈਣੀ ਵੱਲੋਂ ਸਿਆਸੀ ਲਾਹਾ ਲੈਣ ਲਈ ਸਾਜਿਸ਼ ਰਚੀ ਗਈ ਸੀ। ਇਸ ਮਾਮਲੇ 'ਚ ਜਾਂਚ ਕਰ ਰਹੀ ਵਿਸੇਸ ਜਾਂਚ ਟੀਮ (ਐੱਸਆਈਟੀ) ਵੱਲੋਂ ਸੋਮਵਾਰ ਨੂੰ ਜਿ਼ਲ੍ਹਾ ਮੈਜਿਸਟਰੇਟ ਅਜੈ ਪਾਲ ਸਿੰਘ ਦੀ ਅਦਾਲਤ 'ਚ ਪੇਸ ਕੀਤੇ ਗਏ ਪੰਜਵੇਂ ਸਪਲੀਮੈਂਟਰੀ ਚਲਾਨ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਏਡੀਜੀਪੀ ਐਲ. ਕੇ. ਯਾਦਵ ਦੀ ਅਗਵਾਈ ਵਾਲੀ ਐੱਸ. ਆਈ. ਟੀ. ਦੇ ਤਿੰਨ ਮੈਂਬਰਾਂ ਦੇ ਦਸਤਖਤਾਂ ਹੇਠ ਤਿਆਰ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਅਤੇ ਸੁਮੇਧ ਸਿੰਘ ਸੈਣੀ ਨੇ ਡੇਰਾ ਪ੍ਰੇਮੀਆਂ ਨੂੰ ਖੁਸ ਕਰਨ ਅਤੇ ਚੋਣਾਂ ਵਿੱਚ ਵੋਟਾਂ ਬਟੋਰਨ ਲਈ ਇਹ ਸਾਜਿ਼ਸ ਰਚੀ ਸੀ। ਅਦਾਲਤ 'ਚ ਕੇਸ ਨੰਬਰ 129 'ਚ 130 ਪੰਨਿਆਂ ਅਤੇ ਕੇਸ ਨੰਬਰ 92 'ਚ 81 ਪੰਨਿਆਂ 'ਚ ਪੇਸ਼ ਕੀਤੇ ਗਏ ਪੰਜਵੇਂ ਸਪਲੀਮੈਂਟਰੀ ਚਲਾਨ 'ਚ ਅ ਐੱਸ.ਆਈ.ਟੀ. ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀਜੀਪੀ ਸੁਮੇਧ ਸੈਣੀ, ਸਾਬਕਾ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਤਤਕਾਲੀ ਐੱਸ.ਐੱਸ.ਪੀ. ਫਰੀਦਕੋਟ ਸੁਖਮਿੰਦਰ ਸਿੰਘ ਮਾਨ ਅਤੇ ਸਿਟੀ ਥਾਣਾ ਕੋਟਕਪੂਰਾ ਦੇ ਸਾਬਕਾ ਐੱਸ.ਐੱਚ.ਓ. ਗੁਰਦੀਪ ਸਿੰਘ ਨੂੰ ਮੁਲਜਮ ਬਣਾਇਆ ਗਿਆ ਹੈ। ਟੀਮ ਨੇ ਜਾਂਚ ਰਿਪੋਰਟ, ਫੋਰੈਂਸਿਕ ਰਿਪੋਰਟ, ਘਟਨਾ ਦੌਰਾਨ ਵਰਤੇ ਗਏ ਅਸਲੇ ਦੀ ਬੈਲਿਸਟਿਕ ਰਿਪੋਰਟ, ਗਵਾਹਾਂ ਦੀ ਸੂਚੀ ਅਤੇ ਹੋਰ ਦਸਤਾਵੇਜ ਅਦਾਲਤ ਨੂੰ ਸੌਂਪ ਦਿੱਤੇ ਹਨ। ਅਦਾਲਤ ਨੇ ਮੁਲਜਮਾਂ ਨੂੰ ਨੋਟਿਸ ਜਾਰੀ ਕਰਕੇ 1 ਮਾਰਚ ਨੂੰ ਅਦਾਲਤ ਵਿੱਚ ਪੇਸ ਹੋਣ ਦੇ ਨਿਰਦੇਸ ਦਿੱਤੇ ਹਨ। ਇਸੇ ਦਿਨ ਬਹਿਬਲ ਕਲਾਂ ਗੋਲੀ ਕਾਂਡ ਦੀ ਸੁਣਵਾਈ ਵਧੀਕ ਸੈਸਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿੱਚ ਹੋਣੀ ਹੈ। ਦੱਸ ਦੇਈਏ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਏ.ਡੀ.ਜੀ.ਪੀ. ਐੱਲ. ਕੇ ਯਾਦਵ ਦੀ ਅਗਵਾਈ ਵਾਲੀ ਐੱਸ.ਆਈ.ਟੀ ਕਰ ਰਹੀ ਹੈ।

## ਸਾਬਕਾ ਮੁੱਖ ਮੰਤਰੀ ਰਾਬੜੀ, ਉਨ੍ਹਾਂ ਦੀਆਂ ਦੋ ਧੀਆਂ ਨੂੰ ਮਿਲੀ ਜਮਾਨਤ

ਨਵੀਂ ਦਿੱਲੀ 29 ਫਰਵਰੀ। ਦਿੱਲੀ ਦੀ ਅਦਾਲਤ ਨੇ ਰੇਲਵੇ 'ਚ ਜਮੀਨ ਦੇ ਬਦਲੇ ਨੌਕਰੀ ਮਾਮਲੇ 'ਚ ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਅਤੇ ਉਨ੍ਹਾਂ ਦੀਆਂ ਦੋ ਧੀਆਂ ਮੀਸਾ ਭਾਰਤੀ ਅਤੇ ਹੇਮਾ ਯਾਦਵ ਨੂੰ ਬੁੱਧਵਾਰ ਨੂੰ ਜਮਾਨਤ ਦੇ ਦਿੱਤੀ। ਮੀਸਾ ਭਾਰਤੀ ਰਾਸ਼ਟਰੀ ਜਨਤਾ ਦਲ (ਰਾਜਦ) ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਅਤੇ ਰਾਬੜੀ ਦੇਵੀ ਦੀ ਸਭ ਤੋਂ ਵੱਡੀ ਧੀ ਹੈ ਅਤੇ ਮੌਜੂਦਾ ਸਮੇਂ ਵਿਚ ਰਾਜ ਸਭਾ ਮੈਂਬਰ ਹੈ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਲੋਂ ਜਮਾਨਤ ਪਟੀਸ਼ਨ ਦਾ ਵਿਰੋਧ ਨਾ ਕੀਤੇ ਜਾਣ 'ਤੇ ਤਿੰਨਾਂ ਨੂੰ ਇਹ ਰਾਹਤ ਦਿੱਤੀ। ਕੇਂਦਰੀ ਜਾਂਚ ਏਜੰਸੀ ਨੇ ਅਦਾਲਤ 'ਚ ਸੁਣਵਾਈ ਦੌਰਾਨ ਕਿਹਾ ਕਿ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਦੋਸ਼ੀਆਂ ਨੂੰ ਜਮਾਨਤ ਦਿੰਦੇ ਸਮੇਂ ਸਖਤ ਸ਼ਰਤਾਂ ਲਾਈਆਂ ਜਾਣ। ਜੱਜ ਨੇ 9 ਫਰਵਰੀ ਨੂੰ ਉਨ੍ਹਾਂ ਨੂੰ ਅੰਤਰਿਮ ਜਮਾਨਤ ਦਿੱਤੀ ਸੀ ਕਿਉਂਕਿ ਈਡੀ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਨਿਯਮਿਤ ਜਮਾਨਤ ਪਟੀਸ਼ਨਾਂ 'ਤੇ ਦਲੀਲਾਂ ਪੇਸ਼ ਕਰਨ ਲਈ ਹੋਰ ਸਮਾਂ ਚਾਹੀਦਾ ਹੈ। ਈਡੀ ਵਲੋਂ ਪੇਸ਼ ਦੋਸ਼ ਪੱਤਰ 'ਤੇ ਅਦਾਲਤ ਵਲੋਂ ਨੋਟਿਸ ਲੈਣ ਅਤੇ ਸੰਮਨ ਜਾਰੀ ਕੀਤੇ ਜਾਣ ਮਗਰੋਂ ਤਿੰਨੋਂ ਦੋਸ਼ੀ ਅਦਾਲਤ ਸਾਹਮਣੇ ਪੇਸ਼ ਹੋਏ।

## ਜਿਸ ਨੂੰ 'ਚਾਹ ਵੇਚਣ ਵਾਲਾ' ਕਿਹਾ ਗਿਆ, ਉਸ ਮੋਦੀ ਨੇ ਦੇਸ਼ ਨੂੰ ਵਿਕਾਸ ਦੇ ਰਸਤੇ 'ਤੇ ਪਹੁੰਚਿਆ : ਅਨੁਰਾਗ ਠਾਕੁਰ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 29 ਫਰਵਰੀ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਬੁੱਧਵਾਰ ਨੂੰ ਕਿਹਾ ਕਿ ਭਾਜਪਾ ਨੇ ਜਦੋਂ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਾਇਆ ਸੀ ਤਾਂ ਕਾਂਗਰਸ ਨੇ ਉਨ੍ਹਾਂ ਨੂੰ 'ਚਾਹ ਵੇਚਣ ਵਾਲਾ ਅਤੇ ਪਿਛੜਾ ਵਿਅਕਤੀ' ਕਹਿ ਕੇ ਅਪਮਾਨਤ ਕੀਤਾ ਸੀ ਪਰ ਉਸੇ 'ਈਮਾਨਦਾਰ' ਨੇਤਾ ਨੇ ਦੇਸ਼ ਨੂੰ ਮਜਬੂਤੀ ਨਾਲ ਵਿਕਾਸ ਦੇ ਰਸਤੇ 'ਤੇ ਪਹੁੰਚਾਇਆ। ਠਾਕੁਰ ਨੇ ਇੰਟਰੈਕਟਿਵ ਫੋਰਮ ਆਨ ਇੰਡੀਅਨ ਇਕੋਨਾਮੀ ਵਲੋਂ ਆਯੋਜਿਤ ਰਾਸ਼ਟਰੀ ਆਰਥਿਕ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਵਲੋਂ ਰੱਖਿਆ ਗਿਆ 'ਵਿਕਸਿਤ ਭਾਰਤ' ਦਾ ਵਿਚਾਰ ਚਰਚਾ ਦਾ ਵਿਸ਼ਾ ਬਣ ਗਿਆ ਹੈ, ਜਿਸ 'ਤੇ ਸੰਮੇਲਨ, ਜਨ ਸਭਾਵਾਂ ਅਤੇ ਰਾਜਨੀਤਕ ਰੈਲੀਆਂ 'ਚ ਚਰਚਾ ਹੋ ਰਹੀ ਹੈ। ਭਾਜਪਾ ਦੇ ਸੀਨੀਅਰ ਨੇਤਾ ਨੇ ਕਿਹਾ,"ਵਿਕਸਿਤ ਭਾਰਤ ਸਿਰਫ ਇਕ ਸੁਫਨਾ ਨਹੀਂ ਸਗੋਂ ਇਕ ਸੰਕਲਪ ਹੈ, ਜਿਸ ਨੂੰ ਅਸੀਂ ਹਕੀਕਤ 'ਚ ਬਦਲਣਾ ਹੈ।" ਠਾਕੁਰ ਨੇ ਕਿਹਾ ਕਿ ਸਿਰਫ 10 ਸਾਲ ਪਹਿਲੇ, ਦੇਸ਼ ਘਪਲਿਆਂ, ਕਮਜੋਰ ਆਰਥਿਕਤਾ ਅਤੇ ਗਲੋਬਲ ਪੱਧਰ 'ਤੇ ਡਿੱਗਰੇ ਗ੍ਰਾਫ ਵਿਚਾਲੇ ਸੀ। ਗਠਜੋੜ ਧਰਮ ਦੀ ਪਾਲਣਾ ਸਿਰਫ ਭ੍ਰਿਸ਼ਟਾਚਾਰੀਆਂ ਨੂੰ ਬਚਾਉਣ ਲਈ ਕੀਤੀ ਜਾਂਦੀ ਸੀ। ਦੇਸ਼ ਦਾ ਖਜਾਨਾ ਖਾਲੀ ਹੋ ਰਿਹਾ ਸੀ ਅਤੇ ਨਿਵੇਸ਼ ਵੀ ਘੱਟ ਸੀ। ਇਹ ਕਿਸੇ ਵੀ ਦੇਸ਼ ਲਈ ਚੰਗਾ ਨਹੀਂ ਸੀ। ਨਹਿਰੂ ਦੇ ਸਮੇਂ ਤੋਂ ਦਿੱਤੇ ਜਾ ਰਹੇ



'ਗਰੀਬੀ ਹਟਾਓ' ਦੇ ਨਾਅਰੇ ਦੇ ਬਾਵਜੂਦ ਗਰੀਬ ਹੋਰ ਵੀ ਗਰੀਬ ਹੁੰਦੇ ਜਾ ਰਹੇ ਸਨ।" ਉਨ੍ਹਾਂ ਕਿਹਾ,"ਜਦੋਂ ਭਾਜਪਾ ਨੇ ਨਰਿੰਦਰ ਮੋਦੀ ਨੂੰ ਵਿਕਲਪ ਵਜੋਂ ਪੇਸ਼ ਕੀਤਾ ਤਾਂ ਕਾਂਗਰਸ ਨੇ ਹੈਰਾਨੀ ਜਤਾਈ ਕਿ ਕੀ ਇਕ ਚਾਹ ਵੇਚਣ ਵਾਲਾ ਇਸ ਦੇਸ਼ ਨੂੰ ਚਲਾਏਗਾ ਪਰ ਇਹੀ ਲੋਕਤੰਤਰ ਦੀ ਖੂਬਸੂਰਤੀ ਹੈ। ਇਸ ਨੇ ਕਾਂਗਰਸ ਨੂੰ ਖਾਰਜ ਕਰ ਦਿੱਤਾ ਜੋ ਦੇਸ਼ ਨੂੰ ਵੇਚਣ 'ਤੇ ਲੱਗੀ ਸੀ ਅਤੇ ਇਕ ਈਮਾਨਦਾਰ ਚਾਹ ਵੇਚਣ ਵਾਲੇ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ।" ਠਾਕੁਰ ਨੇ ਕਿਹਾ ਕਿ ਇਹ ਉਹੀ ਈਮਾਨਦਾਰ ਨੇਤਾ ਹਨ, ਜਿਨ੍ਹਾਂ ਨੂੰ ਕਾਂਗਰਸ ਨੇ ਚਾਹ ਵੇਚਣ ਵਾਲੇ ਅਤੇ ਪਿਛੜੇ ਦੇ ਰੂਪ 'ਚ ਅਪਮਾਨਤ ਕੀਤਾ ਅਤੇ ਜਿਸ ਨੇ ਦੇਸ਼ ਨੂੰ ਵਿਕਾਸ ਦੇ ਰਸਤੇ 'ਤੇ ਚਲਾਇਆ ਅਤੇ ਅਯੁੱਧਿਆ 'ਚ ਰਾਮ ਮੰਦਰ 'ਚ ਪ੍ਰਾਣ ਪ੍ਰਤਿਸ਼ਠਾ ਵੀ ਕੀਤੀ। ਠਾਕੁਰ ਨੇ ਕਿਹਾ,"ਅਸੀਂ ਦੇਸ਼ ਨੂੰ ਈਮਾਨਦਾਰੀ ਨਾਲ ਚਲਾਉਣ ਅਤੇ ਦੇਸ਼ ਨੂੰ ਅੱਗੇ ਲਿਜਾਉਣ ਦਾ ਵਾਅਦਾ ਕੀਤਾ ਸੀ ਅਤੇ ਅਸੀਂ ਪਿਛਲੇ 10 ਸਾਲਾਂ 'ਚ ਭ੍ਰਿਸ਼ਟਾਚਾਰ ਮੁਕਤ ਸਰਕਾਰ ਦਿੱਤੀ ਹੈ।" ਉਨ੍ਹਾਂ ਕਿਹਾ ਕਿ ਮੋਦੀ ਨੇ ਦਿਖਾਇਆ ਕਿ ਕਿਵੇਂ ਇਕ ਈਮਾਨਦਾਰ ਨੇਤਾ ਲੋਕਾਂ ਦੇ ਰੁਖ 'ਚ ਤਬਦੀਲੀ ਲਿਆ ਸਕਦਾ ਹੈ। ਠਾਕੁਰ ਨੇ ਕਿਹਾ ਕਿ ਇਕ ਈਮਾਨਦਾਰ ਨੇਤਾ ਦੀ ਅਗਵਾਈ 'ਚ ਭਾਰਤ ਹੁਣ ਬ੍ਰਿਟੇਨ ਨੂੰ ਪਿੱਛੇ ਛੱਡ ਕੇ ਦੁਨੀਆ ਦੀ 5ਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਜੋਂ ਉਭਰਿਆ ਹੈ।

# ਮੋਦੀ ਸਰਕਾਰ ਖਿਲਾਫ ਕਿੰਤੂ-ਪ੍ਰੰਤੂ ਕਰਨ ਲਈ ਕੇਂਦਰੀ ਮੰਤਰੀ ਪੁਰੀ ਨੇ ਹਰਸਿਮਰਤ ਬਾਦਲ 'ਤੇ ਵਿੰਨ੍ਹਿਆ ਨਿਸ਼ਾਨਾ

**ਏਜੰਸੀਆਂ**

ਜਲੰਧਰ/ਦਿੱਲੀ 29 ਫਰਵਰੀਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਅੱਜ ਏਮਜ ਬਠਿੰਡਾ ਦਾ ਆਨਲਾਈਨ ਉਦਘਾਟਨ ਕੀਤੇ ਜਾਣ ਦੇ ਸਮੇਂ ਹਾਜਰ ਅਕਾਲੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੁਆਰਾ ਮੋਦੀ ਸਰਕਾਰ 'ਤੇ ਕਿਸਾਨਾਂ ਦੇ ਮੁੱਦੇ ਨੂੰ ਲੈ ਕੇ ਹਮਲਾ ਕੀਤੇ ਜਾਣ ਨਾਲ ਕੇਂਦਰੀ ਪੈਟ੍ਰੋਲੀਅਮ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਅੱਜ ਹਰਸਿਮਰਤ ਬਾਦਲ ਦਾ ਨਾਂ ਲਏ ਬਿਨਾਂ ਉਨ੍ਹਾਂ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਹਰਦੀਪ ਪੁਰੀ ਨੇ ਕਿਹਾ ਕਿ ਇਸ ਪ੍ਰੋਗਰਾਮ 'ਚ ਉਹ ਵੀ ਵਰਚੁਅਲ ਤੌਰ 'ਤੇ ਹਿੱਸਾ ਲੈ ਰਹੇ ਸਨ ਅਤੇ ਉਨ੍ਹਾਂ ਨੇ ਸੁਣਿਆ ਕਿ ਇਕ ਵਿਅਕਤੀ ਵਿਸ਼ੇਸ਼ ਪੂਰੀ ਤਰ੍ਹਾਂ ਨਾਲ ਸਿਆਸੀ ਭਾਸ਼ਣ ਦੇ ਰਿਹਾ ਹੈ। ਪੁਰੀ ਦਾ ਇਸ਼ਾਰਾ ਸਿੱਧੇ ਤੌਰ 'ਤੇ ਹਰਸਿਮਰਤ ਕੌਰ ਬਾਦਲ ਵੱਲ ਸੀ। ਹਰਦੀਪ ਪੁਰੀ ਨੇ ਬਾਅਦ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਡੀਕਲ ਨਾਲ ਜੁੜੇ ਸਮਾਗਮਾਂ 'ਚ ਅਜਿਹੇ ਵਿਅਕਤੀ ਨੂੰ ਮੈਡੀਕਲ ਤੋਂ ਹਟ ਕੇ ਨਹੀਂ ਬੋਲਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਮੈਡੀਕਲ ਖੇਤਰ ਨਾਲ ਜੁੜੇ ਲੋਕ ਸਹੁੰ ਚੁੱਕ ਕੇ ਮਨੁੱਖੀ ਜੀਵਨ ਦੇ ਪ੍ਰਤੀ ਆਪਣੀ ਨਿਸ਼ਠਾ ਤੇ ਵਚਨਬੱਧਤਾ ਪ੍ਰਗਟ ਕਰਦੇ ਹਨ। ਉਨ੍ਹਾਂ ਦਾ ਸਿਆਸਤ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੁੰਦਾ ਹੈ, ਇਸ ਲਈ ਅਜਿਹੇ ਪ੍ਰੋਗਰਾਮ 'ਚ ਸਿਆਸੀ ਵਿਅਕਤੀ ਵਿਸ਼ੇਸ਼ ਨੂੰ ਸਿਆਸੀ ਟਿੱਪਣੀਆਂ ਨਹੀਂ ਕਰਨੀਆਂ ਚਾਹੀਦੀਆਂ ਸਨ। ਹਰਦੀਪ ਪੁਰੀ ਨੇ ਪ੍ਰਧਾਨ ਮੰਤਰੀ ਦੁਆਰਾ ਕਿਸਾਨਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਗੰਭੀਰਤਾ ਦਿਖਾਉਣ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਅਜਿਹਾ ਨਹੀਂ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਐੱਮ. ਐੱਸ. ਪੀ. 'ਚ ਮੋਦੀ ਸਰਕਾਰ ਨੇ



ਕਈ ਗੁਣਾ ਵਾਧਾ ਕੀਤਾ ਹੈ, ਜਿਸ ਦਾ ਸਿੱਧਾ ਲਾਭ ਕਿਸਾਨਾਂ ਤੇ ਉਨ੍ਹਾਂ ਨੇ ਪਰਿਵਾਰਾਂ ਨੂੰ ਮਿਲਿਆ ਹੈ। ਉਨ੍ਹਾਂ ਨੇ ਕਿਹਾ ਕਿ ਪੀ. ਐੱਮ. ਕਿਸਾਨ ਸਨਮਾਨ ਯੋਜਨਾ ਦੇ ਤਹਿਤ ਵੀ ਕਿਸਾਨਾਂ ਨੂੰ ਲਾਭ ਮਿਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਬਠਿੰਡਾ ਏਮਜ ਦੇ ਉਦਘਾਟਨ ਪ੍ਰੋਗਰਾਮ 'ਚ ਅਜਿਹੀਆਂ ਸਿਆਸੀ ਟਿੱਪਣੀਆਂ ਮੰਦਭਾਗੀਆਂ ਹਨ ਅਤੇ ਉਹ ਇਸ ਦੀ ਸਖਤ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਕ ਸੂਝਵਾਨ ਸਿਆਸਤਦਾਨ ਨੂੰ ਆਪਣੀ ਸਿਆਸੀ ਨਿਰਾਸਾ ਨੂੰ ਪ੍ਰਗਟ ਕਰਨ ਲਈ ਅਜਿਹੇ ਮੌਕਿਆਂ ਦੇ ਇਸਤੇਮਾਲ ਤੋਂ ਬਚਣਾ ਚਾਹੀਦਾ ਸੀ। ਲੋਕ ਸਭਾ ਚੋਣਾਂ ਨੂੰ ਲੈ ਕੇ ਇਕ ਪਾਸੇ ਜਿੱਥੇ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਗੱਠਜੋੜ ਹੋਣ ਦੇ ਕਿਆਸ ਲਗਾਏ ਜਾ ਰਹੇ ਹਨ ਤਾਂ ਦੂਜੇ ਪਾਸੇ ਹਰਸਿਮਰਤ ਬਾਦਲ ਦੁਆਰਾ ਅੱਜ ਕੀਤੀਆਂ ਗਈਆਂ ਟੱਪਣੀਆਂ ਨਾਲ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਾਰਾਜ ਦਿਖਾਈ ਦੇ ਰਹੀ ਹੈ। ਕੇਂਦਰੀ ਮੰਤਰੀ ਹਰਦੀਪ ਪੁਰੀ ਦੀ ਟਿੱਪਣੀ ਨੂੰ ਵੀ ਇਸੇ ਸੰਦਰਭ 'ਚ ਦੇਖਿਆ ਜਾ ਰਿਹਾ ਹੈ। ਭਾਜਪਾ ਲੀਡਰਾਂ ਦਾ ਮੰਨਣਾ ਹੈ ਕਿ ਜੇਕਰ ਅਕਾਲੀ ਲੀਡਰਾਂ ਨੇ ਇਸੇ ਤਰ੍ਹਾਂ ਨਾਲ ਆਪਣੀ ਬਿਆਨਬਾਜੀ ਜਾਰੀ ਰੱਖੀ ਤਾਂ ਫਿਰ ਪੰਜਾਬ 'ਚ ਭਾਜਪਾ ਅਤੇ ਅਕਾਲੀ ਦਲ ਦੇ ਦਰਮਿਆਨ ਗੱਠਜੋੜ 'ਤੇ ਸਵਾਲੀਆ ਨਿਸ਼ਾਨ ਪੂਰੀ ਤਰ੍ਹਾਂ ਲੱਗ ਜਾਏਗਾ।

## ਹਿਮਾਚਲ ਦੇ ਲੋਕਾਂ ਦੇ ਅਧਿਕਾਰ ਨੂੰ ਕੁਚਲਣਾ ਚਾਹੁੰਦੀ ਹੈ ਭਾਜਪਾ: ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ 29 ਫਰਵਰੀ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਬੁੱਧਵਾਰ ਨੂੰ ਦੋਸ਼ ਲਾਇਆ ਕਿ ਹਿਮਾਚਲ ਪ੍ਰਦੇਸ਼ 'ਚ ਭਾਜਪਾ ਪਾਰਟੀ ਲੋਕਾਂ ਦੇ ਅਧਿਕਾਰਾਂ ਨੂੰ ਕੁਚਲਣਾ ਚਾਹੁੰਦੀ ਹੈ ਅਤੇ ਬਹੁਮਤ ਨੂੰ ਚੁਣੌਤੀ ਦੇ ਰਹੀ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਭਾਜਪਾ ਹਿਮਾਚਲ ਪ੍ਰਦੇਸ਼ ਨੂੰ ਸਿਆਸੀ ਸੰਕਟ ਵਿਚ ਧਕੇਲਣਾ ਚਾਹੁੰਦੀ ਹੈ। ਹਿਮਾਚਲ ਪ੍ਰਦੇਸ਼ ਵਿਚ ਰਾਜ ਸਭਾ ਦੀ ਇਕ ਸੀਟ 'ਤੇ ਪਈਆਂ ਵੋਟਾਂ ਵਿਚ ਕਾਂਗਰਸ ਦੇ 6 ਵਿਧਾਇਕਾਂ ਵਲੋਂ ਕਰਾਸ ਵੋਟਿੰਗ ਕੀਤੇ ਜਾਣ ਮਗਰੋਂ ਭਾਜਪਾ ਨੇ ਸੀਟ 'ਤੇ ਜਿੱਤ ਹਾਸਲ ਕੀਤੀ ਸੀ ਅਤੇ ਉਸ ਤੋਂ ਬਾਅਦ ਸੂਬੇ ਵਿਚ ਸਿਆਸੀ ਸੰਕਟ ਪੈਦਾ ਹੋ ਗਿਆ। ਪ੍ਰਿਯੰਕਾ ਗਾਂਧੀ ਨੇ 'ਐਕਸ' 'ਤੇ ਲਿਖਿਆ ਕਿ ਲੋਕਤੰਤਰ 'ਚ ਆਮ ਜਨਤਾ ਨੂੰ ਆਪਣੀ ਪਸੰਦ ਦੀ ਸਰਕਾਰ ਚੁਣਨ ਦਾ ਅਧਿਕਾਰ ਹੈ। ਹਿਮਾਚਲ ਦੀ ਜਨਤਾ ਨੇ ਆਪਣੇ ਇਸੇ ਅਧਿਕਾਰ ਦਾ ਇਸਤੇਮਾਲ ਕੀਤਾ ਅਤੇ ਸਪੱਸ਼ਟ ਬਹੁਮਤ ਨਾਲ ਕਾਂਗਰਸ ਦੀ ਸਰਕਾਰ ਬਣਾਈ ਪਰ ਭਾਜਪਾ ਪੈਸਿਆਂ ਦੇ ਜੋਰ 'ਤੇ, ਏਜੰਸੀਆਂ ਦੀ ਤਾਕਤ ਅਤੇ ਕੇਂਦਰ ਦੀ ਸੱਤਾ ਦੀ ਦੁਰਵਰਤੋਂ ਕਰ ਕੇ ਹਿਮਾਚਲ ਵਾਸੀਆਂ ਦੇ ਇਸ ਅਧਿਕਾਰ ਨੂੰ ਕੁਚਲਣਾ ਚਾਹੁੰਦੀ ਹੈ। ਜਿਸ ਤਰ੍ਹਾਂ ਭਾਜਪਾ ਇਸ ਮਕਸਦ ਲਈ ਸਰਕਾਰੀ ਸੁਰੱਖਿਆ ਅਤੇ ਮਸੀਨਰੀ ਦੀ ਵਰਤੋਂ ਕਰ ਰਹੀ



ਹੈ, ਉਹ ਦੇਸ ਦੇ ਇਤਿਹਾਸ ਵਿਚ ਬੇਮਿਸਾਲ ਹੈ। ਜੇਕਰ 25 ਵਿਧਾਇਕਾਂ ਵਾਲੀ ਪਾਰਟੀ 43 ਵਿਧਾਇਕਾਂ ਦੀ ਬਹੁਮਤ ਨੂੰ ਚੁਣੌਤੀ ਦੇ ਰਹੀ ਹੈ ਤਾਂ ਇਸ ਦਾ ਸਪੱਸਟ ਮਤਲਬ ਇਹ ਹੈ ਕਿ ਉਹ ਨੁਮਾਇੰਦਿਆਂ ਦੀ ਖਰੀਦ-ਫਰੋਖਤ 'ਤੇ ਨਿਰਭਰ ਹੈ। ਉਨ੍ਹਾਂ ਦਾ ਇਹ ਰਵੱਈਆ ਅਨੈਤਿਕ ਅਤੇ ਗੈਰ-ਸੰਵਿਧਾਨਕ ਹੈ।

# ਅੰਬੈਸਡਰ ਰਚਿਤਾ ਭੰਡਾਰੀ ਦੀ ਜਮੀਨ ਦੀ ਜਾਅਲੀ ਰਜਿਸਟਰੀ ਦਾ ਮਾਮਲਾ ਸੁਲਝਾਉਣਾ ਪੁਲਸ ਲਈ ਵੱਡੀ ਚੁਣੌਤੀ

ਅੰਮ੍ਰਿਤਸਰ 29 ਫਰਵਰੀ। ਜਰਮਨੀ ਵਿਚ ਭਾਰਤ ਦੀ ਅੰਬੈਸਡਰ ਮੈਡਮ ਰਚਿਤਾ ਭੰਡਾਰੀ ਦੀ ਪਿੰਡ ਹੇਰ ਸਥਿਤ 588 ਗਜ ਜਮੀਨ ਦੀ ਜਾਅਲੀ ਰਜਿਸਟਰੀ ਕਰਵਾਉਣ ਦੇ ਮਾਮਲੇ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਆਖਿ?ਰ ਇਹ ਜਾਅਲੀ ਰਚਿਤਾ ਭੰਡਾਰੀ ਬਣਨ ਵਾਲੀ ਔਰਤ ਕੌਣ ਹੈ ਅਤੇ ਕਿਸ ਦੇ ਕਹਿਣ 'ਤੇ ਉਹ ਔਰਤ ਰਚਿਤਾ ਭੰਡਾਰੀ ਬਣੀ ਇਹ ਵੱਡਾ ਸਵਾਲ ਹੈ ਅਤੇ ਫਿਲਹਾਲ ਇਸ ਮਾਮਲੇ ਦਾ ਭੇਤ ਸੁਲਝਾਉਣਾ ਪੁਲਸ ਲਈ ਵੱਡੀ ਚੁਣੌਤੀ ਹੈ। ਇੰਨਾ ਹੀ ਨਹੀਂ ਜਾਅਲੀ ਆਧਾਰ ਕਾਰਡ ਅਤੇ ਆਈ. ਡੀ. ਕਿਵੇਂ ਤਿਆਰ ਹੋ ਰਹੇ ਹਨ, ਇਹ ਵੀ ਇਕ ਵੱਡਾ ਸਵਾਲ ਹੈ ਅਤੇ ਪ੍ਰਸਾਸਨਿਕ ਅਧਿਕਾਰੀਆਂ ਲਈ ਇਹ ਜਾਣਨਾ ਬਹੁਤ ਜਰੂਰੀ ਹੈ ਕਿ ਕੌਣ-ਕੌਣ ਜਾਅਲੀ ਆਧਾਰ ਕਾਰਡ ਅਤੇ ਆਈ. ਡੀ. ਤਿਆਰ ਕਰ ਕੇ ਜਮੀਨਾਂ ਦੀਆਂ ਜਾਅਲੀ ਰਜਿਸਟਰੀਆਂ ਕਰਨ ਦਾ ਗੜਬੜੀ ਕਰ ਰਿਹਾ ਹੈ ਪਰ ਅਜਿਹਾ ਤਾਂ ਹੀ ਸੰਭਵ ਹੈ, ਜਦੋਂ ਇਸ ਮਾਮਲੇ ਵਿਚ ਸਾਮਲ ਮੁਲਜਮਾਂ ਨੂੰ ਪੁਲਸ ਨੇ ਫੜ ਲਿਆ। ਉਨ੍ਹਾਂ ਮੁਲਜਮਾਂ ਵਿਚ ਨਕਲੀ ਰਚਿਤ ਭੰਡਾਰੀ, ਖਰੀਦਦਾਰ ਸੇਰ ਸਿੰਘ, ਵਸੀਕਾ ਨਵੀਸ ਆਸੂ, ਗਵਾਹ ਜੇਮਸ ਹੰਸ ਅਤੇ ਨੰਬਰਦਾਰ ਰੁਪਿੰਦਰ ਕੌਰ ਅਤੇ ਨਰਾਇਣ ਸਿੰਘ ਪੁਲਸ ਦੀ ਗ੍ਰਿਫਤ ਵਿਚ ਆਏ ਤਾਂ ਹੀ ਇਹ ਪਤਾ ਲੱਗਾ ਸਕੇਗਾ ਕਿ ਇਸ ਸਾਰੀ ਯੋਜਨਾ ਪਿੱਛੇ ਇਹ ਮੁੱਖ ਸਾਜਿ?ਸ ਕਰਤਾ ਹੈ ਜਾਂ ਫਿਰ ਕੋਈ ਹੋਰ ਲੈਂਡ-ਮਾਫੀਆ ਪਰਦੇ ਦੇ ਪਿੱਛੇ ਕੰਮ ਕਰ ਰਿਹਾ ਹੈ। ਵਿਭਾਗੀ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਟੀਮ ਨੇ ਮੁਲਜਮ ਸੇਰ ਸਿੰਘ ਦੇ ਘਰ ਛਾਪਾ ਮਾਰਿਆ ਪਰ ਉਹ ਪਹਿਲਾਂ ਹੀ ਫਰਾਰ ਸੀ ਅਤੇ ਕਈ ਦਿਨਾਂ ਤੋਂ ਰੂਪੋਸ ਚੱਲ ਰਿਹਾ ਸੀ, ਜਦਕਿ ਵਸੀਕਾ ਨਵੀਸ ਆਸੂ ਅਤੇ ਹੋਰ ਮੁਲਜਮ ਵੀ ਮੌਜੂਦਾ ਸਮੇਂ ਵਿਚ ਰੂਪੋਸ ਚੱਲ ਰਹੇ ਹਨ, ਹਾਲਾਂਕਿ ਜਾਅਲੀ ਰਜਿਸਟਰੀ ਸਬ-ਰਜਿਸਟਰਾਰ ਦਫਤਰ 3 ਵਿਚ 25 ਅਗਸਤ 2022 ਨੂੰ ਹੋਈ ਸੀ, ਜਦਕਿ ਪੁਲਸ ਨੇ ਡੀ. ਸੀ ਘਣਸਾਮ ਥੋਰੀ ਦੀ ਸਿਫਾਰਸ 'ਤੇ ਪੁਲਸ ਕਮਿਸਨਰ ਗੁਰਪ੍ਰੀਤ ਸਿੰਘ ਭੁੱਲਰ ਦੇ ਹੁਕਮਾਂ ਅਨੁਸਾਰ 25 ਜਨਵਰੀ 2024 ਨੂੰ ਕੇਸ ਦਰਜ ਕੀਤਾ ਸੀ। ਪੁਲਸ ਨੇ ਨਾ ਤਾਂ ਫਰਜੀ ਰਚਿਤ ਭੰਡਾਰੀ ਨੂੰ ਫੜਿਆ ਹੈ ਅਤੇ ਨਾ ਹੀ ਖਰੀਦਦਾਰ ਸੇਰ ਸਿੰਘ ਅਤੇ ਹੋਰ ਮੁਲਜਮਾਂ ਨੂੰ, ਹਾਲਾਂਕਿ ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਮਾਮਲੇ ਦੇ ਬਹੁਤ ਕਰੀਬ ਹਨ। ਜਦੋਂ ਫਰਜੀ ਰਚਿਤਾ ਭੰਡਾਰੀ ਰਜਿਸਟਰੀ ਕਰਵਾਉਣ ਆਈ ਤਾਂ ਉਸ ਸਮੇਂ ਕੈਮਰੇ ਵੱਲ ਦੇਖਣ ਦੀ ਬਜਾਏ ਉਸ ਨੇ ਆਪਣਾ ਚਿਹਰਾ ਦੂਜੇ ਪਾਸੇ ਰੱਖਿਆ ਅਤੇ ਸਿਰ ਵੀ ਢੱਕਿਆ ਹੋਇਆ ਸੀ ਤਾਂ ਜੋ ਉਸ ਦਾ ਪੂਰਾ ਚਿਹਰਾ ਕੈਮਰੇ ਵਿਚ ਨਾ ਆ ਸਕੇ ਅਤੇ ਉਸ ਦੀ ਪਹਿਚਾਣ ਅਤੇ ਅਸਲੀ ਚਿਹਰਾ ਕਿਸੇ ਨੂੰ ਪਤਾ ਨਾ ਲੱਗ ਸਕੇ। ਇਸ ਤਰ੍ਹਾਂ ਦੇ ਮਾਮਲਿਆਂ ਵਿਚ ਆਮ ਤੌਰ 'ਤੇ ਜਦੋਂ ਰਜਿਸਟਰੀ ਕਰਵਾਉਣ ਲਈ ਫੋਟੋ ਕੀਤੀ ਜਾਂਦੀ ਹੈ ਅਤੇ ਬਕਾਇਦਾ ਰਜਿਸਟਰੀ ਦਫਤਰ ਵਿਚ ਤਾਇਨਾਤ ਕਰਮਚਾਰੀਆਂ ਵਲੋਂ ਸਾਰਿਆਂ ਦਾ ਮੂੰਹ ਸਿੱਧਾ ਕਰਵਾਇਆ ਜਾਂਦਾ ਹੈ ਪਰ ਇਸ ਵਿਚ ਸਬੰਧਤ ਮੁਲਾਜਮ ਵਲੋਂ ਗਲਤੀ ਹੋਈ ਹੈ। ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਭੂ-ਮਾਫੀਆ ਮੁੱਖ ਤੌਰ 'ਤੇ ਐੱਨ. ਆਈ. ਆਰ. ਲੋਕਾਂ ਦੀਆਂ ਜਮੀਨਾਂ 'ਤੇ ਕਬਜਾ ਕਰਦਾ ਹੈ, ਜੋ ਵਿਦੇਸਾਂ ਵਿਚ ਹੋਣ ਕਾਰਨ ਕਈ-ਕਈ ਸਾਲਾਂ ਤੋਂ ਆਪਣੀ ਜਮੀਨ ਦੇਖਣ ਲਈ ਨਹੀਂ ਆ ਸਕਦੇ ਹਨ ਅਤੇ ਲਾਵਾਰਿਸ ਜਮੀਨ 'ਤੇ ਭੂ-ਮਾਫੀਆ ਦੀ ਨਜਰ ਆ ਜਾਂਦੀ ਹੈ ਪਰ ਇਸ ਮਾਮਲੇ ਵਿਚ ਮਾਲ ਵਿਭਾਗ ਦੇ ਕੁਝ ਕਰਮਚਾਰੀਆਂ ਦੀ ਸ਼ਾਮਲ ਹੋਣ ਦੀ ਪੂਰੀ ਸੰਭਾਵਨਾ ਹੈ ਅਤੇ ਕਈ ਮਾਲ ਪਟਵਾਰੀਆਂ ਨੂੰ ਡੀ. ਸੀ. ਵੱਲੋਂ ਸਮੇਂ-ਸਮੇਂ 'ਤੇ ਮੁਅੱਤਲ ਵੀ ਕੀਤਾ ਜਾ ਚੁੱਕਾ ਹੈ। ਅੰਬੈਸਡਰ ਰਚਿਤਾ ਭੰਡਾਰੀ ਦੀ ਜਮੀਨ ਦੀ ਫਰਜੀ ਰਜਿਸਟਰੀ ਕਰਵਾਉਣ ਵਾਲਿਆਂ ਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਸੀ ਕਿ ਜਿਸ ਜਮੀਨ ਦੀ ਜਾਅਲੀ ਰਜਿਸਟਰੀ ਕਰਵਾਉਣ ਜਾ ਰਹੇ ਹਨ, ਉਸ ਦੀ ਅਸਲੀ ਮਾਲਕ ਕੌਣ ਹੈ ਪਰ ਜਿਸ ਤਰ੍ਹਾਂ ਦੀ ਬੇਖੌਫੀ ਦੇ ਨਾਲ ਸਾਜਿਸ਼ਕਰਤਾ ਨੇ ਜਾਅਲੀ ਰਜਿਸਟਰੀ ਕਰਵਾਈ ਉਸ ਨਾਲ ਇਹ ਸਵਾਲ ਖੜ੍ਹਾ ਹੋ ਰਿਹਾ ਹੈ ਕਿ ਜੇਕਰ ਇਕ ਭਾਰਤ ਦੀ ਰਾਜਦੂਤ ਦੀ ਜਮੀਨ ਸੁਰੱਖਿਅਤ ਨਹੀਂ ਹੈ ਤਾਂ ਆਮ ਜਨਤਾ ਦੀ ਜਮੀਨ ਜਾਇਦਾਦ ਕਿੱਥੋਂ ਤੱਕ ਸੁਰੱਖਿਅਤ ਹੈ।

## ਮੋਟਰਸਾਈਕਲ ਤੇ ਕਾਰ ਵਿਚਾਲੇ ਹੋਈ ਭਿਆਨਕ ਟੱਕਰ, ਬਾਈਕ ਸਵਾਰ ਭੈਣ ਦੀ ਮੌਕੇ 'ਤੇ ਹੋਈ ਮੌਤ

ਬਰੇਟਾ 29 ਫਰਵਰੀ। ਬੁਢਲਾਡਾ ਮੁੱਖ ਸੜਕ 'ਤੇ ਗੈਸ ਏਜੰਸੀ ਦੇ ਨਜਦੀਕ ਮੋਟਰਸਾਈਕਲ ਤੇ ਕਾਰ ਵਿਚਕਾਰ ਹੋਈ ਭਿਆਨਕ ਟੱਕਰ 'ਚ ਮੋਟਰਸਾਇਕਲ ਸਵਾਰ ਭੈਣ-ਭਰਾ ਵਿੱਚੋਂ ਭੈਣ ਦੀ ਮੋਕੇ 'ਤੇ ਮੌਤ ਹੋ ਜਾਣ ਜੀ ਜਾਣਕਾਰੀ ਪ੍ਰਾਪਤ ਹੋਈ ਹੈ, ਜਦਕਿ ਭਰਾ ਗੰਭੀਰ ਰੂਪ 'ਚ ਜਖਮੀ ਹੋ ਗਿਆ ਹੈ। ਜਾਣਕਾਰੀ ਅਨੁਸਾਰ ਪੁਲਸ ਦੇ ਸਹਾਇਕ ਸਬ ਇੰਸਪੈਕਟਰ ਦਰਸ਼ਨ ਸਿੰਘ ਅਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਮੇਜਰ ਸਿੰਘ ਗੋਬਿੰਦਪੁਰਾ ਤੇ ਹੋਰਨਾਂ ਨੇ ਦੱਸਿਆ ਕਿ ਇਸ ਦੁਰਘਟਨਾ ਵਿੱਚ ਬਲਵਿੰਦਰ ਸਿੰਘ (24) ਅਤੇ ਸੁਖਵਿੰਦਰ ਕੋਰ (21) ਵਾਸੀ ਗੋਬਿੰਦਪੁਰਾ ਬੁਢਲਾਡਾ ਰੋਡ 'ਤੇ ਬਰੇਟਾ ਵੱਲ ਮੋਟਰਸਾਈਕਲ ਅਤੇ ਕਾਰ ਵਿਚਾਲੇ ਹੋਏ ਹਾਦਸੇ ਦਾ ਸ਼ਿਕਾਰ ਹੋ ਗਏ। ਇਸ ਦੌਰਾਨ ਮੋਟਰਸਾਈਕਲ ਸਵਾਰ ਸੁਖਵਿੰਦਰ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦੇ ਭਰਾ ਬਲਵਿੰਦਰ ਸਿੰਘ ਨੂੰ ਗੰਭੀਰ ਜਖਮੀ ਹਾਲਤ ਵਿੱਚ ਪਟਿਆਲਾ ਦੇ ਹਸਪਤਾਲ ਵਿਖੇ ਰਵਾਨਾ ਕਰ ਦਿੱਤਾ ਗਿਆ ਹੈ। ਜਖਮੀ ਭਰਾ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ਅਤੇ ਮ੍ਰਿਤਕਾ ਦੀ ਲਾਸ਼ ਨੂੰ ਪੋਸਮਾਰਟਮ ਲਈ ਹਸਪਤਾਲ ਬੁਢਲਾਡਾ ਭੇਜਿਆ ਗਿਆ ਹੈ। ਥਾਣਾ ਮੁਖੀ ਬੂਟਾ ਸਿੰਘ ਨੇ ਦੱਸਿਆ ਕਿ ਸਹਾਇਕ ਸਬ ਇੰਸਪੈਕਟਰ ਦਰਸਨ ਸਿੰਘ ਨੇ ਹਾਦਸਾਗ੍ਰਸਤ ਕਾਰ ਤੇ ਮੋਟਰਸਾਈਕਲ ਨੂੰ ਕਬਜੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਚਾਂਦੀ ਦੀਆਂ ਕੀਮਤਾਂ ਵਿਚ ਆਈ ਗਿਰਾਵਟ, ਜਾਣੋ 10 ਗ੍ਰਾਮ ਸੋਨੇ ਦਾ ਰੇਟ

ਬਿਜਨੈੱਸ ਡੈਸਕ 29 ਫਰਵਰੀ। ਵਿਦੇਸੀ ਬਾਜਾਰਾਂ 'ਚ ਕਮਜੋਰ ਰੁਖ ਵਿਚਾਲੇ ਰਾਸਟਰੀ ਰਾਜਧਾਨੀ ਦੇ ਸਰਾਫਾ ਬਾਜਾਰ 'ਚ ਸੁੱਕਰਵਾਰ ਨੂੰ ਸੋਨੇ ਦੀ ਕੀਮਤ 80 ਰੁਪਏ ਡਿੱਗ ਕੇ 62,720 ਰੁਪਏ ਪ੍ਰਤੀ 10 ਗ੍ਰਾਮ 'ਤੇ ਆ ਗਈ ਹੈ। ਇਸ ਗੱਲ ਦੀ ਜਾਣਕਾਰੀ ਸਕਿਓਰਿਟੀਜ ਵਲੋਂ ਦਿੱਤੀ ਗਈ



ਹੈ। ਦੱਸ ਦੇਈਏ ਕਿ ਪਿਛਲੇ ਕਾਰੋਬਾਰੀ ਸੈਸਨ 'ਚ ਸੋਨਾ 62,800 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ ਸੀ। ਚਾਂਦੀ ਦੀ ਕੀਮਤ ਵੀ 700 ਰੁਪਏ ਡਿੱਗ ਕੇ 74,500 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਆ ਗਈ ਸੀ। ਪਿਛਲੇ ਕਾਰੋਬਾਰੀ ਸੈਸਨ 'ਚ ਇਹ 75,200 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਸੀ। ਐੱਚ.ਡੀ.ਐੱਫ.ਸੀ. ਸਕਿਓਰਿਟੀਜ ਦੇ ਸੀਨੀਅਰ ਵਿਸਲੇਸਕ (ਵਸਤੂ) ਸੌਮਿਲ ਗਾਂਧੀ ਨੇ ਇਸ ਸਬੰਧ ਵਿਚ ਕਿਹਾ, "ਵਿਦੇਸੀ ਬਾਜਾਰਾਂ 'ਚ ਤੇਜੀ ਦੇ ਦੌਰਾਨ ਦਿੱਲੀ ਦੇ ਬਾਜਾਰਾਂ 'ਚ ਸੋਨੇ (24 ਕੈਰੇਟ) ਦੀ ਸਪਾਟ ਕੀਮਤ 62,720 ਰੁਪਏ ਪ੍ਰਤੀ 10 ਗ੍ਰਾਮ 'ਤੇ ਰਹੀ, ਜੋ ਕਿ ਪਿਛਲੀ ਬੰਦ ਕੀਮਤ ਦੇ ਮੁਕਾਬਲੇ 80 ਰੁਪਏ ਘੱਟ ਹੈ।" ਅੰਤਰਰਾਸਟਰੀ ਬਾਜਾਰ ਕਾਮੈਕਸ 'ਚ ਹਾਜਿ?ਰ ਸੋਨਾ ਗਿਰਾਵਟ ਦੇ ਨਾਲ 2,019 ਡਾਲਰ ਪ੍ਰਤੀ ਔਂਸ 'ਤੇ ਆ ਗਿਆ, ਜੋ ਪਿਛਲੀ ਬੰਦ ਕੀਮਤ ਤੋਂ ਅੱਠ ਡਾਲਰ ਘੱਟ ਹੈ। ਇਸ ਦੇ ਨਾਲ ਹੀ ਚਾਂਦੀ ਦੀਆਂ ਕੀਮਤਾਂ ਵੀ ਡਿੱਗ ਕੇ 22.60 ਡਾਲਰ ਪ੍ਰਤੀ ਔਂਸ 'ਤੇ ਰਹੀਆਂ, ਜੋ ਕੱਲ੍ਹ 23 ਡਾਲਰ ਪ੍ਰਤੀ ਔਂਸ 'ਤੇ ਬੰਦ ਹੋਈਆਂ ਸਨ।

## ਫਿਲੌਰ 'ਚ ਦਿਨ-ਦਿਹਾੜੇ ਦੋ ਧਿਰਾਂ ਵਿਚਾਲੇ ਹੋਈ ਤਕਰਾਰ, ਚੱਲੀਆਂ ਗੋਲੀਆਂ

ਫਿਲੌਰ 29 ਫਰਵਰੀ। ਫਿਲੌਰ ਵਿਖੇ ਸਹਿਰ ਵਿੱਚ ਉਸ ਸਮੇਂ ਮਾਹੌਲ ਤਨਾਵਪੂਰਨ ਹੋ ਗਿਆ ਜਦੋਂ ਪੁਰਾਣੀ ਰੰਜਿ?ਸ ਨੂੰ ਲੈ ਕੇ ਵਿਜੈ ਅਤੇ ਸਿ?ਵਾ ਗੈਂਗ ਵਿੱਚ ਲੜਾਈ ਹੋ ਗਈ। ਇਹ ਝਗੜਾ ਇੰਨਾ ਵਧ ਗਿਆ ਕਿ ਗੋਲੀਆਂ ਤੱਕ ਚਲਾ ਦਿੱਤੀਆਂ ਗਈਆਂ। ਝਗੜੇ ਦੌਰਾਨ ਵਿਜੇ ਗੈਂਗ ਦੇ ਮੁੰਡੇ ਨੂੰ ਗੋਲੀ ਲੱਗ ਗਈ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾਇਆ ਗਿਆ। ਇਥੇ ਹਾਲਤ ਜਿ?ਆਦਾ ਨਾਜੁਕ ਹੋਣ ਕਾਰਨ ਲੁਧਿਆਣਾ ਦੇ ਡੀ. ਐੱਮ. ਸੀ. ਹਸਪਤਾਲ ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਜਖਮੀ ਦੀ ਪਛਾਣ ਸੰਜੂ



ਮਸੀਹ ਪੁੱਤਰ ਕਾਲੂ ਮਸੀਹ ਵਾਸੀ ਮੁਹੱਲਾ ਮਲਾਹਾ, ਉੱਚੀ ਘਾਟੀ ਵਜੋਂ ਹੋਈ ਹੈ। ਲੜਾਈ ਦੀ ਖਬਰ ਮਿਲਦਿਆਂ ਹੀ ਮੁਹੱਲਾ ਉੱਚੀ ਘਾਟੀ ਦੇ ਸੈਂਕੜੇ ਲੋਕ ਮਹਿਲਾਵਾਂ ਸਮੇਤ ਥਾਣਾ ਫਿਲੌਰ ਅਤੇ ਸਿਵਲ ਹਸਪਤਾਲ ਫਿਲੌਰ ਵਿਖੇ ਪਹੁੰਚ ਗਏ। ਹਸਪਤਾਲ ਵਿਖੇ ਮੌਜੂਦ ਜਖਮੀ ਸੰਜੂ ਮਸੀਹ ਦੇ ਮਾਸੀ ਦੇ ਮੁੰਡੇ ਵਿਜੇ ਮਸੀਹ ਨੇ ਦੱਸਿਆ ਕਿ ਉਹ ਮਾਨਯੋਗ ਅਦਾਲਤ ਵਿੱਚ ਕਿਸੇ ਕੇਸ ਦੀ ਤਾਰੀਖ ਭੁਗਤ ਕੇ ਘਰ ਵਾਪਸ ਜਾ ਰਹੇ ਸਨ ਕਿ ਮੁਹੱਲਾ ਮਿੱਠਾ ਖੂਹ ਵਿਖੇ ਪਹੁੰਚੇ ਤਾਂ ਇਥੇ ਖੜ੍ਹੇ ਸਿ?ਵਾ ਪੁਤੱਰ ਸੱਤਪਾਲ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਸੰਜੂ ਦੇ ਗੋਲੀ ਵੱਜ ਗਈ ਅਤੇ ਉਸ ਨੇ ਭੱਜ ਕੇ ਆਪਣੀ ਜਾਨ ਬਚਾਈ। ਦੂਜੇ ਪਾਸੇ ਸਿ?ਵਾ ਦੀ ਮਾਤਾ ਤਾਰਾ ਰਾਣੀ ਨੇ ਦੱਸਿਆ ਕਿ ਵਿਜੇ ਮਸੀਹ ਨੇ ਪਹਿਲਾ ਵੀ ਸਾਡੇ ਘਰ 'ਤੇ ਹਮਲਾ ਕੀਤਾ ਸੀ ਅਤੇ ਅੱਜ ਸੋਮਵਾਰ ਨੂੰ ਵੀ ਵਿਜੇ ਨੇ ਆਪਣੇ ਹੋਰਨਾਂ ਸਾਥੀਆਂ ਨਾਲ ਸਾਡੇ ਘਰ 'ਤੇ ਹਮਲਾ ਕਰਕੇ ਮੇਰੇ ਪੁੱਤਰ ਸਿ?ਵਾ ਦੀ ਕੁੱਟਮਾਰ ਕਰਨੀ ਸੁਰੂ ਕਰ ਦਿੱਤੀ। ਉਨ੍ਹਾਂ ਗੋਲੀ ਚਲਾਉਣ ਦੀ ਗੱਲ 'ਤੇ ਕਿਹਾ ਕਿ ਸੰਜੂ ਉੱਪਰ ਗੋਲੀ ਉਸ ਦੇ ਸਾਥੀ ਵਿਜੇ ਨੇ ਹੀ ਚਲਾਈ ਹੈ।

# ਦੁਕਾਨ 'ਚੋਂ 10 ਲੱਖ ਦੀ ਕੀਮਤ ਦੀਆਂ ਬੈਟਰੀਆਂ ਸਣੇ ਹੋਰ ਸਾਮਾਨ ਚੋਰੀ

ਨੂਰਪੁਰਬੇਦੀ 29 ਫਰਵਰੀ। ਭਾਵੇਂ ਪੁਲਸ ਵੱਲੋਂ ਰਾਤ ਸਮੇਂ ਗਸ਼ਤ ਤੇਜ਼ ਕੀਤੇ ਜਾਣ ਦੇ ਹਰ ਸਮੇਂ ਦਾਅਵੇ ਕੀਤੇ ਜਾਂਦੇ ਹਨ ਪਰ ਬੀਤੀ ਰਾਤ ਨੂਰਪੁਰਬੇਦੀ-ਰੂਪਨਗਰ ਮੁੱਖ ਮਾਰਗ ਜਿੱਥੋਂ ਕਿ ਹਰ ਸਮੇਂ ਭਾਰੀ ਟ੍ਰੈਫਿਕ ਗੁਜ਼ਰਦੀ ਹੈ, ਵਿਖੇ ਪਿੰਡ ਆਜਮਪੁਰ ਸਥਿਤ ਇਕ ਦੁਕਾਨ 'ਚੋਂ ਚੋਰ ਸ਼ਟਰ



ਉਖਾਡ ਕੇ ਅੰਦਰ ਪਏ ਲੱਖਾਂ ਦੀ ਕੀਮਤ ਦੇ ਸੋਲਰ, ਇਨਵਰਟਰ, ਦੋਪਹੀਆ ਅਤੇ ਭਾਰੀ ਵਾਹਨਾਂ 'ਚ ਲੱਗਣ ਵਾਲੇ ਬੈਟਰੇ ਅਤੇ ਬੈਟਰੀਆਂ ਸਣੇ ਹੋਰ ਸਾਮਾਨ ਚੋਰੀ ਕਰਕੇ ਰਫੂਚੱਕਰ ਹੋ ਗਏ। ਉਕਤ ਦੁਕਾਨ ਦੇ ਨਾਲ ਲੱਗਦੀ ਇਕ ਹੋਰ ਕਾਰਪੇਂਟਰ ਦੀ ਦੁਕਾਨ ਨੂੰ ਵੀ ਚੋਰਾਂ ਨੇ ਨਿਸ਼ਾਨਾ ਬਣਾਇਆ। ਇਕੋ ਸਮੇਂ 2 ਦੁਕਾਨਾਂ 'ਚ ਚੋਰੀ ਦੀ ਵਾਰਦਾਤ ਨੇ ਲੋਕਾਂ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨੂਰਪੁਰਬੇਦੀ ਸ਼ਹਿਰ ਤੋਂ ਕੁਝ ਦੂਰੀ 'ਤੇ ਉਕਤ ਮੁੱਖ ਮਾਰਗ 'ਤੇ ਪੈਂਦੇ ਪਿੰਡ ਆਜਮਪੁਰ ਸਥਿਤ ਬੀ. ਐੱਸ. ਪਾਵਰ ਨਾਮੀ ਦੁਕਾਨ 'ਚੋਂ ਚੋਰ ਕਰੀਬ 10 ਲੱਖ ਰੁਪਏ ਦੀ ਕੀਮਤ ਦੇ ਵਾਹਨਾਂ ਨੂੰ ਲੱਗਣ ਵਾਲੇ ਬੈਟਰੇ, ਇਨਵਰਟਰ ਬੈਟਰੇ, ਮੋਟਰਸਾਈਕਲਾਂ ਦੀਆਂ ਬੈਟਰੀਆਂ ਅਤੇ ਸੋਲਰ ਬੈਟਰੀਆਂ ਆਦਿ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਪਿੰਡ ਸਸਕੌਰ ਨਾਲ ਸਬੰਧਤ ਦੁਕਾਨਦਾਰ ਬਲਜੀਤ ਕੁਮਾਰ ਨੇ ਦੱਸਿਆ ਕਿ ਉਕਤ ਚੋਰੀ ਹੋਣ ਸਬੰਧੀ ਉਸ ਨੂੰ ਗੁਆਂਢ 'ਚ ਕਾਰਪੇਂਟਰ ਦੀ ਦੁਕਾਨ ਕਰਦੇ ਵੇਦ ਪ੍ਰਕਾਸ਼ ਨਿਵਾਸੀ ਅਸਮਾਨਪੁਰ ਨੇ ਫੋਨ ਕਰਕੇ ਸੂਚਨਾ ਦਿੱਤੀ। ਉਸ ਨੇ ਦੱਸਿਆ ਕਿ ਜਦੋਂ ਉਸ ਨੇ ਸਵੇਰੇ ਆ ਕੇ ਵੇਖਿਆ ਤਾਂ ਦੁਕਾਨ ਦਾ ਮੂਹਰਲਾ ਸ਼ਟਰ ਜੈੱਕ ਦੀ ਸਹਾਇਤਾ ਨਾਲ ਉਖਾੜਿਆ ਹੋਇਆ ਸੀ। ਇਸ ਦੌਰਾਨ ਦੁਕਾਨ 'ਚ ਜਾਂਚ ਕਰਨ 'ਤੇ ਉਸ ਨੇ ਪਾਇਆ ਕਿ ਚੋਰ 37 ਗੱਡੀਆਂ ਅਤੇ ਇਨਵਰਟਰ ਵਾਲੇ 200 ਅਤੇ 150 ਐੱਮਪੀਅਰ ਦੇ ਵੱਡੇ ਬੈਟਰੇ, 35 ਕਾਰ ਵਾਲੀਆਂ ਬੈਟਰੀਆਂ, 50 ਮੋਟਰਸਾਈਕਲ ਦੀਆਂ ਬੈਟਰੀਆਂ ਅਤੇ 10 ਸੋਲਰ ਵਾਲੀਆਂ ਬੈਟਰੀਆਂ ਸਣੇ ਹੋਰ ਸਾਮਾਨ ਚੋਰੀ ਕਰ ਕੇ ਲੈ ਗਏ। ਇਸ ਸਾਮਾਨ ਦੀ ਅੰਦਾਜਨ ਕੀਮਤ ਕਰੀਬ 10 ਲੱਖ ਰੁਪਏ ਬਣਦੀ ਹੈ। ਉਸ ਨੇ ਦੱਸਿਆ ਕਿ ਚੋਰ 22 ਫੁੱਟ ਦੀ ਉਚਾਈ 'ਚ ਦੁਕਾਨ 'ਚ ਲੱਗੇ ਡੀ. ਵੀ. ਆਰ. ਅਤੇ ਸੀ. ਸੀ. ਟੀ. ਵੀ. ਕੈਮਰੇ ਵੀ ਉਖਾਡ ਕੇ ਲੈ ਗਏ। ਦੁਕਾਨਦਾਰ ਨੇ ਦੱਸਿਆ ਕਿ ਇਕ ਬੈਟਰੇ ਦਾ ਵਜਨ ਕਰੀਬ 70 ਕਿਲੋਗ੍ਰਾਮ ਹੁੰਦਾ ਹੈ ਅਤੇ ਇੰਨੀ ਭਾਰੀ ਮਾਤਰਾ 'ਚ ਚੋਰੀ ਹੋਈਆਂ ਬੈਟਰੀਆਂ ਅਤੇ ਬੈਟਰੇ ਕਿਸੇ ਵਾਹਨ 'ਚ ਲੱਦ ਕੇ ਲਿਜਾਏ ਗਏ ਹਨ ਜਿਨ੍ਹਾਂ ਦੇ ਟਾਇਰਾਂ ਦੇ ਨਿਸ਼ਾਨ ਵੀ ਦਿਖ ਰਹੇ ਹਨ। ਉਕਤ ਦੁਕਾਨ ਦੇ ਬਿਲਕੁੱਲ ਨਾਲ ਲੱਗਦੀ ਇਕ ਹੋਰ ਕਾਰਪੇਂਟਰ ਦੀ ਦੁਕਾਨ ਦਾ ਵੀ ਚੋਰ ਸ਼ਟਰ ਤੋੜ ਕੇ ਸੀ. ਸੀ. ਟੀ. ਵੀ. ਕੈਮਰੇ ਅਤੇ ਡੀ. ਵੀ. ਆਰ. ਚੋਰੀ ਕਰ ਕੇ ਲੈ ਗਏ। ਪਿੰਡ ਅਸਮਾਨਪੁਰ ਦੇ ਦੁਕਾਨਦਾਰ ਵੇਦ ਪ੍ਰਕਾਸ਼ ਨੇ ਦੱਸਿਆ ਕਿ ਉਨ੍ਹਾਂ ਦੀ ਦੁਕਾਨ ਵੀ ਉਕਤ ਬੈਟਰੀਆਂ ਵਾਲੀ ਦੁਕਾਨ ਦੇ ਬਿਲਕੁਲ ਨਾਲ ਸਥਿਤ ਹੈ। ਉਸਨੇ ਦੱਸਿਆ ਕਿ ਚੋਰ ਉਸਦਾ ਮੂਹਰਲਾ ਸ਼ਟਰ ਉਖਾਡ ਕੇ ਦੁਕਾਨ 'ਚ ਤੀਸਰੀ ਮੰਜ਼ਿਲ 'ਤੇ ਲੱਗੇ ਡੀ. ਵੀ. ਆਰ. ਅਤੇ ਕੈਮਰੇ ਉਤਾਰ ਕੇ ਦੁਕਾਨ ਦੇ ਪਿਛਲੇ ਰਸਤੇ ਤੋਂ ਨਿਕਲ ਗਏ। ਉਸਨੇ ਦੱਸਿਆ ਕਿ ਬੈਟਰੀਆਂ ਵਾਲੇ ਦੁਕਾਨ 'ਚ ਹੋਈ ਚੋਰੀ ਸਬੰਧੀ ਵੀ ਉਸਨੇ ਹੀ ਦੁਕਾਨਦਾਰ ਨੂੰ ਸ਼ਟਰ ਟੁੱਟੇ ਹੋਣ ਸਬੰਧੀ ਫੋਨ ਕਰਕੇ ਸੂਚਨਾ ਦਿੱਤੀ ਸੀ। ਉਕਤ ਚੋਰੀਆਂ ਦੀ ਵਾਰਦਾਤ ਦਾ ਪਤਾ ਚੱਲਣ 'ਤੇ ਥਾਣਾ ਮੁਖੀ ਨੂਰਪੁਰਬੇਦੀ ਹਰਸ਼ ਮੋਹਨ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਪੁਲਸ ਪਾਰਟੀ ਸਮੇਤ ਜਾਂਚ 'ਚ ਜੁਟ ਗਏ। ਮੁੱਖ ਮਾਰਗ 'ਤੇ ਵਾਪਰੀ ਉਕਤ ਚੋਰੀ ਦੀ ਘਟਨਾ ਨੇ ਦੁਕਾਨਦਾਰਾਂ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸ਼ਹਿਰਵਾਸੀਆਂ ਨੇ ਜ਼ਿਲਾ ਪੁਲਸ ਮੁਖੀ ਤੋਂ ਮੰਗ ਕੀਤੀ ਕਿ ਪੁਲਸ ਦੀ ਰਾਤ ਸਮੇਂ ਦੀ ਗਸ਼ਤ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਦੁਕਾਨਦਾਰ ਤੇ ਸ਼ਹਿਰਵਾਸੀ ਚੈਨ ਦੀ ਨੀਂਦ ਸੋ ਸਕਣ।

### ਵਿਆਹ ਦਾ ਝਾਂਸਾ ਦੇ ਕੇ ਵਿਅਕਤੀ ਨਾਬਾਲਗ ਕੁੜੀ ਨੂੰ ਲੈ ਕੇ ਫਰਾਰ

ਸਾਹਨੇਵਾਲ/ਕੁਹਾੜਾ 29 ਫਰਵਰੀ। ਥਾਣਾ ਸਾਹਨੇਵਾਲ ਅਧੀਨ ਆਉਂਦੇ ਗਿਆਸਪੁਰਾ ਇਲਾਕੇ ਦੇ ਰਹਿਣ ਵਾਲੇ ਇਕ ਵਿਅਕਤੀ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ 15 ਸਾਲਾ ਨਬਾਲਗ ਧੀ ਨੂੰ ਇਕ ਵਿਅਕਤੀ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਹੈ। ਇਸ ਸਬੰਧੀ ਪੁਲਸ ਕੋਲ ਦਰਜ ਕਰਵਾਏ ਗਏ ਬਿਆਨਾਂ 'ਚ ਕੁੜੀ ਦੇ ਪਿਤਾ ਨੇ ਦੱਸਿਆ ਕਿ ਉਹ ਇਕ ਪ੍ਰਾਈਵੇਟ ਫੈਕਟਰੀ 'ਚ ਕੰਮ ਕਰਦਾ ਹੈ। ਉਸ ਦੇ 4 ਬੱਚੇ ਹਨ, ਜਿਨ੍ਹਾਂ 'ਚੋਂ ਉਸ ਦੀ 15 ਸਾਲਾ ਧੀ, ਜੋ 6ਵੀਂ ਕਲਾਸ 'ਚ ਪੜ੍ਹਦੀ ਹੈ। ਘਰੋਂ ਸਕੂਲ ਦਾ ਬਹਾਨਾ ਬਣਾ ਕੇ ਚਲੀ ਗਈ ਅਤੇ ਵਾਪਸ ਨਹੀਂ ਆਈ, ਜਿਸ ਦੀ ਉਨ੍ਹਾਂ ਨੇ ਭਾਲ ਕੀਤੀ ਤਾਂ ਪਤਾ ਲੱਗਿਆ ਕਿ ਉਸ ਨੂੰ ਇਕ ਫਿਆਜ ਖਾਨ ਪੁੱਤਰ ਜਮਾਲ ਅਹਿਮਦ ਵਾਸੀ ਸਿੰਗਲਾ ਸਾਈਕਲ ਨੇੜੇ ਢੰਡਾਰੀ ਕਲਾਂ ਦਾ ਰਹਿਣ ਵਾਲਾ ਮੁੰਡਾ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਭਜਾ ਕੇ ਲੈ ਗਿਆ ਹੈ। ਥਾਣਾ ਸਾਹਨੇਵਾਲ ਦੀ ਪੁਲਸ ਨੇ ਮਾਮਲਾ ਦਰਜ ਕਰ ਕੇ ਕੁੜੀ ਅਤੇ ਮੁਲਜਮ ਦੀ ਭਾਲ ਸੁਰੂ ਕਰ ਦਿੱਤੀ।

## ਸਰਕਾਰ ਨੂੰ ਅਗਲੇ 4-5 ਮਹੀਨਿਆਂ 'ਚ 'ਭਾਰਤ' ਬ੍ਰਾਂਡ ਦੇ ਤਹਿਤ 15-15 ਲੱਖ ਟਨ ਚੌਲ-ਆਟਾ ਵੇਚਣ ਦੀ ਉਮੀਦ

ਨਵੀਂ ਦਿੱਲੀ 29 ਫਰਵਰੀ। ਸਰਕਾਰ ਨੂੰ ਅਗਲੇ 4-5 ਮਹੀਨਿਆਂ ਵਿੱਚ 'ਭਾਰਤ' ਬ੍ਰਾਂਡ ਦੇ ਤਹਿਤ 15-15 ਲੱਖ ਟਨ ਚੌਲ ਅਤੇ ਕਣਕ ਦਾ ਆਟਾ (ਆਟਾ) ਵੇਚਣ ਦੀ ਉਮੀਦ ਹੈ। ਖੁਰਾਕ ਸਕੱਤਰ ਸੰਜੀਵ ਚੋਪੜਾ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ। ਸਰਕਾਰ ਤਿੰਨ ਏਜੰਸੀਆਂ - ਨੈਸਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸਨ ਆਫ ਇੰਡੀਆ ਲਿਮਿਟੇਡ (), ਨੈਸਨਲ ਕੋਆਪਰੇਟਿਵ ਕੰਜਿ?ਉਮਰਸ ਫੈਡਰੇਸਨ ਆਫ ਇੰਡੀਆ ਲਿਮਿਟੇਡ () ਅਤੇ ਕੇਂਦਰੀ ਭੰਡਾਰ ਰਾਹੀਂ ਭਾਰਤ ਦੇ ਆਟੇ ਅਤੇ ਚੌਲਾਂ ਦੀ ਪ੍ਰਚੂਨ ਵਿਕਰੀ ਕਰ ਰਹੀ ਹੈ। ਕੀਮਤਾਂ ਨੂੰ ਕਾਬੂ 'ਚ ਰੱਖਣ ਲਈ ਸਰਕਾਰ ਨੇ 'ਭਾਰਤ ਆਟਾ' ਦੀ ਪ੍ਰਚੂਨ ਵਿਕਰੀ ਪਿਛਲੇ ਸਾਲ ਨਵੰਬਰ ਤੋਂ ਸੁਰੂ ਕੀਤੀ ਸੀ, ਜਦਕਿ 'ਭਾਰਤ ਚਾਵਲ' ਦੀ ਵਿਕਰੀ 6 ਫਰਵਰੀ ਤੋਂ ਸੁਰੂ ਹੋਈ ਸੀ। ਫੂਡ ਕਾਰਪੋਰੇਸਨ ਆਫ ਇੰਡੀਆ (ਐੱਫਸੀਆਈ), ਇੱਕ ਸਰਕਾਰੀ ਅਦਾਰਾ ਹੈ, ਇਨ੍ਹਾਂ ਏਜੰਸੀਆਂ ਨੂੰ ਪ੍ਰਚੂਨ ਉਦੇਸਾਂ ਲਈ ਅਨਾਜ ਮੁਹੱਈਆ ਕਰਵਾ ਰਿਹਾ ਹੈ। ਮੀਡੀਆ ਨੂੰ



ਜਾਣਕਾਰੀ ਦਿੰਦੇ ਹੋਏ ਸਕੱਤਰ ਨੇ ਕਿਹਾ ਕਿ ਭਾਰਤ ਆਟਾ ਦੇ ਲਾਂਚ ਹੋਣ ਤੋਂ ਬਾਅਦ ਬਜਾਰ 'ਚ ਕੀਮਤਾਂ ਸਥਿਰ ਹਨ... ਅਸੀਂ ਸੋਚ ਰਹੇ ਹਾਂ ਕਿ ਜਿਸ ਤਰ੍ਹਾਂ ਇਸ ਦਾ ਅਸਰ ਆਟਾ 'ਤੇ ਪਿਆ ਹੈ, ਉਸੇ ਤਰ੍ਹਾਂ ਭਾਰਤ ਰਾਈਸ ਵੀ ਚੌਲਾਂ ਦੀਆਂ ਕੀਮਤਾਂ 'ਚ ਸੰਜਮ ਨੂੰ ਯਕੀਨੀ ਬਣਾਏਗਾ। ਭਾਰਤੀ ਚੌਲਾਂ ਦੀ ਵਿਕਰੀ ਦੀ ਮਾਤਰਾ ਫਿਲਹਾਲ ਘੱਟ ਹੈ ਪਰ ਆਉਣ ਵਾਲੇ ਦਿਨਾਂ ਵਿੱਚ ਇਸ ਵਿੱਚ ਤੇਜੀ ਆਵੇਗੀ। ਚੋਪੜਾ ਨੇ ਕਿਹਾ, "ਅਸੀਂ ਅਗਲੇ 4-5 ਮਹੀਨਿਆਂ ਵਿੱਚ 15 ਲੱਖ ਟਨ ਚੌਲ ਅਤੇ 15 ਲੱਖ ਟਨ ਕਣਕ ਦਾ ਆਟਾ ਵੇਚਣ ਦੀ ਉਮੀਦ ਕਰ ਰਹੇ ਹਾਂ। ਇਹ ਸੁਰੂਆਤੀ ਪੜਾਅ ਹੈ, ਜੇਕਰ ਮੰਗ ਹੁੰਦੀ ਹੈ ਤਾਂ ਅਸੀਂ ਹੋਰ ਸਪਲਾਈ ਕਰ ਸਕਦੇ ਹਾਂ।" ਉਨ੍ਹਾਂ ਨੇ ਕਿਹਾ, ਹੁਣ ਤੱਕ ਭਾਰਤ ਬ੍ਰਾਂਡ ਦੇ ਤਹਿਤ ਲਗਭਗ 3.5 ਲੱਖ ਟਨ ਕਣਕ ਦਾ ਆਟਾ ਅਤੇ 20,000 ਟਨ ਚੌਲ ਵੇਚੇ ਜਾ ਚੁੱਕੇ ਹਨ।

# ਮਾਂ ਤੇ ਭੈਣ ਨਾਲ ਛੇੜਛਾੜ ਕਰ ਰਹੇ ਸੀ ਬਦਮਾਸ਼, ਵਿਰੋਧ ਕਰਨ 'ਤੇ ਨਾਬਾਲਗ ਬੇਟੇ ਨੂੰ ਮਾਰ ਦਿੱਤੀ ਗੋਲੀ

ਨੈਸ਼ਨਲ ਡੈਸਕ 29 ਫਰਵਰੀ। ਹਰਿਆਣਾ ਦੇ ਪਲਵਲ 'ਚ 10ਵੀਂ ਜਮਾਤ ਦੇ ਵਿਦਿਆਰਥੀ ਨੂੰ ਗੋਲੀ ਮਾਰ ਕੇ ਜਖਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਨਾਬਾਲਗ ਨੂੰ ਉਸ ਸਮੇਂ ਗੋਲੀ ਮਾਰੀ ਗਈ ਜਦੋਂ ਉਹ ਛੇੜਛਾੜ ਦਾ ਵਿਰੋਧ ਕਰ ਰਿਹਾ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸੁਰੂ ਕਰ ਦਿੱਤੀ ਹੈ। ਪੁਲਸ ਨੇ ਪੀੜਤਾ ਦੀ ਸਿ?ਕਾਇਤ 'ਤੇ 8 ਦੋਸੀਆਂ ਖਿ?ਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਚਾਂਦਹਾਟ ਥਾਣੇ ਦੇ ਇੰਚਾਰਜ ਐਸਐਚਓ ਦਲਬੀਰ ਸਿੰਘ ਨੇ ਦੱਸਿਆ ਕਿ ਜਖਮੀ ਲੋਕੇਸ 10ਵੀਂ ਜਮਾਤ ਦਾ ਵਿਦਿਆਰਥੀ ਹੈ। ਉਹ 22 ਫਰਵਰੀ ਨੂੰ ਸਾਮ ਕਰੀਬ 5 ਵਜੇ ਆਪਣੀ ਭੈਣ ਅਤੇ ਮਾਂ ਨਾਲ ਪਾਥੀਆਂ ਲੈਣ ਲਈ ਪਲਾਟ 'ਤੇ ਆਇਆ ਸੀ। ਜਦੋਂ ਉਹ ਵਾਪਸ ਘਰ ਜਾ ਰਹੇ ਸੀ ਤਾਂ 8 ਤੋਂ 9 ਲੜਕਿਆਂ ਨੇ ਉਸ ਦੀ ਮਾਂ ਅਤੇ ਭੈਣ ਨਾਲ ਦੁਰਵਿਵਹਾਰ ਕਰਨਾ



ਸੁਰੂ ਕਰ ਦਿੱਤਾ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਬੁਲੇਟ 'ਤੇ ਸਵਾਰ ਲੜਕੇ ਨੇ ਉਸ ਨੂੰ ਮਾਰਨ ਦੀ ਨੀਅਤ ਨਾਲ ਗੋਲੀ ਚਲਾ ਦਿੱਤੀ, ਜੋ ਉਸ ਦੇ ਹੱਥ 'ਚ ਲੱਗ ਗਈ। ਇਸ ਤੋਂ ਬਾਅਦ ਸਾਰੇ ਦੋਸੀ ਮੌਕੇ ਤੋਂ ਫਰਾਰ ਹੋ ਗਏ। ਪੁਲਸ ਨੇ ਦੱਸਿਆ ਕਿ ਪਿੰਡ ਨਈ ਨੰਗਲਾ ਦੇ ਰਹਿਣ ਵਾਲੇ ਕਪਿਲ ਨਾਂ ਦੇ ਵਿਅਕਤੀ ਨੇ ਉਨ੍ਹਾਂ ਨੂੰ ਫੋਨ 'ਤੇ ਸੂਚਨਾ ਦਿੱਤੀ ਕਿ ਉਸ ਦੇ ਭਤੀਜੇ ਲੋਕੇਸ ਨੂੰ ਗੋਲੀ ਮਾਰ ਦਿੱਤੀ ਗਈ ਹੈ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਪਰ ਉਦੋਂ ਤੱਕ ਜਖਮੀ ਅਸੋਕ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਜਾ ਚੁੱਕਾ ਸੀ। ਪੁਲਸ ਨੇ ਮੁੱਖ ਮੁਲਜਮ ਨੂੰ ਗ੍ਰਿਫਤਾਰ ਕਰਕੇ ਬਾਕੀਆਂ ਦੀ ਭਾਲ ਸੁਰੂ ਕਰ ਦਿੱਤੀ ਹੈ। ਗੋਲੀ ਚਲਾਉਣ ਵਾਲੇ ਲੜਕੇ ਦੀ ਪਛਾਣ ਕੋਕਨ ਵਜੋਂ ਹੋਈ ਹੈ। ਪੁਲਸ ਨੇ ਫਰਾਰ ਮੁਲਜਮਾਂ ਦੀ ਭਾਲ ਸੁਰੂ ਕਰ ਦਿੱਤੀ ਹੈ, ਮੁਲਜਮ ਕੋਕਨ ਸਮੇਤ ਅੱਠ ਖਿ?ਲਾਫ ਆਈਪੀਸੀ ਦੀ ਧਾਰਾ 148, 149, 307, 509 ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ।

### ਲੁਧਿਆਣਾ 'ਚ ਵੱਡੀ ਗੈਂਗਵਾਰ, ਚੱਲੀਆਂ ਤਾਬੜਤੋੜ ਗੋਲੀਆਂ

ਲੁਧਿਆਣਾ 29 ਫਰਵਰੀ। ਗੈਂਗਸਟਰ ਸੁੱਖਾ ਬਾੜੇਵਾਲੀਆ ਦਾ ਕਤਲ ਕਰਨ ਵਾਲੇ ਮੁਲਜਮਾਂ ਨੇ ਉਕਤ ਮਾਮਲੇ ਦੇ ਗਵਾਹ ਦਾ ਗੋਲੀਆਂ ਮਾਰ ਕੇ ਕਰ ਦਿੱਤਾ। ਜਦਕਿ ਉਸਦਾ ਦੂਜਾ ਸਾਥੀ ਗੋਲੀ ਲੱਗਣ ਨਾਲ ਗੰਭੀਰ ਜਖਮੀ ਹੋ ਗਿਆ। ਮ੍ਰਿਤਕ ਦਾ ਨਾਂ ਸੂਰਜ ਸਰਮਾ ਉਰਫ ਬਾਬੂ ਹੈ ਅਤੇ ਜਖਮੀ ਦਾ ਨਾਂ ਹਰਪ੍ਰੀਤ ਸਿੰਘ ਜਗਰਾਓਂ ਹੈ, ਜੋ ਹਸਪਤਾਲ 'ਚ ਦਾਖਲ ਹੈ। ਇਸ ਮਾਮਲੇ ਵਿਚ ਪੁਲਸ ਮੁਲਜਮ ਗਰੁੱਪ ਦੇ ਗੈਂਗਸਟਰਾਂ ਖਿ?ਲਾਫ ਕੇਸ ਦਰਜ ਕਰਕੇ ਕਾਰਵਾਈ ਸੁਰੂ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਦੋਵਾਂ ਪਾਸਿਓਂ ਤਾਬੜਤੋੜ ਗੋਲੀਆਂ ਚੱਲਣ ਕਾਰਣ ਇਲਾਕੇ ਵਿਚ ਸਹਿਮ ਦਾ ਮਾਹੌਲ ਬਣ ਗਿਆ। ਜਾਣਕਾਰੀ ਮੁਤਾਬਕ ਇਹ ਘਟਨਾ ਦੇਰ ਰਾਤ ਵਾਪਰੀ। ਪਿਛਲੇ ਸਾਲ ਸੁੱਖਾ ਬਾੜੇਵਾਲੀਆ ਦਾ ਉਸ ਦੇ ਸਾਥੀਆਂ ਨੇ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਸੂਰਜ ਸਰਮਾ ਉਕਤ ਮਾਮਲੇ ਦਾ ਮੁੱਖ ਗਵਾਹ ਸੀ। ਮੁਲਜਮਾਂ ਨੇ ਕੇਸ ਵਿਚ ਬਚਣ ਲਈ ਦੇਰ ਰਾਤ ਮੁੱਖ ਗਵਾਹ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਸੂਚਨਾ ਤੋਂ ਬਾਅਦ ਪੀ. ਏ. ਯੂ. ਪੁਲੀਸ ਮੌਕੇ 'ਤੇ ਪਹੁੰਚ ਗਈ। ਮ੍ਰਿਤਕ ਦੀ ਲਾਸ ਨੂੰ ਕਬਜੇ 'ਚ ਲੈ ਕੇ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ।

# ਨਾਜਾਇਜ ਸਬੰਧਾਂ ਦੇ ਸ਼ੱਕ 'ਚ ਅੱਧੀ ਰਾਤੀਂ ਘਰੋਂ ਚੁੱਕਿਆ ਨੌਜਵਾਨ

ਭਿੱਖੀਵਿੰਡ 29 ਫਰਵਰੀ। ਵਿਧਾਨ ਸਭਾ ਹਲਕਾ ਖੇਮਕਰਨ ਅਧੀਨ ਪੈਂਦੇ ਕਸਬਾ ਭਿੱਖੀਵਿੰਡ ਤੋਂ ਇਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ 24 ਸਾਲਾ ਨੌਜਵਾਨ ਦਾ ਉਸ ਦੇ ਘਰ 'ਚੋਂ ਚੁੱਕ ਕੇ ਦਾਤਰ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹੀ ਨਹੀਂ, ਉਸ ਦਾ ਕਤਲ ਕਰ ਕੇ ਲਾਸ਼ ਭਿੱਖੀਵਿੰਡ ਦਾਣਾ ਮੰਡੀ ਦੇ ਸਾਹਮਣੇ ਸੁੱਟ ਦਿੱਤੀ ਗਈ। ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਜਦ ਇਸ ਨੌਜਵਾਨ ਦੀ ਲਾਸ਼ ਲੋਕਾਂ ਨੇ ਦਾਣਾ ਮੰਡੀ ਦੇ ਸਾਹਮਣੇ ਪਈ ਵੇਖੀ ਤਾਂ ਉਨ੍ਹਾਂ ਵਲੋਂ ਤੁਰੰਤ ਥਾਣਾ ਭਿੱਖੀਵਿੰਡ ਪੁਲਸ ਨੂੰ ਸੂਚਿਤ ਕੀਤਾ ਗਿਆ। ਉੱਧਰ ਮੌਕੇ 'ਤੇ ਪਹੁੰਚੀ ਪੁਲਸ ਵਲੋਂ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਨੌਜਵਾਨ ਸਤਨਾਮ ਸਿੰਘ ਉਰਫ ਘੁੱਲਾ ਪੁੱਤਰ ਮੇਜਰ ਸਿੰਘ ਵਾਸੀ ਚੇਲਾ ਕਾਲੋਨੀ ਭਿੱਖੀਵਿੰਡ ਦੇ ਜੀਜੇ ਗੁਰਦਿੱਤ ਸਿੰਘ ਨੇ ਦੱਸਿਆ ਕਿ ਸਤਨਾਮ ਸਿੰਘ ਬੀਤੀ ਦੇਰ ਰਾਤ ਘਰ 'ਚ ਆਪਣੀ ਭਾਬੀ ਅਤੇ ਛੋਟੇ ਬੱਚਿਆਂ ਨਾਲ ਸੀ। ਇਸ ਦੌਰਾਨ ਦੇਰ ਰਾਤ 12 ਵਜੇ ਦੇ ਕਰੀਬ ਜਦ ਘਰ ਦਾ ਦਰਵਾਜਾ ਖੜਕਿਆ ਤਾਂ ਸਤਨਾਮ ਸਿੰਘ ਨੇ ਉੱਠ ਕੇ ਘਰ ਦਾ ਦਰਵਾਜ਼ਾ ਖੋਲ੍ਹਿਆ ਤਾਂ ਅਣਪਛਾਤੇ ਵਿਅਕਤੀਆਂ ਨੇ ਉਸੇ ਵੇਲੇ ਉਸ ਦੀ ਧੌਣ 'ਚ ਦਾਤਰ ਮਾਰ ਦਿੱਤਾ ਤੇ ਉਸ ਨੂੰ ਅਗਵਾ ਕਰਕੇ ਉੱਥੋਂ ਲੈ ਗਏ। ਇਸ ਤੋਂ ਬਾਅਦ ਉਨ੍ਹਾਂ ਫੋਨ ਕਰ ਕੇ ਦੱਸਿਆ ਕਿ ਤੁਹਾਡੇ ਨੌਜਵਾਨ ਦੀ ਲਾਸ਼ ਮੰਡੀ ਦੇ ਸਾਹਮਣੇ ਪਈ ਹੋਈ ਹੈ। ਉੱਧਰ ਤਫਤੀਸ਼ ਕਰ ਰਹੇ ਸਬ ਡਵੀਜ਼ਨ ਭਿੱਖੀਵਿੰਡ ਦੇ ਡੀ.ਐੱਸ.ਪੀ. ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੀ ਭਰਜਾਈ ਨੇ ਉਨ੍ਹਾਂ ਨੂੰ ਇਕ ਲਿਖਤੀ ਸ਼ਿਕਾਇਤ ਦਿੱਤੀ ਸੀ ਕਿ ਉਸ ਦੇ ਦਿਓਰ ਨੂੰ ਪੰਜ ਅਣਪਛਾਤੇ ਵਿਅਕਤੀ ਘਰ 'ਚੋਂ ਚੁੱਕ ਕੇ ਲੈ ਗਏ ਹਨ ਤੇ ਰੌਲਾ ਪਾ ਰਹੇ ਸਨ ਕਿ ਤੂੰ ਸਾਡੀ ਕੁੜੀ ਨੂੰ ਟਰੱਕਾਂ 'ਚ ਲਈ ਫਿਰਦਾ ਹੈਂ। ਡੀ.ਐੱਸ.ਪੀ. ਨੇ ਕਿਹਾ ਕਿ ਇਹ ਮਾਮਲਾ ਨਾਜਾਇਜ਼ ਸਬੰਧਾਂ ਦਾ ਪਾਇਆ ਜਾ ਰਿਹਾ ਹੈ, ਫਿਲਹਾਲ ਪੁਲਸ ਨੇ ਸਤਨਾਮ ਦੀ ਲਾਸ਼ ਕਬਜ਼ੇ 'ਚ ਲੈ ਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ।

### ਵਿਆਹ ਵਾਲੇ ਘਰ ਪਏ ਕੀਰਨੇ, ਡੀ. ਜੇ. 'ਤੇ ਗਾਣਾ ਲਾਉਣ ਤੋਂ ਹੋਈ ਖ਼ੂਨੀ ਝੜਪ

ਹਰੀਕੇ ਪੱਤਣ 29 ਫਰਵਰੀ। ਪਿੰਡ ਦੁੱਬਲੀ ਵਿਚ ਬੀਤੀ ਦੇਰ ਰਾਤ ਵਿਆਹ ਸਮਾਗਮ ਦੌਰਾਨ ਡੀ. ਜੇ. 'ਤੇ ਚੱਲ ਰਹੇ ਗਾਣਿਆਂ ਨੂੰ ਲੈ ਕੇ ਹੋਏ ਝਗੜੇ ਦੌਰਾਨ ਇਕ (35) ਸਾਲ ਨੌਜਵਾਨ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ ਦੇਰ ਰਾਤ ਵਿਆਹ ਸਮਾਗਮ ਦੌਰਾਨ ਡੀ.ਜ਼ੇ. ਚੱਲ ਰਿਹਾ ਸੀ ਤਾਂ ਗਾਣੇ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਆਪਸੀ ਝੱਗੜਾ ਹੋ ਗਿਆ। ਇਸ ਲੜਾਈ ਝਗੜੇ ਦੌਰਾਨ ਸਤਨਾਮ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਦੁੱਬਲੀ ਦੀ ਮੌਤ ਹੋ ਗਈ। ਇਸ ਮੌਕੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਝਗੜੇ ਦੌਰਾਨ ਵਿਆਹ ਵਾਲੇ ਲੜਕੇ ਦਾ ਚਾਚਾ ਸਤਨਾਮ ਸਿੰਘ ਇਨ੍ਹਾਂ ਨੂੰ ਛੁਡਾ ਰਿਹਾ ਸੀ ਕਿ ਸਿਰ 'ਤੇ ਇੱਟ ਵੱਜਣ ਕਾਰਨ ਉਸ ਦੀ ਮੌਤ ਹੋ ਗਈ।

## ਪਤਨੀ ਦੀ ਪੈੜ ਦੱਬਦਾ ਹੋਟਲ ਦੇ ਕਮਰੇ 'ਚ ਜਾ ਪਹੁੰਚਿਆ ਪਤੀ, ਜਦੋਂ ਦੇਖਿਆ ਤਾਂ ਉੱਡ ਗਏ ਹੋਸ਼

ਲੁਧਿਆਣਾ 29 ਫਰਵਰੀ। ਅੱਜ ਤੱਕ ਜ਼ਿਆਦਾਤਰ ਇਹੀ ਦੇਖਿਆ ਗਿਆ ਹੈ ਕਿ ਪਤਨੀ ਵੱਲੋਂ ਪਤੀ ਨੂੰ ਬਾਹਰੀ ਲੜਕੀਆਂ ਨਾਲ ਫੜਿਆ ਜਾਂਦਾ ਹੈ ਪਰ ਬੀਤੇ ਦਿਨੀਂ ਥਾਣਾ ਜੋਧੇਵਾਲ ਦੇ ਅਧੀਨ ਆਉਂਦੀ ਕਾਲੀ ਸੜਕ ਕੋਲ ਇਕ ਪਤੀ ਨੇ ਆਪਣੀ ਪਤਨੀ ਨੂੰ ਇਕ ਹੋਟਲ ਦੇ ਕਮਰੇ 'ਚੋਂ ਉਸ ਦੇ ਦੋਸਤ ਨਾਲ ਫੜ ਲਿਆ, ਜਿਸ ਤੋਂ ਬਾਅਦ ਹੋਟਲ ਦੇ ਕਮਰੇ 'ਚ ਪਤੀ-ਪਤਨੀ ਅਤੇ ਉਸ ਦੇ ਦੋਸਤ ਵਿਚਕਾਰ ਪਹਿਲਾਂ ਬਹਿਸ ਤੇ ਫਿਰ ਹੱਥੋਪਾਈ ਤੱਕ ਹੋਣੀ ਸ਼ੁਰੂ ਹੋ ਗਈ। ਪਤੀ ਮੌਕੇ 'ਤੇ ਆਪਣੇ ਪਰਿਵਾਰ ਦੇ ਅੱਧਾ ਦਰਜਨ ਦੇ ਕਰੀਬ ਰਿਸ਼ਤੇਦਾਰਾਂ ਨਾਲ ਪੁੱਜਾ ਸੀ, ਜਿਸ ਤੋਂ ਬਾਅਦ ਪਤੀ ਨੇ ਮੌਕੇ 'ਤੇ ਪਹਿਲਾਂ ਪੁਲਸ ਨੂੰ ਸੂਚਿਤ ਕੀਤਾ। ਸੂਚਨਾ ਮਿਲਣ 'ਤੇ ਥਾਣਾ ਜੋਧੇਵਾਲ ਦੀ ਪੁਲਸ ਹੋਟਲ ਪੁੱਜੀ ਅਤੇ ਦੋਵੇਂ ਧਿਰਾਂ ਦੀਆਂ ਸਾਰੀਆਂ ਗੱਲਾਂ ਸੁਣੀਆਂ। ਇੱਥੇ ਪਤੀ-ਪਤਨੀ ਨੇ ਇਕ-ਦੂਜੇ 'ਤੇ ਗੰਭੀਰ ਦੋਸ਼ ਲਾਏ। ਕਰੀਬ 3 ਘੰਟਿਆਂ ਤੱਕ ਹੋਟਲ ਦੇ ਬਾਹਰ ਕਾਫੀ ਹੰਗਾਮਾ ਹੁੰਦਾ ਰਿਹਾ। ਪਤੀ ਨੇ ਮੌਕੇ 'ਤੇ ਪਤਨੀ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ। ਪਤੀ ਨੇ ਦੱਸਿਆ ਕਿ ਉਸ ਦਾ ਵਿਆਹ 1 ਸਾਲ ਪਹਿਲਾਂ ਹੋਇਆ ਸੀ ਪਰ ਉਸ ਦੀ ਪਤਨੀ ਉਸ ਨਾਲ ਝਗੜਾ ਕਰ ਕੇ ਪਿਛਲੇ 8 ਮਹੀਨਿਆਂ ਤੋਂ ਆਪਣੇ ਪੇਕੇ ਘਰ 'ਚ ਰਹਿ ਰਹੀ ਹੈ। ਅੱਜ ਉਸ ਨੂੰ ਕਿਸੇ ਨੇ ਦੱਸਿਆ ਕਿ ਉਸ ਦੀ ਪਤਨੀ ਹੋਟਲ 'ਚ ਇਕ ਲੜਕੇ ਨਾਲ ਆਈ ਹੈ, ਜਿਸ ਤੋਂ ਬਾਅਦ ਉਹ ਆਪਣੇ ਪਰਿਵਾਰ ਦੇ ਨਾਲ ਪੁੱਜ ਗਿਆ ਅਤੇ ਹੋਟਲ ਦੇ ਕਮਰੇ 'ਚ ਪਤਨੀ ਅਤੇ ਉਸ ਦੇ ਦੋਸਤ ਨੂੰ ਦਬੋਚ ਲਿਆ। ਜਦੋਂਕਿ ਪਤਨੀ ਦਾ ਕਹਿਣਾ ਸੀ ਕਿ ਉਹ ਆਪਣੇ ਦੋਸਤ ਦਾ ਜਨਮ ਦਿਨ ਮਨਾਉਣ ਹੋਟਲ ਵਿਚ ਆਈ ਹੈ। ਇਸ ਸਬੰਧੀ ਜਦੋਂ ਥਾਣਾ ਮੁਖੀ ਪਰਮਦੀਪ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਦੱਸਿਆ ਕਿ ਕੋਈ ਵਿਅਕਤੀ ਆਪਣੀ ਸਹਿਮਤੀ ਨਾਲ ਕਿਤੇ ਵੀ ਜਾ ਸਕਦਾ ਹੈ। ਜੇਕਰ ਕੋਈ ਜ਼ਬਰਦਸਤੀ ਲੈ ਕੇ ਜਾਵੇ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਗੁ. ਸ੍ਰੀ ਬੇਰ ਸਾਹਿਬ ਦੇ ਮੁਲਾਜਮ ਦੀ ਮੌਤ ਦੇ ਮਾਮਲੇ 'ਚ ਨਵਾਂ ਮੋੜ, ਪੋਸਟਮਾਰਟਮ ਰਿਪੋਰਟ 'ਚ ਹੋਏ ਵੱਡੇ ਖੁਲਾਸੇ

ਸੁਲਤਾਨਪੁਰ ਲੋਧੀ 29 ਫਰਵਰੀ। ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਆਰਜੀ ਹਲਵਾਈ ਦੀ ਡਿਊਟੀ ਨਿਭਾਅ ਰਹੇ ਸ਼੍ਰੋਮਣੀ ਕਮੇਟੀ ਦੇ ਨੌਜਵਾਨ ਕਰਮਚਾਰੀ ਜਸਪਿੰਦਰ ਸਿੰਘ ਪੁੱਤਰ ਕਾਲਾ ਸਿੰਘ ਨਿਵਾਸੀ ਪਿੰਡ ਆਹਲੀਕਲਾਂ ਦੀ ਕਮਰੇ ਵਿਚ ਸ਼ੱਕੀ ਹਾਲਾਤ 'ਚ ਹੋਈ ਮੌਤ ਦੇ ਮਾਮਲੇ ਨੇ ਹੁਣ ਨਵਾਂ ਮੋੜ ਲੈ ਲਿਆ ਹੈ। ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਵੱਲੋਂ ਇੰਸਪੈਕਟਰ ਹਰਗੁਰਦੇਵ ਸਿੰਘ ਐੱਸ. ਐੱਚ. ਓ. ਥਾਣਾ ਸੁਲਤਾਨਪੁਰ ਲੋਧੀ ਦੀ ਅਗਵਾਈ 'ਚ ਪੁਲਸ ਵੱਲੋਂ ਕੀਤੀ ਗਈ ਜਾਂਚ ਉਪਰੰਤ ਮ੍ਰਿਤਕ ਨੌਜਵਾਨ ਦੇ ਦੋ ਸਾਥੀ ਸੇਵਾਦਾਰਾਂ ਖਿ?ਲਾਫ ਜਸਪਿੰਦਰ ਸਿੰਘ ਨੂੰ ਕੋਈ ਜਹਿਰੀਲੀ ਦਵਾਈ ਪਿਲਾ ਕੇ ਮਾਰਨ ਦੇ ਦੋਸ਼ 'ਚ ਕੇਸ ਦਰਜ ਕੀਤਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਬ ਡਿਵੀਜਨ ਸੁਲਤਾਨਪੁਰ ਲੋਧੀ ਦੇ ਡੀ. ਐੱਸ. ਪੀ. ਸਰਦਾਰ ਬਬਨਦੀਪ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਮ੍ਰਿਤਕ ਕਰਮਚਾਰੀ ਜਸਪਿੰਦਰ ਸਿੰਘ ਦੇ ਪਿਤਾ ਕਾਲਾ ਸਿੰਘ ਪੁੱਤਰ ਸਿ?ਗਾਰਾ ਸਿੰਘ ਵਾਸੀ ਆਹਲੀ ਕਲਾਂ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੋਸ ਲਾਇਆ ਸੀ ਕਿ ਉਸ ਦਾ ਲੜਕਾ ਜਸਪਿੰਦਰ ਸਿੰਘ ਪਿਛਲੇ 3 ਸਾਲਾਂ ਤੋਂ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਬਤੌਰ ਸੇਵਾਦਾਰ ਵਜੋਂ ਸੇਵਾਵਾਂ ਨਿਭਾਅ ਰਿਹਾ ਸੀ। ਉਸ ਦੇ ਲੜਕੇ ਜਸਪਿੰਦਰ ਸਿੰਘ ਦੇ ਕਮਰੇ ਵਿੱਚ ਦੋ ਹੋਰ ਸੇਵਾਦਾਰ ਦਲਜੀਤ ਸਿੰਘ ਪੁੱਤਰ ਸੋਹਣ ਸਿੰਘ ਜਿ?ਲ੍ਹਾ ਊਨਾ (ਹਿਮਾਚਲ ਪ੍ਰਦੇਸ) ਅਤੇ ਗੁਰਮੀਤ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਭੱਠਲ ਤਾਰਨ ਤਾਰਨ ਰਹਿੰਦੇ ਸਨ। ਉਨ੍ਹਾਂ ਸ਼ਿਕਾਇਤ 'ਚ ਦੋਸ਼ ਲਗਾਇਆ ਕਿ ਪਿਛਲੇ ਮਹੀਨੇ 11 ਜਨਵਰੀ ਨੂੰ ਮੇਰੀ ਪਤਨੀ ਗੁਰਮੀਤ ਕੌਰ ਨੇ



ਆਪਣੇ ਪੁੱਤਰ ਜਸਪਿੰਦਰ ਸਿੰਘ ਨੂੰ ਵਾਰ-ਵਾਰ ਫੋਨ ਕੀਤਾ ਪਰ ਉਸ ਨੇ ਫੋਨ ਨਾ ਚੁੱਕਿਆ। ਸਾਮ ਨੂੰ 7.30 ਵਜੇ ਤੱਕ ਜਦੋਂ ਜਸਪਿੰਦਰ ਸਿੰਘ ਨੇ ਫੋਨ ਨਾ ਚੁੱਕਿਆ ਤਾਂ ਉਹ ਆਪਣੇ ਰਿਸਤੇਦਾਰ ਕੁਲਵਿੰਦਰ ਸਿੰਘ, ਹਰਜੀਤ ਸਿੰਘ ਅਤੇ ਕਰਨਦੀਪ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਆਏ। ਉੱਥੇ ਮੌਜੂਦ ਸੇਵਾਦਾਰ ਏਕਮ ਸਿੰਘ ਨੇ ਦੱਸਿਆ ਕਿ ਜਸਪਿੰਦਰ ਸਿੰਘ ਅੱਜ ਆਪਣੇ ਸਾਥੀ ਸੇਵਾਦਾਰਾਂ ਦਲਜੀਤ ਸਿੰਘ ਅਤੇ ਗੁਰਮੀਤ ਸਿੰਘ ਨਾਲ ਕਮਰੇ ਵੱਲ ਜਾਂਦੇ ਵੇਖਿਆ। ਜਦੋਂ ਉਹ ਕਮਰੇ ਕੋਲ ਗਏ ਤਾਂ ਬਾਹਰੋਂ ਜਿੰਦਰਾ ਲੱਗਾ ਹੋਇਆ ਸੀ। ਜਦੋਂ ਗੁਰਦੁਆਰਾ ਪ੍ਰਬੰਧਕਾਂ ਰਾਹੀਂ ਡੁਪਲੀਕੇਟ ਚਾਬੀ ਲੈ ਕੇ ਜਿੰਦਰਾ ਖੋਲ੍ਹਿਆ ਤਾਂ ਜਸਪਿੰਦਰ ਸਿੰਘ ਬੈੱਡ ਉੱਪਰ ਬੇਹੋਸੀ ਦੀ ਹਾਲਤ ਵਿੱਚ ਪਿਆ ਸੀ ਅਤੇ ਫੋਨ ਸਾਈਲੈਂਟ 'ਤੇ ਲੱਗਾ ਹੋਇਆ ਸੀ। ਜਦ ਉਸ ਨੂੰ ਤਰੁੰਤ ਸਿਵਲ ਹਸਪਤਾਲ ਪਹੁੰਚਾਇਆ ਤਾਂ ਡਾਕਟਰਾਂ ਨੇ ਚੈੱਕ ਕਰਨ ਤੋਂ ਉਸ ਨੂੰ ਮ੍ਰਿਤਕ ਘੋਸਿ?ਤ ਕਰ ਦਿੱਤਾ। ਡੀ. ਐੱਸ. ਪੀ. ਬਬਨਦੀਪ ਸਿੰਘ ਨੇ ਦੱਸਿਆ ਕਿ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਲੱਗਾ ਕਿ ਜਸਪਿੰਦਰ ਸਿੰਘ ਦੀ ਮੌਤ ਜਹਿਰੀਲੀ ਦਵਾਈ ਪੀਣ ਨਾਲ ਹੋਈ ਹੈ। ਜਿਸ 'ਤੇ ਪੁਲਸ ਵੱਲੋਂ ਗੰਭੀਰਤਾ ਨਾਲ ਕੀਤੀ ਜਾਂਚ ਤੋਂ ਬਾਅਦ ਉਕਤ ਸਾਥੀ ਸੇਵਾਦਾਰਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ। ਮ੍ਰਿਤਕ ਕਰਮਚਾਰੀ ਜਸਪਿੰਦਰ ਸਿੰਘ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਕਰਮਚਾਰੀ ਜਥੇ ਸਰਵਣ ਸਿੰਘ ਚੱਕ ਪੱਤੀ ਬਾਲੂ ਬਹਾਦਰ ਦਾ ਭਾਣਜਾ ਸੀ ਅਤੇ 14 ਜਨਵਰੀ ਨੂੰ ਉਸ ਦੀ ਲਾਸ਼ ਕਮਰੇ 'ਚੋਂ ਸ਼ੱਕੀ ਹਾਲਾਤ ਵਿਚ ਮਿਲੀ ਸੀ। ਜਸਪਿੰਦਰ ਸਿੰਘ ਤਕਰੀਬਨ 19 ਕੁ ਸਾਲ ਦਾ ਸੀ ਅਤੇ ਦੋ ਭੈਣਾ ਦਾ ਇਕਲੌਤਾ ਭਰਾ ਸੀ। ਜਸਪਿੰਦਰ ਦੀ ਵੱਡੀ ਭੈਣ ਵਿਆਹੀ ਹੋਈ ਹੈ ਅਤੇ ਛੋਟੀ ਭੈਣ ਕੁਆਰੀ ਹੈ।

ਕੌਮੀ ਪੱਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਫਿਜ਼ੀਓਥੈਰੇਪਿਸਟ ਡਾਕਟਰ ਨੇ ਕੀਤੀ ਖੁਦਕੁਸ਼ੀ, ਸੁਸਾਈਡ ਨੋਟ 'ਚ ਲਿਖ ਦਿੱਤਾ ਮੌਤ ਦਾ ਰਾਜ

ਅਬੋਹਰ 29 ਫਰਵਰੀ। ਲਾਈਨ ਪਾਰ ਖੇਤਰ ਨਵੀਂ ਅਬਾਦੀ ਗਲੀ ਨੰਬਰ 13 ਦੇ ਵਸਨੀਕ ਫਿਜ਼ੀਓਥੈਰੇਪੀ ਡਾਕਟਰ ਨੇ ਪਤੀ-ਪਤਨੀ ਤੋਂ ਪ੍ਰੇਸ਼ਾਨ ਹੋ ਕੇ ਛੱਤ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪਰਿਵਾਰਕ ਮੈਂਬਰਾਂ ਨੂੰ ਘਟਨਾ ਦਾ ਪਤਾ ਲੱਗਦਿਆਂ ਹੀ ਨਰ ਸੇਵਾ ਨਰਾਇਣ ਸੇਵਾ ਸੰਮਤੀ ਦੇ ਮੁਖੀ ਰਾਜੂ ਚਰਾਇਆ ਅਤੇ ਸ਼ੈਰੀ ਨਰੂਲਾ ਨੇ ਮੌਕੇ 'ਤੇ ਪਹੁੰਚ ਕੇ ਸਿਟੀ ਥਾਣਾ ਨੰਬਰ 2 ਦੀ ਪੁਲਸ ਨੂੰ ਸੂਚਿਤ ਕੀਤਾ। ਸਹਾਇਕ ਸਬ-ਇੰਸਪੈਕਟਰ ਭੁਪਿੰਦਰ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਹੇਠਾਂ ਉਤਾਰ ਕੇ ਸਰਕਾਰੀ ਹਸਪਤਾਲ ਪਹੁੰਚਾਇਆ। ਮ੍ਰਿਤਕ ਕੋਲੋਂ ਇਕ ਸੁਸਾਈਡ ਨੋਟ ਵੀ ਮਿਲਿਆ ਹੈ, ਜਿਸ 'ਤੇ ਉਕਤ ਜੋੜੇ ਦਾ ਨਾਂ ਲਿਖਿਆ ਹੋਇਆ ਹੈ। ਪੁਲਸ ਨੇ ਇਸ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦਿਨੇਸ਼ ਕੁਮਾਰ ਲਖੀਰਾ (25) ਪੁੱਤਰ ਹਰੀ ਸ਼ੰਕਰ ਦੇ ਭਰਾ ਮੁਕੇਸ਼ ਨੇ ਦੱਸਿਆ ਕਿ ਜਦੋਂ ਉਹ ਸਵੇਰੇ ਜਾਗਿਆ ਤਾਂ ਉਸ ਨੇ ਘਰ ਵਿਚ ਬਣੇ ਕਲੀਨਿਕ 'ਚ ਆਪਣੇ ਭਰਾ ਦੀ ਲਾਸ਼ ਲਟਕਦੀ ਦੇਖੀ ਤਾਂ ਉਸ ਨੇ ਨਰ ਸੇਵਾ ਸੰਮਤੀ ਦੇ ਮੁਖੀ ਨੂੰ ਸੂਚਨਾ ਦਿੱਤੀ, ਜਿਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਨਗਰ ਥਾਣਾ ਨੰਬਰ 2 ਦੀ ਪੁਲਸ ਨੂੰ ਸੂਚਿਤ ਕੀਤਾ। ਸੁਸਾਈਡ ਨੋਟ 'ਚ ਦਿਨੇਸ਼ ਕੁਮਾਰ ਨੇ ਲਿਖਿਆ ਹੈ ਕਿ ਉਸ ਨੇ ਨਵੀਂ ਆਬਾਦੀ ਦੇ ਰਹਿਣ ਵਾਲੇ ਇਕ ਜੋੜੇ ਵਲੋਂ ਕਿਸੇ ਕੰਪਨੀ 'ਚ 25 ਲੱਖ ਰੁਪਏ ਇਨਵੈਸਟ ਕਰਵਾਏ ਸੀ। ਜਿਸ ਤੋਂ ਬਾਅਦ ਕੰਪਨੀ ਭੱਜ ਗਈ। ਇਸ 25 ਲੱਖ ਰੁਪਏ ਵਿਚੋਂ ਕੁਝ ਪੈਸੇ ਉਸ ਦੇ ਸਨ ਅਤੇ ਕੁਝ ਪੈਸੇ ਉਸ ਨੇ ਹੋਰ ਲੋਕਾਂ ਦੇ ਇਨਵੇਸਟ ਕਰਵਾਏ ਸੀ। ਸੁਸਾਈਡ ਨੋਟ 'ਚ ਉਸ ਨੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦੀ ਜ਼ਿੰਮੇਵਾਰੀ ਉਕਤ ਜੋੜੇ ਨੂੰ ਦਿੱਤੀ ਹੈ। ਸਹਾਇਕ ਸਬ-ਇੰਸਪੈਕਟਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ।

# ਮੋਹਾਲੀ ਦੇ ਹਾਊਸਿੰਗ ਪ੍ਰੋਜੈਕਟਾਂ 'ਚ ਕਰੋੜਾਂ ਦਾ ਘਪਲਾ, ਬਾਜਵਾ ਡਿਵੈਲਪਰ ਦੇ ਮਾਲਕ ਤੇ ਪਟਵਾਰੀ ਖਿਲਾਫ ਮਾਮਲਾ ਦਰਜ

ਚੰਡੀਗੜ੍ਹ 29 ਫਰਵਰੀ। ਖਰੜ ਅਤੇ ਮੁਹਾਲੀ ਦੇ ਹਾਊਸਿੰਗ ਪ੍ਰਾਜੈਕਟਾਂ ਵਿੱਚ ਹੋਈਆਂ ਬੇਨਿਯਮੀਆਂ ਦੀ ਜਾਂਚ ਤੋਂ ਬਾਅਦ ਵਿਜੀਲੈਂਸ ਨੇ ਬਾਜਵਾ ਡਿਵੈਲਪਰ ਦੇ ਮਾਲਕ ਜਰਨੈਲ ਸਿੰਘ ਬਾਜਵਾ, ਚੀਫ ਟਾਊਨ ਪਲਾਨਰ ਪੰਕਜ ਬਾਵਾ ਅਤੇ ਸੇਵਾਮੁਕਤ ਪਟਵਾਰੀ ਲੇਖਰਾਜ ਵਿਰੁੱਧ ਧੋਖਾਧੜੀ, ਜਾਅਲੀ ਦਸਤਾਵੇਜ ਤਿਆਰ ਕਰਨ, ਅਹੁਦੇ ਦੀ ਦੁਰਵਰਤੋਂ ਕਰਨ ਅਤੇ ਫੀਸ ਜਮ੍ਹਾ ਨਾ ਕਰਾਉਣ ਦੇ ਦੋਸ ਹੇਠ ਕੇਸ ਦਰਜ ਕੀਤਾ ਹੈ। ਨਿਯਮਾਂ ਅਨੁਸਾਰ ਕਰੋੜਾਂ ਰੁਪਏ ਦੇ ਗਬਨ ਦਾ ਮਾਮਲਾ ਦਰਜ ਜਾਂਚ ਤੋਂ ਪਤਾ ਲੱਗਾ ਹੈ ਕਿ ਬਾਜਵਾ, ਬਾਵਾ ਅਤੇ ਲੇਖਰਾਜ ਨੇ ਹੋਰ ਅਫਸਰਾਂ ਦੀ ਮਿਲੀਭੁਗਤ ਨਾਲ ਇਸ ਫਰਜੀਵਾੜੇ ਨੂੰ ਅੰਜਾਮ ਦਿੱਤਾ ਹੈ। ਨਿਯਮਾਂ ਦੀ ਅਣਦੇਖੀ ਕਰਕੇ ਪ੍ਰਾਜੈਕਟ ਦਾ ਸੀ.ਐੱਲ.ਯੂ. ਵੀ ਹਾਸਲ ਕੀਤਾ ਗਿਆ ਹੈ। ਇਸ ਦੇ ਨਾਲ ਹੀ 2014, 2015 ਦੌਰਾਨ ਮੈਗਾ ਪ੍ਰੋਜੈਕਟ ਤਹਿਤ ਸੈਕਟਰ 123 ਵਿੱਚ ਕਰੀਬ 78 ਕਮਰਸੀਅਲ ਬੂਥ ਬਿਨਾਂ ਨਕਸਾ ਪਾਸ ਕਰਵਾਏ ਬਣਾਏ ਗਏ ਸਨ। ਇਸ ਕਾਰਨ ਸਰਕਾਰ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਭਾਵ, ਜੋ ਫੀਸ ਨਕਸੇ ਦੇ ਰੂਪ ਵਿੱਚ ਲੈਣੀ ਸੀ, ਉਹ ਨਹੀਂ ਲਈ ਗਈ। ਸ਼ਿਕਾਇਤ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੈਸਰਜ ਬਾਜਵਾ ਡਿਵੈਲਪਰਜ ਲਿਮਟਿਡ ਸੰਨੀ ਐਨਕਲੇਵ ਦੀ ਤਰਫੋਂ ਪਿੰਡ ਸਿੰਘਪੁਰ, ਹਸਨਪੁਰ ਅਤੇ ਪਿੰਡ ਜੰਡਪੁਰ ਜ਼ਿਲ੍ਹਾ ਮੁਹਾਲੀ ਦੀ ਕਰੀਬ 179 ਏਕੜ ਜਮੀਨ ਦੇਸੂ ਮਾਜਰਾ ਖਰੜ ਰਿਹਾਇਸ਼ੀ 22 ਮਾਰਚ 2013 ਨੂੰ ਅਧਿਕਾਰਤ ਕਮੇਟੀ ਦੀ ਮੀਟਿੰਗ ਵਿੱਚ ਪਾਸ ਕਰਕੇ




ਆਯੋਜਿਤ ਕੀਤਾ ਗਿਆ। ਉਸ ਸਮੇਂ ਲਏ ਗਏ ਫੈਸਲੇ ਅਨੁਸਾਰ, ਪ੍ਰਮੋਟਰ ਨੇ ਮੈਗਾ ਪ੍ਰੋਜੈਕਟਾਂ ਦੇ ਸਬੰਧ ਵਿੱਚ ਕੈਂਸਰ ਰਾਹਤ ਫੰਡ ਵਿੱਚ ਪ੍ਰੋਜੈਕਟ ਲਾਗਤ ਦਾ 1 ਪ੍ਰਤੀਸ਼ਤ ਜਾਂ ਵੱਧ ਤੋਂ ਵੱਧ 1 ਕਰੋੜ ਰੁਪਏ ਸਰਕਾਰ ਕੋਲ ਜਮ੍ਹਾ ਨਹੀਂ ਕਰਵਾਏ ਅਤੇ ਮੈਗਾ ਪ੍ਰੋਜੈਕਟ ਸਬੰਧੀ ਪੁੱਡਾ ਦਫਤਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਨਿਯਮਾਂ ਅਨੁਸਾਰ ਕੋਈ ਕਾਰਵਾਈ ਨਹੀਂ ਕੀਤੀ ਗਈ ਹੁਣ ਵਿਜੀਲੈਂਸ ਬਿਊਰੋ ਦੇ ਜਾਂਚ ਅਧਿਕਾਰੀ ਇਹ ਪਤਾ ਲਗਾਉਣ ਲਈ ਸਾਰੇ ਦਸਤਾਵੇਜਾਂ ਦੀ ਘੋਖ ਕਰਨ ਵਿੱਚ ਰੁੱਝੇ ਹੋਏ ਹਨ ਕਿ ਬਾਜਵਾ ਡਿਵੈਲਪਰ ਵੱਲੋਂ ਕਿਹੜੀਆਂ ਵਪਾਰਕ ਸਾਈਟਾਂ ਨੂੰ ਮਨਜੂਰੀ ਦਿੱਤੀ ਗਈ ਸੀ। ਮੁਹਾਲੀ ਦੇ ਪਿੰਡ ਜੰਡਪੁਰ, ਸਿੰਘਪੁਰ ਅਤੇ ਹਸਨਪੁਰ ਦੇ ਸਬੰਧਤ ਖੇਤਰਾਂ ਦੀਆਂ ਰਜਿਸਟਰੀਆਂ ਜੋ ਗਮਾਡਾ ਦੇ ਨਾਂ 'ਤੇ ਕੀਤੀਆਂ ਗਈਆਂ ਸਨ, ਉਸ ਦਾ ਇੰਤਕਾਲ ਦੇ 7 ਸਾਲ ਬਾਅਦ ਵੀ ਗਮਾਡਾ ਦੇ ਨਾਂ 'ਤੇ ਰਜਿਸਟਰੀਆਂ ਨਹੀਂ ਕੀਤੀਆਂ ਗਈਆਂ। ਉਹ ਜਮੀਨਾਂ ਅਜੇ ਵੀ ਉਨ੍ਹਾਂ ਜਮੀਨ ਮਾਲਕਾਂ ਦੇ ਨਾਂ ਹਨ। ਜਾਂਚ ਦੌਰਾਨ ਇਸ ਸਾਰੀ ਖੇਡ ਵਿੱਚ ਗਮਾਡਾ ਦੇ ਉੱਚ ਅਧਿਕਾਰੀਆਂ ਦੀ ਮਿਲੀਭੁਗਤ ਦਾ ਖੁਲਾਸਾ ਹੋਇਆ। ਜਾਂਚ ਤੋਂ ਬਾਅਦ ਥਾਣਾ ਵਿਜੀਲੈਂਸ ਬਿਊਰੋ, ਐਫਐਸ-1, ਮੁਹਾਲੀ ਵਿਖੇ ਜਰਨੈਲ ਸਿੰਘ ਬਾਜਵਾ, ਪੰਕਜ ਬਾਵਾ ਅਤੇ ਲੇਖ ਰਾਜ (ਹੁਣ ਸੇਵਾਮੁਕਤ) ਵਾਸੀ ਮਕਾਨ ਨੰਬਰ 55 ਸੈਕਟਰ 118 ਦੇ ਖ਼ਿਲਾਫ ਕੇਸ ਦਰਜ ਕੀਤਾ ਗਿਆ ਹੈ।

## ਡਿਊਟੀ ਦੌਰਾਨ ਥਾਣੇ 'ਚ ਸ਼ਰਾਬ ਪੀਣ ਵਾਲੇ ਸਬ-ਇੰਸਪੈਕਟਰ 'ਤੇ ਵੱਡੀ ਕਾਰਵਾਈ

ਅੰਮ੍ਰਿਤਸਰ 29 ਫਰਵਰੀ। ਗੁਰੂ ਨਗਰੀ 'ਚ ਇਕ ਵਾਰ ਮੁੜ ਪੰਜਾਬ ਪੁਲਸ ਦੇ ਇਕ ਜਵਾਨ ਦੀ ਹੈਰਾਨ ਕਰਨ ਵਾਲੀ ਵੀਡੀਓ ਸਾਹਮਣੇ ਆਈ ਹੈ। ਦੱਸਿਆ ਜਾਂਦਾ ਹੈ ਕਿ ਉਕਤ ਪੁਲਸ ਮੁਲਾਜਮ ਥਾਣਾ 'ਏ' ਡਵੀਜਨ (ਰਾਮ ਬਾਗ) ਨਾਲ ਸਬੰਧਤ ਹੈ। ਉਸ ਦਾ ਰੈਂਕ ਸਬ-ਇੰਸਪੈਕਟਰ ਦਾ ਹੈ। ਵਾਇਰਲ ਹੋਈ ਵੀਡੀਓ 'ਚ ਉਕਤ ਪੁਲਸ ਮੁਲਾਜਮ ਸਰੇਆਮ ਸਰਾਬ ਪੀਂਦਾ ਨਜਰ ਆ ਰਿਹਾ ਹੈ। ਵੀਡੀਓ 'ਚ ਸਾਫ ਵੇਖਿਆ ਜਾ ਸਕਦਾ ਹੈ ਕਿ ਇਕ ਪਾਸੇ ਜਿੱਥੇ ਲੋਕ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਪਹੁੰਚੇ ਹੋਏ ਹਨ, ਉਥੇ ਹੀ ਉਕਤ ਥਾਣੇ ਦਾ ਸਬ-ਇੰਸਪੈਕਟਰ ਆਪਣੀ ਵਰਦੀ ਲਾਹ ਕੇ ਥਾਣੇ 'ਚ ਹੀ ਸਰਾਬ ਪੀ ਰਿਹਾ ਹੈ। ਜਾਣਕਾਰੀ ਅਨੁਸਾਰ ਇਹ ਘਟਨਾ ਸ਼ਨੀਵਾਰ ਰਾਤ ਦੀ ਦੱਸੀ ਜਾ ਰਹੀ ਹੈ। ਵੀਡੀਓ 'ਚ ਜਦੋਂ ਕੁਝ ਲੋਕ ਸ਼ਿਕਾਇਤ ਦਰਜ ਕਰਵਾਉਣ ਲਈ ਰਾਤ ਨੂੰ ਥਾਣੇ ਪਹੁੰਚੇ ਤਾਂ ਥਾਣੇ 'ਚ ਤਾਇਨਾਤ ਸਬ-ਇੰਸਪੈਕਟਰ ਸਰਾਬ ਦੀ ਬੋਤਲ ਲੈ ਕੇ ਬੈਠਾ ਨਜਰ ਆਇਆ। ਇਸ ਵੀਡੀਓ ਦੇ ਵਾਇਰਲ ਹੋਣ ਕਾਰਨ ਪੁਲਸ ਪ੍ਰਸਾਸਨ 'ਚ ਭੜਥੂ ਮਚ ਗਿਆ ਹੈ। ਹੁਣ ਉਕਤ ਪੁਲਸ ਮੁਲਾਜਮ ਖ਼ਿਲਾਫ ਵਿਭਾਗ ਕੀ ਕਾਰਵਾਈ ਕਰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ ਪਰ ਪੂਰੇ ਸੂਬੇ 'ਚ ਇਸ ਵੀਡੀਓ ਦੀ ਚਰਚਾ ਹੋ ਰਹੀ ਹੈ। ਕੁਝ ਦਿਨ ਪਹਿਲਾਂ ਵੀ ਪੰਜਾਬ ਦੇ ਇੱਕ ਜ਼ਿਲ੍ਹੇ 'ਚ ਅਜਿਹਾ ਹੀ ਇੱਕ ਵੀਡੀਓ ਵਾਇਰਲ ਹੋਇਆ ਸੀ, ਜਿਸ ਵਿੱਚ ਏ. ਐੱਸ. ਆਈ. ਰੈਂਕ ਦਾ ਇਕ ਮੁਲਾਜਮ ਨਸੇ ਦੀ ਹਾਲਤ ਵਿੱਚ ਨੱਚਦਾ ਨਜਰ ਆ ਰਿਹਾ ਸੀ।

# ਗੁਰਦਾਸਪੁਰ ਤੋਂ ਸ਼ਰਮਨਾਕ ਕਾਰਾ, 5 ਮਹੀਨੇ ਦੀ ਵਿਆਹੁਤਾ ਨੂੰ ਪਤੀ ਦੇ ਸਾਹਮਣੇ ਅਗਵਾ ਕਰ ਕੇ ਕੀਤਾ ਜਬਰ-ਜਿਨਾਹ

ਗੁਰਦਾਸਪੁਰ 29 ਫਰਵਰੀ। 5 ਮਹੀਨੇ ਦੀ ਵਿਆਹੁਤਾ ਔਰਤ ਨੂੰ ਪਤੀ ਦੇ ਸਾਹਮਣੇ ਹੀ ਹਥਿਆਰਾਂ ਦੀ ਨੋਕ 'ਤੇ ਅਗਵਾ ਕਰਨ ਤੋਂ ਬਾਅਦ ਉਸ ਨੂੰ ਵੱਖ-



ਵੱਖ ਥਾਵਾਂ 'ਤੇ ਲੈ ਜਾ ਕੇ ਜਬਰਜਿਨਾਹ ਦਾ ਸ਼ਿਕਾਰ ਬਣਾਉਣ ਦੇ ਮਾਮਲੇ 'ਚ ਪੁਰਾਣਾ ਸ਼ਾਲਾ ਪੁਲਸ ਨੇ ਇੱਕ ਵਿਅਕਤੀ ਅਤੇ ਚਾਰ ਅਣਪਾਛਤੇ ਵਿਅਕਤੀਆਂ ਖ਼ਿਲਾਫ ਧਾਰਾ 365, 376, ਤੇ 506 ਆਈ.ਪੀ.ਸੀ ਤਹਿਤ ਮਾਮਲਾ ਦਰਜ ਕੀਤਾ ਹੈ। ਫਿਲਹਾਸ ਅਜੇ ਮੁਲਜਮ ਫਰਾਰ ਦੱਸੇ ਜਾ ਰਹੇ ਹਨ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਅਮਨਪ੍ਰੀਤ ਕੌਰ ਨੇ ਦੱਸਿਆ ਕਿ ਪੁਲਸ ਥਾਣਾ ਪੁਰਾਣਾ ਸਾਲਾ ਦੇ ਪਿੰਡ ਦੀ ਰਹਿਣ ਵਾਲੀ ਗੁਜਰ ਭਾਈਚਾਰੇ ਦੇ ਨਾਲ ਸਬੰਧਿਤ ਵਿਆਹੁਤਾ ਮਹਿਲਾ ਨੇ ਸ਼ਿਕਾਇਤ 'ਚ ਦੱਸਿਆ ਗਿਆ ਕਿ ਮਿਤੀ 6-2-24 ਕਰੀਬ 12.00 ਵਜੇ ਰਾਤ ਮੈਂ ਅਤੇ ਮੇਰਾ ਪਤੀ ਆਪਣੇ ਘਰ ਸੁੱਤੇ ਹੋਏ ਸੀ। ਜਿਸ ਦੌਰਾਨ ਮੁਲਜਮ ਕੁਲਵਿੰਦਰ ਸਿੰਘ ਉਰਫ ਡਿੰਪਲ ਪੁੱਤਰ ਅਜੀਤ ਸਿੰਘ ਵਾਸੀ ਅਜੀਤ ਨਗਰ ਥਾਣਾ ਦੀਨਾਨਗਰ ਆਪਣੇ 4 ਹੋਰ ਅਣਪਛਾਤੇ ਸਾਥੀਆਂ ਨਾਲ ਆਇਆ ਅਤੇ ਹਥਿਆਰਾਂ ਦੀ ਨੋਕ 'ਤੇ ਉਸ ਨੂੰ ਜਬਰਦਸਤੀ ਘਰੋਂ ਚੁੱਕ ਕੇ ਆਪਣੀ ਇਨੋਵਾ ਗੱਡੀ ਵਿੱਚ ਬਿਠਾ ਕੇ ਚੰਡੀਗੜ੍ਹ ਲੈ ਗਿਆ। ਜਿਸ ਤੋਂ ਬਾਅਦ ਉਹ ਆਪਣੀ ਭੈਣ ਕੋਲ ਕਪੂਰਥਲਾ ਅਤੇ ਫਿਰ ਪਠਾਨਕੋਟ ਡਲਹੋਜੀ ਅਤੇ ਹੁਣ ਪਿੰਡ ਸਾਦੀਪੁਰ ਲੈ ਕੇ ਆਇਆ ਸੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਇਨ੍ਹਾਂ ਸਾਰੀਆਂ ਜਗ੍ਹਾ 'ਤੇ ਮੁਲਜਮ ਕੁਲਵਿੰਦਰ ਸਿੰਘ ਨੇ ਮੇਰੀ ਸਹਿਮਤੀ ਤੋਂ ਬਿਨਾਂ ਮੇਰੇ ਨਾਲ ਜਬਰਜਿਨਾਹ ਕੀਤਾ ਅਤੇ ਇਸ ਬਾਰੇ ਕਿਸੇ ਨੂੰ ਦੱਸਣ 'ਤੇ ਜਾਨੋ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਸ਼ਿਕਾਇਤਕਰਤਾ ਪੀੜਤਾ ਨੇ ਦੱਸਿਆ ਕਿ ਜਦ 23.02.24 ਨੂੰ ਕੁਲਵਿੰਦਰ ਸਿੰਘ ਕਿਤੇ ਬਾਹਰ ਗਿਆ ਹੋਇਆ ਸੀ ਤਾਂ ਮੈਂ ਹੋਲੀ ਅਜਿਹੀ ਆਲੇ-ਦੁਆਲੇ ਦੇਖ ਕੇ ਉਸ ਦੇ ਚੁੰਗਲ 'ਚੋ ਨਿਕਲ ਕੇ ਰਾਤ ਕਰੀਬ 09:00 ਵਜੇ ਆਪਣੇ ਘਰ ਪਹੁੰਚੀ ਅਤੇ ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ। ਮਹਿਲਾ ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਵੱਲੋਂ ਸਾਰੀ ਜਾਂਚ ਪੜਤਾਲ ਕਰਨ ਉਪਰੰਤ ਕੁਲਵਿੰਦਰ ਸਿੰਘ ਵਾਸੀ ਅਜੀਤ ਨਗਰ ਪੁਲਸ ਥਾਣਾ ਦੀਨਾਨਗਰ ਅਤੇ 4 ਹੋਰ ਅਣਪਛਾਤੇ ਵਿਅਕਤੀਆਂ ਖ਼ਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਫਾਜ਼ਿਲਕਾ 'ਚ ਬਾਰਾਤ 'ਤੇ ਹਮਲਾ, ਚੱਲੀਆਂ ਕਿਰਪਾਨਾਂ

ਫਾਜ਼ਿਲਕਾ 29 ਫਰਵਰੀ। ਫਾਜ਼ਿਲਕਾ ਦੇ ਰਾਜਾ ਸਿਨੇਮਾ ਰੋਡ 'ਤੇ ਇਕ ਪੈਲਸ 'ਚ ਵਿਆਹ ਸਮਾਗਮ ਦੌਰਾਨ ਡੀ.ਜੇ. 'ਤੇ ਗੀਤ ਚਲਾਉਣ ਨੂੰ ਲੈ ਕੇ ਮੁੰਡੇ ਅਤੇ ਕੁੜੀ ਵਾਲਿਆਂ ਵਿਚਕਾਰ ਹੋਈ ਲੜਾਈ 'ਚ ਕੁੜੀ ਵਾਲਿਆਂ ਦੇ ਰਿਸ਼ਤੇਦਾਰਾਂ ਵੱਲੋਂ ਮੁੰਡੇ ਵਾਲਿਆਂ 'ਤੇ ਹਮਲਾ ਕਰਕੇ ਜ਼ਖ਼ਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਝੜਪ ਵਿਚ ਲਾੜੇ ਦਾ ਪਿਤਾ ਅਤੇ ਭਰਾ ਗੰਭੀਰ ਜਖਮੀ ਹੋ ਗਏ। ਫਾਜ਼ਿਲਕਾ ਦੇ ਸਿਵਲ ਹਸਪਤਾਲ 'ਚ ਭਰਤੀ ਵਿਜੈ ਸਿੰਘ ਨੇ ਦੱਸਿਆ ਕਿ ਐਤਵਾਰ ਨੂੰ ਵਿਆਹ ਸਮਾਗਮ ਸੀ ਅਤੇ ਉਹ ਛੋਟੇ ਟਿਵਾਣੇ ਤੋਂ ਫਾਜ਼ਿਲਕਾ ਦੇ ਅਰੋੜਵੰਸ਼ ਭਵਨ ਆਏ ਹੋਏ ਸਨ। ਇਸ ਦੌਰਾਨ ਜਦੋਂ ਵਿਆਹ 'ਚ ਡੀ.ਜੇ. ਚੱਲ ਰਿਹਾ ਸੀ ਤਾਂ ਕੁੜੀ ਵਾਲਿਆਂ ਦੇ ਰਿਸ਼ਤੇਦਾਰ ਵੱਲੋਂ ਡੀ.ਜੇ. 'ਤੇ ਇੱਕ ਗਾਣਾ ਚਲਾਉਣ ਦੀ ਫਰਮਾਇਸ਼ ਕੀਤੀ ਗਈ। ਇਸ 'ਤੇ ਜਦੋਂ ਉਸ ਦੀ ਫਰਮਾਇਸ਼ ਵਾਲਾ ਗਾਣਾ ਨਹੀਂ ਲੱਗਿਆ ਤਾਂ ਉਨ੍ਹਾਂ ਨੇ ਮੁੰਡੇ ਇਕੱਠੇ ਕਰ ਲਏ। ਜਿੰਨਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਜਿਸ ਕਰਕੇ ਉਹ ਜ਼ਖ਼ਮੀ ਹੋ ਗਏ। ਇਸ ਝੜਪ ਵਿਚ ਲਾੜੇ ਦਾ ਪਿਤਾ ਅਤੇ ਭਰਾ ਗੰਭੀਰ ਜਖਮੀ ਹੋ ਗਏ, ਜਿਨ੍ਹਾਂ ਦਾ ਇਲਾਜ ਹਸਪਤਾਲ ਵਿਚ ਚੱਲ ਰਿਹਾ ਹੈ। ਜਖਮੀ ਨੇ ਦੱਸਿਆ ਕਿ ਉਨ੍ਹਾਂ 'ਤੇ ਅਚਾਨਕ ਕਿਰਪਾਨਾਂ ਨਾਲ ਹਮਲਾ ਕੀਤਾ ਗਿਆ ਹੈ, ਹਮਲਾ ਕਰਨ ਵਾਲਿਆਂ ਨੂੰ ਉਹ ਪਛਾਣ ਨਹੀਂ ਸਕੇ ਹਨ।

# ਨੈਸ਼ਨਲ ਹਾਈਵੇ 'ਤੇ ਡਿਵਾਈਡਰ ਨੂੰ ਤੋੜ ਕੇ ਲੋਕਾਂ ਵਲੋਂ ਬਣਾਏ ਗਏ ਰਸਤੇ ਬਣ ਰਹੇ ਹਾਦਸਿਆਂ ਦਾ ਕਾਰਨ

ਹਰੀਕੇ ਪੱਤਣ 29 ਫਰਵਰੀ। ਹਰੀਕੇ ਨੈਸ਼ਨਲ ਹਾਈਵੇ ਬਠਿੰਡਾ-ਅੰਮ੍ਰਿਤਸਰ ਰਾਸ਼ਟਰੀ ਮਾਰਗ 54 'ਤੇ ਨੈਸ਼ਨਲ ਹਾਈਵੇ ਅਥਾਰਿਟੀ ਵਲੋਂ ਬਣਾਏ ਗਏ ਡਿਵਾਈਡਰ ਨੂੰ ਤੋੜ ਕੇ ਜਿਸ ਤਰ੍ਹਾਂ ਨਾਲ ਲੋਕਾਂ ਵਲੋਂ ਆਪਣੀ ਮਰਜ਼ੀ ਦੇ ਨਾਲ ਸ਼ਾਟਕੱਟ ਰਸਤੇ ਬਣਾਏ ਹੋਏ ਹਨ, ਉਹ ਲੋਕਾਂ ਦੀ ਮੌਤ ਦਾ ਕਾਰਨ ਬਣ ਰਹੇ ਹਨ, ਇਸ ਹਾਈਵੇ ਤੋਂ ਹਰ ਰੋਜ਼ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ, ਨੈਸ਼ਨਲ ਹਾਈਵੇ ਅਥਾਰਿਟੀ ਦੇ ਅਧਿਕਾਰੀ ਲੰਘਦੇ ਹਨ, ਕਿਸੇ ਵੀ ਅਧਿਕਾਰੀ ਵਲੋਂ ਇਨ੍ਹਾਂ ਰਸਤਿਆਂ ਨੂੰ ਬੰਦ ਕਰਨ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾਂ ਰਿਹਾ। ਜਿਸ ਕਾਰਨ ਹਰ ਸਾਲ ਇਸ ਲੋਕ ਇਨ੍ਹਾਂ ਸ਼ਾਟਕੱਟ ਰਸਤਿਆਂ ਰਾਹੀਂ ਲੰਘਦੇ ਸਮੇਂ ਸੜਕ ਹਾਦਸਿਆਂ ਦਾ ਕਾਰਨ ਬਣਦੇ ਹਨ ਅਤੇ ਆਪਣੀ ਕੀਮਤੀ ਜਾਨਾਂ ਤੋਂ ਹੱਥ ਧੋਹ ਬੈਠਦੇ ਹਨ। ਕਸਬਾ ਹਰੀਕੇ ਪੱਤਣ ਦੇ ਨਵੇਂ ਬਣੇ ਬਾਈਪਾਸ ਪੁੱਲ ਤੋਂ ਲੈ ਕੇ ਖਾਰੇਵਾਲੇ ਪੁੱਲ ਤੱਕ ਕਈ ਅਜਿਹੇ ਵੱਡੇ ਕੱਟ ਡਿਵਾਈਡਰਾਂ ਨੂੰ ਤੋੜ ਕੇ ਬਣਾਏ ਗਏ ਹਨ, ਜੋ ਕਿ ਹਰ ਰੋਜ਼ ਕਈ ਸੜਕ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ, ਇਸ ਸਬੰਧੀ ਰਾਸ਼ਟਰੀ ਰਾਜਮਾਰਗ ਅਥਾਰਿਟੀ ਨੂੰ ਪੱਤਰ ਲਿਖ ਕੇ ਇਹ ਨਾਜਾਇਜ਼ ਰਸਤਿਆਂ ਨੂੰ ਬੰਦ ਕਰਨ ਨੂੰ ਕਿਹਾ ਜਾਵੇਗਾ ਤਾਂ ਜੋ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਜੇਕਰ ਵੇਖਿਆ ਜਾਵੇ ਤਾਂ ਇਸ ਨੈਸ਼ਨਲ ਹਾਈਵੇ 'ਤੇ ਪੱਟੀ-ਪ੍ਰਿੰਗੜੀ ਵਾਲੀ ਮੁੱਖ ਸੜਕਾਂ ਜੋ ਕਸਬਾ ਹਰੀਕੇ ਨੂੰ ਦਰਜਨਾਂ ਪਿੰਡਾਂ ਨੂੰ ਜੋੜਦੀ ਹੈ। ਇਸ ਹਾਈਵੇ ਪਾਸ ਕਰਨ ਸਮੇਂ ਲੋਕ ਸ਼ਾਟਕੱਟ ਰਸਤਿਆਂ ਨੂੰ ਪਹਿਲ ਦਿੰਦੇ ਹਨ, ਜਿਵੇਂ ਸਕੂਲ, ਹੋਟਲ, ਹਸਪਤਾਲ ਸ਼ੋਅ ਰੂਮ ਅਜਿਹੇ ਹਨ, ਜਿੱਥੇ ਲੋਕ ਆਉਣ ਜਾਣ ਲਈ ਇਨ੍ਹਾਂ ਸ਼ਾਟਕੱਟ ਰਸਤਿਆਂ ਨੂੰ ਮੋਟਰਸਾਈਕਲਾਂ ਰਾਹੀਂ ਪਹਿਲ ਦਿੰਦੇ ਹਨ। ਮੁੱਖ ਰਸਤਾ ਪੱਟੀ-ਪ੍ਰਿੰਗੜੀ, ਹਰੀਕੇ ਨੂੰ ਇਹ ਰਸਤਾ ਲੱਗਦਾ ਹੈ। ਜੇਕਰ ਕਿਸੇ ਹਸਪਤਾਲ, ਸਕੂਲ, ਹੋਟਲ ਜਾਂ ਪਿੰਡਾਂ ਦੇ ਲੋਕਾਂ ਨੂੰ ਘਰੇਲੂ ਸਾਮਾਨ ਲੈਣ ਲਈ ਜਾਣਾ ਹੋਵੇ ਤਾਂ ਉਸ ਨੂੰ 2 ਕਿਲੋਮੀਟਰ ਅੰਡਰਬ੍ਰਿਜ਼ ਤੋਂ ਘੁੰਮ ਕੇ ਸਿੱਧੇ ਰਾਹ ਜਾਣਾ ਪੈਂਦਾ ਹੈ, ਜਿਸ ਕਾਰਨ ਲੋਕ ਇਨ੍ਹਾਂ ਸਫਰ ਤੈਅ ਕਰਨ ਦੀ ਬਿਜਾਏ ਸ਼ਾਟਕੱਟ ਰਸਤੇ ਨੂੰ ਪਹਿਲ ਦੇ ਰਹੇ ਹਨ ਜੋ ਕਿ ਕਈ ਵਾਰ ਉਨ੍ਹਾਂ ਦੀ ਮੌਤ ਦਾ ਕਾਰਨ ਬਣਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ। ਉਹ ਸ਼ਾਟਕੱਟ ਰਸਤਿਆਂ ਵੱਲ ਦੀ ਨਾ ਜਾਣ ,ਜ਼ਿਲ੍ਹਾ ਪ੍ਰਸ਼ਾਸਨ ਇਸ ਕੱਟ ਰਸਤਿਆਂ ਨੂੰ ਤੁਰੰਤ ਮਜ਼ਬੂਤ ਕਰਕੇ ਬੰਦ ਕੀਤਾ ਜਾਵੇ ।

## ਜਨਵਰੀ 'ਚ 18 ਮਹੀਨਿਆਂ ਦੇ ਉੱਚ ਪੱਧਰ 'ਤੇ ਪੁੱਜੀ ਦੇਸ਼ ਦੀ ਇਸਪਾਤ ਬਰਾਮਦ

ਨਵੀਂ ਦਿੱਲੀ 29 ਫਰਵਰੀ। ਦੇਸ਼ ਦੀ ਮਹੀਨਾਵਾਰ ਇਸਪਾਤ ਬਰਾਮਦ ਜਨਵਰੀ 2024 'ਚ 11 ਲੱਖ ਟਨ ਦੇ 18 ਮਹੀਨੇ ਦੇ ਉੱਚ ਪੱਧਰ 'ਤੇ ਪਹੁੰਚ ਗਿਆ ਹੈ। 'ਸਟੀਲਮਿੰਟ' ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਯੂਰਪੀ ਸੰਘ ਦੀ ਮੰਗ ਵਧਣ ਅਤੇ ਵਿਸ਼ਵ ਪੱਧਰ 'ਤੇ ਅਨੁਕੂਲ ਕੀਮਤਾਂ ਕਾਰਨ ਇਸਪਾਤ ਬਰਾਮਦ ਦਾ ਅੰਕੜਾ ਚੰਗਾ ਰਿਹਾ ਹੈ। ਸੋਧ ਕੰਪਨੀ ਸਟੀਲਮਿੰਟ ਦੀ ਤਾਜ਼ਾ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਤੋਂ ਇਲਾਵਾ ਘਰੇਲੂ ਪੱਧਰ 'ਤੇ ਮੁਕਾਬਲੇਬਾਜ ਕੀਮਤਾਂ ਨੇ ਬਰਾਮਦ ਵਾਧੇ 'ਚ ਯੋਗਦਾਨ ਦਿੱਤਾ ਹੈ। ਜਨਵਰੀ 2023 'ਚ ਇਸਪਾਤ ਦੀ ਬਰਾਮਦ 6.7 ਲੱਖ ਟਨ



ਰਹੀ ਸੀ। ਬਰਾਮਦ 'ਚ ਵਾਧੇ ਦੇ ਕਾਰਨਾਂ 'ਤੇ ਸਟੀਲਮਿੰਟ ਨੇ ਕਿਹਾ,"ਯੂਰਪੀ ਸੰਘ (ਈ.ਯੂ.) ਦੀ ਭੰਡਾਰ ਨੂੰ ਭਰਨ ਦੀ ਮੰਗ ਨੇ ਜਨਵਰੀ 'ਚ ਕੁਲ ਬਰਾਮਦ 'ਚ 67 ਫੀਸਦੀ ਦਾ ਯੋਗਦਾਨ ਦਿੱਤਾ ਹੈ। ਇਹ ਪਿਛਲੇ 18 ਮਹੀਨਿਆਂ ਦਾ ਸਭ ਤੋਂ ਵੱਡਾ ਉੱਚਾ ਅੰਕੜਾ ਹੈ।" ਦੇਸ਼ 'ਚ ਹਾਟ ਰੋਲਡ ਕਾਇਲ (ਐੱਚ. ਆਰ. ਸੀ.) ਦੀ ਕੀਮਤ ਜਿੱਥੇ 54,300 ਰੁਪਏ ਪ੍ਰਤੀ ਟਨ ਸੀ, ਉੱਥੇ ਵਿਸ਼ਵ ਪੱਧਰ 'ਤੇ ਇਹ 710 ਡਾਲਰ (ਲਗਭਗ 5800 ਰੁਪਏ) ਪ੍ਰਤੀ ਟਨ ਸੀ। ਦੱਸ ਦੇਈਏ ਕਿ ਇਸ ਕਾਰਕ ਨੇ ਵੀ ਵਿਸ਼ਵ ਪੱਧਰ 'ਤੇ ਇਸਪਾਤ ਦੀ ਮੰਗ 'ਚ ਯੋਗਦਾਨ ਦਿੱਤਾ। ਸਟੀਲਮਿੰਟ ਨੇ ਕਿਹਾ,"ਚੀਨ 'ਚ ਛੁੱਟੀਆਂ ਅਤੇ ਵਿਅਤਨਾਮ 'ਚ ਤਿਉਹਾਰ ਕਾਰਨ ਨੇੜਲੇ ਭਵਿੱਖ 'ਚ ਕੁਲ ਮਿਲਾ ਕੇ ਭਾਰਤੀ ਇਸਪਾਤ ਬਰਾਮਦ ਕਾਫੀ ਹੱਦ ਤੱਕ ਸੀਮਿਤ ਘੇਰੇ 'ਚ ਰਹਿ ਸਕਦੀ ਹੈ ਜਾਂ ਇਸ 'ਚ ਥੋੜ੍ਹੀ ਗਿਰਾਵਟ ਆ ਸਕਦੀ ਹੈ।"

## ਪਿੰਡ ਫਤਿਹਗੜ੍ਹ ਛੰਨਾ ਦੇ ਨੌਜਵਾਨ ਸਤਿਗੁਰੂ ਸਿੰਘ ਦੀ ਨਿਊਜ਼ੀਲੈਂਡ 'ਚ ਸੜਕ ਹਾਦਸੇ ਦੌਰਾਨ ਮੌਤ

ਸਮਾਣਾ 29 ਫਰਵਰੀ। ਪਿਛਲੇ ਹਫ਼ਤੇ ਨਿਊਜ਼ੀਲੈਂਡ 'ਚ ਵਾਪਰੇ ਇਕ ਸੜਕ ਹਾਦਸੇ 'ਚ ਪਿੰਡ ਫਤਿਹਗੜ੍ਹ ਛੰਨਾ ਦੇ ਨੌਜਵਾਨ ਦੀ ਮੌਤ ਹੋ ਗਈ ਸੀ। ਮ੍ਰਿਤਕ ਨੌਜਵਾਨ ਦੀ ਲਾਸ਼ ਉਸ ਦੇ ਜੱਦੀ ਪਿੰਡ ਪਹੁੰਚਣ 'ਤੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਪਰਿਵਾਰ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਸਤਿਗੁਰੂ ਸਿੰਘ (34) ਪੁੱਤਰ ਹਰਪਾਲ ਸਿੰਘ ਰੋਜ਼ੀ ਰੋਟੀ ਲਈ ਕਰੀਬ ਇਕ ਸਾਲ ਪਹਿਲਾਂ ਨਿਊਜ਼ੀਲੈਂਡ ਗਿਆ ਸੀ। ਪਿਛਲੇ ਹਫ਼ਤੇ ਉਹ ਸੜਕ ਹਾਦਸੇ 'ਚ ਆਪਣੀ ਜਾਨ ਗੁਆ ਬੈਠਾ ਸੀ। ਬੀਤੇ ਕੱਲ ਉਸ ਦੀ ਲਾਸ਼ ਪਿੰਡ ਪਹੁੰਚੀ ਸੀ। ਗਮਗੀਨ ਮਾਹੌਲ 'ਚ ਉਸ ਦਾ ਸੰਸਕਾਰ ਕੀਤਾ ਗਿਆ। ਇਸ ਦੁਖਦ ਘਟਨਾ ਤੋਂ ਬਾਅਦ ਪੂਰੇ ਪਿੰਡ 'ਚ ਗਮਗੀਨ ਮਾਹੌਲ ਦੇਖਣ ਨੂੰ ਮਿਲਿਆ। ਪਿੰਡ ਦੇ ਸਾਬਕਾ ਸਰਪੰਚ ਰਜਿੰਦਰ ਸਿੰਘ ਨੇ ਦੱਸਿਆ ਕਿ ਸਤਿਗੁਰੂ ਸਿੰਘ ਆਮ ਕਿਸਾਨ ਪਰਿਵਾਰ ਨਾਲ ਸਬੰਧਤ ਸੀ ਅਤੇ ਥੋੜ੍ਹਾ ਸਮਾਂ ਪਹਿਲਾਂ ਹੀ ਵਿਦੇਸ਼ ਗਿਆ ਸੀ। ਇਸ ਘਟਨਾ ਤੋਂ ਬਾਅਦ ਜਿੱਥੇ ਪਰਿਵਾਰਕ ਮੈਂਬਰਾਂ ਦਾ ਰੋ ਰੋ ਕੇ ਬੁਰਾ ਹਾਲ ਹੈ, ਉਥੇ ਹੀ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ ਹੈ।


**NAME CHANGE**

I, Nadeem Ahamad s/o Mohd Ayyub R/o P-29A, Gali No.5, Batla House Okhla, Delhi-110025, have changed my name to Nadeem Ahmad Permanently

**NAME CHANGE**

I, GAGANDEEP CHHABRA S/O AMARJEET SINGH CHHABRA R/O HOUSE NO.65/50,NEW ROHTAK ROAD KAROL BAGH CENTRAL DELHI -110005 HAVE CHANGE MY NAME FROM GAGANDEEP CHHABRA TO GAGANDEEP SINGH CHHABRA FOR ALL PURPOSES.

**PUBLIC NOTICE**

It is for general information that I, YATENDRA SINGH S/o JAY PAL SINGH R/o Village Luharli, PO Luharli, Distt. Gautam Budh Nagar, State Uttar Pradesh-203207 declare that name of mine has been wrongly written as YATENDER SINGH in my Service Record. The actual name of mine is YATENDRA SINGH, which may be amended accordingly.

**NAME CHANGE**

I, No-17000321W Rank-NK Name-AJIT KUMAR SHARMA S/O SHRI SHOBHARAM SHARMA residing at VPO-BILGAON, TEH-JOURA, DIST-MORENA, MP-476221 has changed my son's name from RAM SHARMA to DARSH SHARMA for all future purposes, vide affidavit dated 28/02/2024 before Notary Public, Delhi.

**NAME CHANGE**

I, Mohammad Ayyub s/o Abdul Mazeed R/o P-29A, Gali No.5, Batla House Okhla, Delhi-110025, have changed my name to Md.Ayyub Permanently

**NAME CHANGE**

I, UZMA W/O MOHD ADNAN residing at H NO-2581/1, 3RD FLOOR, TIRAHA BEHRAM KHAN,, SIR SYED AHMED ROAD, DARYA GANJ, DELHI-110002 have changed my name to UZMA KAUSAR for all future purpose.

**NAME CHANGE**

I JAGDEV SINGH GIYANI s/O GURDIAL SINGH GIYANI residing at 191 VINOBAPURI LAJPAT NAGAR 2 DELHI -110024 have changed my name to JAGDEV SINGH for all future purpose .

**NAME CHANGE**

I, MOHD SAALIM S/O MOHAMMAD SABIR residing at H NO 7/17, STREET NO-7, ANSARI ROAD, DARYA GANJ, DELHI-110002 have changed my name to MOHAMMAD SAALIM for all future purpose.

**NAME CHANGE**

I, GULISTA W/O MOHAMMAD ASLAM residing at C-176, SECOND FLOOR, FRONT SIDE, SHAHEEN BAGH, JAMIA NAGAR, DELHI-110025 have changed my name to GULISTAN ANJUM for all future purpose.

**NAME CHANGE**

I GAURAV CHAND MEHTI s/O JOGESHWAR MAITY residing at A-84 KHSRA NO-17/16/1 CHANCHAL PARK BAKKARWALA NAJAFGARH DELHI-110043 have changed my name to GAURAV CHAND MAITY for all future purpose .

**NAME CHANGE**

I, HARJEET KAUR W/O AMARJEET SINGH CHHABRA R/O HOUSE NO.65/50,NEW ROHTAK ROAD KAROL BAGH CENTRAL DELHI -110005 HAVE CHANGE MY NAME FROM HARJEET KAUR TO HARJEET KAUR CHHABRA FOR ALL PURPOSES

**NAME CHANGE**

I MOHAMMAD MUZAMMIL S/O ATIQ UR RAHMAN R/O H.NO 274, GALI NO- 9,33 FUTA ROAD, BHAGIRATHI VIHAR, DELHI-110094 HAVE CHANGE MY NAME TO MUZAMMIL AHMED FOR ALL PURPOSE.

**NAME CHANGE**

I, POONAM. W/O OF No 2808330f L/nk suryawanshi vinod jagannath AT - gotewadi POST- visapur TEH-tasgaon DIST- sangli PIN- 416314 have changed my name from Poonam to surywanshi Poonam vinod For all future purposes vide affidavit dated 28/02/2024 Before notary public Delhi.

**NAME CHANGE**

I hitherto known as ABHISHEK S/o RAJENDRA KUMAR, R/o I-2/273, Gali No.-6, Main Road Sangam Vihar, New Delhi-110062, have changed my name and shall hereafter be known as ABHISHEK AGGARWAL.

**NAME CHANGE**

I, Prasanna Ashok Udgir R/o G-1003, Time Residency, Sector-63, Gurgaon, Haryana-122011, Have Changed My Minor Daughter Name Maitreyi Prasanna Udgir To Maitreyee Prasanna Udgir For All Future Purpose

**NAME CHANGE**

I, RADHEY SHYAM Father of No. 14656502H Rank-HAV Name-KULDEEP presently residing at VILL-PURE BHUSU, PO-MALKE GAON, TEH-LAL GANJ, DIST-RAI BARELI, UTTAR PRADESH-229206 have changed my name from RADHEY SHYAM to RADHE SHYAM for all future purposes vide affidavit dated 28/02/2024 before Notary Public, Delhi.

**PUBLIC NOTICE**

It is for general information that I, YASEEN S/o ALIJAN R/o H.No. G-290, Gali No. 19, Old Mustafabad, North East Delhi, Delhi-110094, declare that name of mine and my wife have been wrongly written as YASIN and SHEHNAZ in my minor daughter's namely ALISHA aged 16 years in her School Record. The actual name of mine and my wife are YASEEN and SHAHNAZ respectively.

**NAME CHANGE**

I, Rajashree W/O of No.2808047N sep kashid Dadasaheb Bhagwan R/O vill- mheshal ( M) POST- Karoli (T) TEH - Kavathemahankal DIST - Sangli PIN COD -416405have changed my name from Rajashree to Rajashree Dadasaheb Kashid For all-future purposes vide Affidavit dated 28/02/2024before Notary public, Delhi

**NAME CHANGE**

I Mayadevi W/O of No 2805957W .Hav Toraskar Rajesh Shivaji A/P-Bahirewadi TEH- Ajara DIST-Kolhapur MAHARASHTRA, PIN CODE 416220 have changed my name FROM Mayadevi TO Mayadevi Rajesh Toraskar for all future purposes vide Affidavit dated - 2802/2024 before Notary Public,Delhi.

**PUBLIC NOTICE**

It is for general information that I DIPENDER S/O DEEPAK DHAUNCHAK R/O LATH (65), PO LATH, DIST. SONIPAT, HARYANA-131301 declare that name of my father has been wrongly written as DEEPAK in my 10th class educational documents. The actual name of my father is DEEPAK DHAUNCHAK which may be amended accordingly.

**NAME CHANGE**

I, RINA KRI YADAW W/O ASHWANI KUMAR R/O 239,BHARAT VIHAR D-BLOCK,KANSAL LAWN,KAKROLA DWARKA DELHI 110078 have changed my name to REENA KUMARI for all future purpose.

**NAME CHANGE**

I, RUMANA KAUSAR W/O MOHD WASEEM residing at H NO-C-185/9F, KH NO-148, GALI NO-4, CHAUHAN BANGAR, SEELAMPUR, DELHI-110053 have changed my name to RUMANA for all future purpose.

**NAME CHANGE**

I NARENDRA KUMAR, S/O SH. CHANDER PAL R/O 137/22 HOUSE NO. 29,GALI NO. 9,A2 BLOCK, NEAR HANUMAN MANDIR, WEST SANT NAGAR, BURARI, DELHI 110084,HAVE CHANGE MY NAME TO NARENDER KUMAR SHARMA, FOR ALL FUTURE PURPOSE.

**NAME CHANGE**

I, SWETA BHANDARI wife of NITIN BHANDARI residing at H NO-170, ARAVALI APARTMENTS, ALAKNANDA, NEW DELHI-110019, have changed the name of my minor son's AAHAN alias AAHAN BHANDARI aged 12 years and shall hereafter be known as AAHHAN BHANDARI

**NAME CHANGE**

I, AMARJEET SINGH S/O SARDAR AMRIK SINGH CHHABRA R/O HOUSE NO.65/50,NEW ROHTAK ROAD KAROL BAGH CENTRAL DELHI -110005 HAVE CHANGE MY NAME FROM AMARJEET SINGH TO AMARJEET SINGH CHHABRA FOR ALL PURPOSES

**PUBLIC NOTICE**

Be it known to all that my clients Harbhajan Singh Son of late Ishar Singh and Smt. Harvinder Kaur W/o Harbhajan Singh, both senior citizens, R/o H. No. F- 48, Third Floor, Lajpat Nagar-2, New Delhi-110024 have severed their relation and have disowned their son Maninder Singh, aged 37 years, a married person, from all their movable and immovable properties due to his misbehaviour. My client and their other family members shall not be responsible for omission or commission and if any person deals with him, he/she shall be responsible for its consequences. The wife and daughter of aforesaid Maninder Singh are staying with my clients at their above said address.

**Padam Chowdhry Advocate**
A-217, Lajpat Nagar 1 Saket Court Complex New Delhi-110024

**PUBLIC NOTICE**

**Loss of Allotment Agreement**

Notice is hereby given to General Public that the Allotment Agreement dated 03 may 2014 pertaining to Flat. No. B-1103 City Apartments situated at, Plot No. GH-6, Aditya World City, Ghaziabad (U.P.), executed by M/s Agarwal Associates (Promoters) Limited (hereinafter "AAPL"), Registered office: 10, New Rajdhani Enclave, Vikas Marg. Delhi - 110092 in favour of Parag Gautam S/o Hridayesh Gautam both R/o K 22 B, Saket Malviya Nagar S.O South Delhi, Delhi 110017 This Allotment agreement dated 03 May 2014 and EOL dated 26 Feb. 2024 pertaining thereto were lost. If anyone have any Interest, vested the aforesaid flat, kindly inform AAPL in writing within 15 days from this present at below mentioned address. If no claim received within 15 days period, AAPL shall be free to deal with the aforesaid flat in any manner.

**Sd/-M/s Agarwal Associates (Promoters) Limited, Registered** office: 10, New Rajdhani Enclave, Vikas Marg, Delhi-110092

**NAME CHANGE**

It is for general information that I, SANIYA ZEHRA ZAIDI D/o ZAFAR ABBAS ZAIDI, R/o H. No- T-507, Street No.12, Near Primari School, Gautampuri, New Seelampuri, Delhi-110053, declare that name of mine, my father and my mother has been wrongly written as SANIYA ZEHRA, ZAFAR ABBAS and SHEHNAZ, respectively in my 10th & 12th Class School Certificate Cum Marksheet . The actual name of mine, my father and my mother is SANIYA ZEHRA ZAIDI, ZAFAR ABBAS ZAIDI and SHANAZ respectively, which may be amended accordingly

**PUBLIC NOTICE**

Information is given to general public at large that my client Mr. Vikas Kumar who wants to purchase the Residential Plot No.20, land area measuring 50 Sq. Yds., i.e., 41.8 Sq. Mtrs., out of total land area measuring, 100 Sq. Yds., i.e., 83.61 Sq. Mtrs., part of Khasra No.160, situated at Modern Railway City, Village Chhapraula, Pargana & Tehsil Dadri, District Gautam Budh Nagar, U.P. from M/s. Payas Realators Private Limited owner vide Sale Deed dated 12.07.2023 vide Doc. No.26918 and same property to be financed by Hinduja Housing Finance Ltd. having its Office Address at H-73, Office No.204, Sector-63, Noida, U.P.-201301. That, Original Sale Deed dated 23.01.2010 vide Doc. No.792 has been lost/misplaced and FIR for the same has been lodged on dated 28.02.2024 vide L. A.R. No. 20240000158248. If any person(s) objection for subject property, then kindly may contact the undersigned along with original property document, within a week from the date of this notice on below mentioned address, falling which the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122, Tehsil Compound, Ghaziabad, U.P.

Delhi Branch

**BOMBAY MERCANTILE COOPERATIVE BANK LTD. (SCHEDULED BANK)**

36, NETAJI SUBHASH MARG, DARYA GANJ, NEW DELHI-110002 PH:23273786, 23266869, 47199100, FAX: 2325979

**PUBLIC NOTICE FOR SALE**

The undersigned being the Authorised Officer of Bombay Mercantile Co-operative Bank Ltd., Under Securitisation & Reconstruction of Financial Assets & Enforcement of Security Interest Act, 2002 respect of immoveable properties which will be sold by public auction on **"AS IS WHERE IS AND WHAT IS"** basis invites sealed Bids/Tenders from interested parties for purchasing the following secured assets under provisions of Securitisation & Reconstruction of Financial Assets & Enforcement of Security Interest Act, 2002 and rules made there under.

**DETAILS OF PROPERTIES**

| S. No | Name of the Borrower | Secured Debt to be recovered | Description of Property | Area | Reserve Price |
|---|---|---|---|---|---|
| 1. | Mr. Amit Kumar Bhatt S/o Mr. Vinod Kumar Bhatt | Rs.16,41,149/- As on 23.06.2021 | Property Flat No. B.S-1, Plot No. S-21, Lower ground floor, LIG, without roof right, measuring 375 Sq.fit. Consists of 1 Bedroom, 1 Drawing cum dining room,1 Kitchen and 1 Toilet/bathroom situated in the residential colony, Shalimar Garden Ext. -1, Sahibabad, Ghaziabad-U.P | 375 Sq.gt | Rs.13,80,000/- |

3. The sealed Bids/ Tenders shall be accepted with **EARNEST MONEY** 10% of Reserve Price with application each proposed property by way of Demand Draft / Payorder in favour of the **Authorised Officer, Bombay Mercantile Cooperative Bank Ltd., payable at Delhi.** The bids/ tenders without Earnest Money shall not be entertained.
4. The inspection of the property/plot will be made available on 11.03.2024 from 11. a.m. to 4.00 p.m .
5. The submission of Bids/Tenders/Offers shall be received by Authorized Officer/Branch Manager in a sealed envelope/cover alongwith Demand Draft/Payorder for the Earnest Money favouring **"Authorised Officer, Bombay Mercantile Cooperative Bank Ltd."** Payable at Delhi on or before 15.03.2024 at the bank premises at 36, Netaji Subhash Marg, Daryaganj, New Delhi.
6. The Tenders received from bidders will be opened at 11.00 a.m. on 30.03.2024 at the bank premises 36, Netaji Subhash Marg, Daryaganj, New Delhi 110 002. Thereafter an auction shall be held and Bidders shall be allowed to improve their offer.
7. The bidders shall have to bear Stamp Duty, Transfer Charges, Electricity dues, Water dues, Cess, Society dues, all other Government dues and taxes if any & all other incidental cost, charges including all taxes and taxes and rates and outgoings relating to the property.
8. The successful bidders shall be required to pay immediately an amount equal to 25% of the bid amount (including Earnest Money Deposit already paid) of the Secured Assets in respect of immoveable property he has submitted in his bid. The balance amount shall be deposited within 15 days from the date of letter of acceptance of the tender. On default in the payment of such deposit the previous deposit would stand forfeited and Authorised Officer may put up again the Secured Assets for sale/resale at its discretion.
9. The Authorised Officer is not bound to accept the highest offer or any or all offer and reserve the right to accept or reject any or all the tender's without assigning any reason whatsoever thereof or postpone the date & Time of opening the tenders of sale confirmation. In case all the tenders are rejected, Authorised Officer can negotiate with any of the tenderers or other parties for sale of the secured assets in private treaty.
10. the interested parties may contact for further details to the undersigned or Branch Manager at Bombay Mercantile Cooperative Bank Ltd., 36, Netaji Subhash Marg, Daryaganj, New Delhi 110 002 Telephone No. 011-**23259794 and 23242439**

**Place : Ghaziabad**
**Date : 29.02.2024**

**(SULTAN FARID)**
**AUTHORIZED OFFICER/BRANCH MANAGER**


# ਪਾਣੀ ਦੇ ਘਟਦੇ ਪੱਧਰ ਤੇ ਝਾੜ ਹੋਣ ਕਾਰਨ ਕਿੰਨੂ ਉਤਪਾਦਕ ਇਨ੍ਹਾਂ ਫਲਾਂ ਦੀ ਕਾਸ਼ਤ ਕਰਨ ਲਈ ਹੋਏ ਮਜਬੂਰ

ਚੰਡੀਗੜ੍ਹ 29 ਫਰਵਰੀ। ਉੱਲੀ ਦੇ ਹਮਲੇ, ਪਾਣੀ ਦੇ ਘਟਦੇ ਪੱਧਰ ਅਤੇ ਬੰਪਰ ਝਾੜ ਨੇ ਅਬੋਹਰ ਦੇ ਕਿੰਨੂ ਉਤਪਾਦਕਾਂ ਨੂੰ ਪੰਜਾਬ ਦੇ ਮਸ਼ਹੂਰ ਫਲਾਂ ਦੀ ਥਾਂ ਨਾਸਪਾਤੀ, ਆਲੂਬੁਖਾਰੇ ਅਤੇ ਅਮਰੂਦ ਦੀ



ਕਾਸਤ ਸੁਰੂ ਕਰਨ ਲਈ ਮਜਬੂਰ ਕਰ ਦਿੱਤਾ ਹੈ। ਲਗਾਤਾਰ ਦੋ ਸਾਲਾਂ ਦੀ ਗਰਮੀ ਦੀ ਲਹਿਰ ਨੇ ਪੌਦਿਆਂ ਨੂੰ ਪੀਲਾ ਕਰ ਦਿੱਤਾ ਅਤੇ ਫਲਾਂ ਨੂੰ ਖਰਾਬ ਕਰ ਦਿੱਤਾ।ਕਿੰਨੂ ਦੀ ਕਾਸਤ ਵਿੱਚ ਸਮੇਂ ਤੋਂ ਪਹਿਲਾਂ ਕੱਚੇ ਫਲਾਂ ਦਾ ਡਿੱਗਣਾ ਹਮੇਸਾ ਨੁਕਸਾਨ ਦਾ ਇੱਕ ਮੁੱਦਾ ਰਿਹਾ ਹੈ। ਅਬੋਹਰ ਨੇੜਲੇ ਪਿੰਡ ਗਿਦੜਾਂਵਾਲੀ ਦੇ ਪ੍ਰਦੀਪ ਦਾਬੜਾ ਨੇ ਆਪਣੇ 40 ਏਕੜ ਕਿੰਨੂ ਦੇ ਬੂਟੇ ਨੂੰ ਜੜ੍ਹੋਂ ਪੁੱਟ ਕੇ ਉਸ ਦੀ ਥਾਂ 'ਤੇ ਨਾਸਪਾਤੀ ਲਾਉਣੀ ਸੁਰੂ ਕਰ ਦਿੱਤੀ ਹੈ। ਉਸ ਦਾ ਕਹਿਣਾ ਹੈ ਕਿ ਇਹ ਇਕ ਮੁਸਕਲ ਫੈਸਲਾ ਸੀ, ਪਰ ਪੌਦਿਆਂ ਦੀ ਤੇਜੀ ਨਾਲ ਵੱਧ ਰਹੀ ਬਿਮਾਰੀ ਨੇ ਮੈਨੂੰ ਇਹ ਕਰਨ ਲਈ ਮਜਬੂਰ ਕੀਤਾ। ਮੇਰੇ ਕੋਲ ਨਾਸਪਾਤੀ ਟ੍ਰਾਂਸਪਲਾਂਟ ਕਰਨ ਲਈ ਨਰਸਰੀ ਤਿਆਰ ਹੈ। ਡਾਬੜਾ ਨੇ ਦਾਅਵਾ ਕੀਤਾ ਕਿ ਪੌਦਿਆਂ ਦੀ ਬਿਮਾਰੀ ਇੱਕ ਨੁਕਸਾਨਦੇਹ ਕਾਰਕ ਰਹੀ ਹੈ। ਪੌਦਿਆਂ ਦੀ ਪ੍ਰਤੀਰੋਧਕ ਸਕਤੀ ਵੀ ਘਟ ਗਈ ਹੈ। ਸਿਰਫ ਇੱਕ ਦਹਾਕੇ 'ਚ ਕਿੰਨੂ ਦੇ ਪੌਦੇ ਦੀ ਔਸਤ ਉਮਰ 40 ਤੋਂ ਘਟ ਕੇ 25 ਸਾਲ ਰਹਿ ਗਈ ਹੈ। ਕੁਝ ਥਾਵਾਂ 'ਤੇ ਇਹ ਬਾਗ 10 ਸਾਲਾਂ ਵਿਚ ਵੀ ਸੁੱਕ ਗਏ ਹਨ, ਜਿਸ ਕਾਰਨ ਝਾੜ ਘਟ ਗਿਆ ਹੈ। ਫੰਗਲ ਅਤੇ ਬੈਕਟੀਰੀਆ ਦੋਵੇਂ ਬਿਮਾਰੀਆਂ ਨੇ ਕਿੰਨੂ 'ਤੇ ਹਮਲਾ ਕੀਤਾ ਹੈ। ਪੱਛਮੀ ਬੰਗਾਲ ਅਤੇ ਬਿਹਾਰ 'ਚ ਇਸਦੀ ਲੰਮੀ ਲਾਈਫ ਅਤੇ ਉਪਲਬਧ ਬਾਜਾਰ ਕਾਰਨ ਨਾਸਪਾਤੀ ਇਕ ਵਧੀਆ ਵਿਕਲਪ ਵਜੋਂ ਆਉਂਦਾ ਹੈ। ਸੂਤਰਾਂ ਅਨੁਸਾਰ ਇਕ ਹੋਰ ਵਿਅਕਤੀ ਨੇ ਕਿਹਾ ਕਿ ਉਸ ਦਾ ਕਿੰਨੂ ਦਾ ਬਾਗ ਅਬੋਹਰ-ਗੰਗਾਨਗਰ ਰੋਡ 'ਤੇ ਹੈ, ਨੇ ਫਿਲੌਰ ਦੀ ਇੱਕ ਸਰਕਾਰੀ ਨਰਸਰੀ ਤੋਂ ਖਰੀਦੇ ਗਏ ਨਾਸਪਾਤੀ ਦੇ ਬੂਟਿਆਂ ਨਾਲ 135 ਉੱਲੀਮਾਰ ਵਾਲੇ ਪੌਦਿਆਂ ਨੂੰ ਬਦਲ ਦਿੱਤਾ ਹੈ। ਉਸ ਨੇ ਹਾਈਬ੍ਰਿਡ ਅਮਰੂਦ ਵੀ ਲਾਇਆ ਹੈ ਜੋ 3 ਸਾਲਾਂ ਵਿੱਚ ਫਲ ਦੇਣਾ ਸੁਰੂ ਕਰ ਦੇਵੇਗਾ।

# ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਵਿਭਾਗ ਦੇ ਪ੍ਰਮੁੱਖ ਪ੍ਰਾਜੈਕਟਾਂ ਦਾ ਲਿਆ ਜਾਇਜ਼ਾ

## ਲੋੜੀਂਦੀ ਮਾਤਰਾ ਵਿੱਚ ਪੀਣ ਯੋਗ ਪਾਣੀ ਯਕੀਨੀ ਬਣਾਉਣ ਲਈ ਵਿਆਪਕ ਸਤਹੀ ਜਲ ਸਪਲਾਈ ਸਕੀਮਾਂ ਦੇ ਤੇਜ਼ੀ ਨਾਲ ਲਾਗੂ ਕਰਨ 'ਤੇ ਦਿੱਤਾ ਜ਼ੋਰ



**ਚੰਡੀਗੜ੍ਹ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਚਲਾਏ ਜਾ ਰਹੇ ਪ੍ਰਮੁੱਖ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰਾਜੈਕਟਾਂ ਦਾ ਜਾਇਜ਼ਾ ਲੈਣ ਲਈ ਵਿਭਾਗ ਦੇ ਸਾਰੇ ਸੀਨੀਅਰ ਅਧਿਕਾਰੀਆਂ ਨਾਲ ਵਿਆਪਕ ਸਮੀਖਿਆ ਕੀਤੀ।

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਨੀਲਕੰਠ ਐਸ. ਅਵਹਾੜ ਨੇ ਸਰੋਤਾਂ ਨੂੰ ਜ਼ਮੀਨੀ ਪਾਣੀ ਦੀ ਥਾਂ ਸਤਹੀ ਪਾਣੀ ਵਿੱਚ ਤਬਦੀਲੀ ਲਈ ਵਿਭਾਗ ਵੱਲੋਂ 2174.41 ਕਰੋੜ ਰੁਪਏ ਦੀ ਲਾਗਤ ਨਾਲ ਚਲਾਈਆਂ ਜਾ ਰਹੀਆਂ 15 ਵਿਆਪਕ ਸਰਫੇਸ ਵਾਟਰ ਸਪਲਾਈ ਸਕੀਮਾਂ ਦੀ ਪ੍ਰਗਤੀ ਸਬੰਧੀ ਜਾਣਕਾਰੀ ਦਿੱਤੀ, ਜਿਸ ਵਿੱਚ 1721 ਪਿੰਡਾਂ ਨੂੰ ਕਵਰ ਕੀਤਾ ਗਿਆ ਹੈ। ਮੰਤਰੀ ਨੇ ਇਨ੍ਹਾਂ ਵਿਆਪਕ ਸਤਹੀ ਜਲ ਸਪਲਾਈ ਸਕੀਮਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤਾਂ ਜੋ ਇਨ੍ਹਾਂ ਸਤਹੀ ਜਲ ਪ੍ਰਾਜੈਕਟਾਂ ਅਧੀਨ ਆਉਂਦੇ ਸਾਰੇ ਵਸਨੀਕਾਂ ਨੂੰ ਸਮੇਂ ਸਿਰ ਪੀਣ ਯੋਗ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾ ਸਕੇ।

ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਫੇਜ਼-2 ਅਧੀਨ ਪਿੰਡਾਂ ਦੀ ਕਾਇਆ ਕਲਪ ਕਰਨ ਦੇ ਟੀਚੇ ਨੂੰ ਪ੍ਰਾਪਤ ਕਰਨ ਵੱਲ ਹੋਰ ਕਦਮ ਚੁੱਕਦਿਆਂ ਵਿਭਾਗ ਵੱਲੋਂ 92935 ਵਿਅਕਤੀਗਤ ਘਰੇਲੂ ਪਖਾਨਿਆਂ ਦੇ ਨਿਰਮਾਣ ਲਈ 139.40 ਕਰੋੜ ਰੁਪਏ, 2400 ਕਮਿਊਨਿਟੀ ਸੈਨੇਟਰੀ ਕੰਪਲੈਕਸਾਂ ਲਈ 50.40 ਕਰੋੜ ਰੁਪਏ, ਠੋਸ ਕੂੜਾ-ਕਰਕਟ ਪ੍ਰਬੰਧਨ ਲਈ 9042 ਗ੍ਰਾਮ ਪੰਚਾਇਤਾਂ ਵਾਸਤੇ 53.20 ਕਰੋੜ ਰੁਪਏ, ਤਰਲ ਰਹਿੰਦ-ਖੂੰਹਦ ਪ੍ਰਬੰਧਨ ਲਈ 4846 ਗ੍ਰਾਮ ਪੰਚਾਇਤਾਂ ਵਾਸਤੇ 181.90 ਕਰੋੜ ਰੁਪਏ ਦੀ ਰਾਸ਼ੀ ਦੀ ਵੰਡ ਕੀਤੀ ਗਈ ਹੈ।

ਕੰਢੀ ਅਤੇ ਪਾਣੀ ਦੇ ਸੰਕਟ ਨਾਲ ਜੂਝਣ ਵਾਲੇ ਹੋਰ ਖੇਤਰਾਂ ਵਿੱਚ ਪਾਣੀ ਦੀ ਕਮੀ ਨੂੰ ਹੱਲ ਕਰਨ ਵੱਲ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ਗਿਆ।

ਮੀਟਿੰਗ ਦੌਰਾਨ ਕੈਬਨਿਟ ਮੰਤਰੀ ਜਿੰਪਾ ਨੇ ਅਧਿਕਾਰੀਆਂ ਨੂੰ ਵਿਭਾਗ ਦੀਆਂ ਸਮੂਹ ਸ਼੍ਰੇਣੀਆਂ ਦੀ ਤਰੱਕੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ।

ਇਸ ਦੇ ਨਾਲ ਹੀ ਵੱਖ-ਵੱਖ ਕਰਮਚਾਰੀ ਯੂਨੀਅਨਾਂ ਵੱਲੋਂ ਉਠਾਏ ਗਏ ਮੁੱਦਿਆਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਅਤੇ ਅਧਿਕਾਰੀਆਂ ਨੂੰ ਵਿਭਾਗ ਅੰਦਰ ਕੰਮ ਲਈ ਅਨੁਕੂਲ ਮਾਹੌਲ ਨੂੰ ਬਰਕਰਾਰ ਰੱਖਦਿਆਂ ਕਾਨੂੰਨ ਤੇ ਨਿਯਮਾਂ ਅਨੁਸਾਰ ਉਨ੍ਹਾਂ ਦੇ ਮੁੱਦਿਆਂ ਨੂੰ ਹੱਲ ਕਰਨ ਦੀ ਹਦਾਇਤ ਕੀਤੀ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਿਆਪਕ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਦੇ ਨਾਲ-ਨਾਲ ਠੋਸ ਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਪਿੰਡਾਂ ਨੂੰ ਮਾਡਲ ਪਿੰਡ ਬਣਾਇਆ ਜਾ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਸ਼ੇਸ਼ ਸਕੱਤਰ ਕਮ ਮਿਸ਼ਨ ਡਾਇਰੈਕਟਰ ਸਵੱਛ ਭਾਰਤ ਮਿਸ਼ਨ ਅਮਿਤ ਤਲਵਾਰ ਵੀ ਹਾਜ਼ਿਰ ਸਨ।

# ਤੀਰਅੰਦਾਜ਼ੀ ਦੇ ਏਸ਼ੀਆ ਕੱਪ ਵਿੱਚ ਪ੍ਰਨੀਤ ਕੌਰ ਤੇ ਸਿਮਰਨਜੀਤ ਕੌਰ ਨੇ ਜਿੱਤੇ ਪੰਜ ਤਮਗ਼ੇ



**ਚੰਡੀਗੜ੍ਹ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮਾਂਤਰੀ ਪੱਧਰ ਉਤੇ ਪੰਜਾਬ ਦੇ ਖਿਡਾਰੀਆਂ ਵੱਲੋਂ ਨਿੱਤ ਦਿਨ ਦਿਖਾਏ ਜਾ ਰਹੇ ਬਿਹਤਰ ਪ੍ਰਦਰਸ਼ਨ ਦੇ ਚੱਲਦਿਆਂ ਤੀਰਅੰਦਾਜ਼ੀ, ਹਾਕੀ ਤੇ ਬੈਡਮਿੰਟਨ ਵਿੱਚ ਪੰਜਾਬ ਦੇ ਖਿਡਾਰੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ।

ਬਗਦਾਦ (ਇਰਾਕ) ਵਿਖੇ ਚੱਲ ਰਹੇ ਤੀਰਅੰਦਾਜ਼ੀ ਦੇ ਏਸ਼ੀਆ ਕੱਪ ਵਿੱਚ ਪੰਜਾਬ ਦੀਆਂ ਦੋ ਤੀਰਅੰਦਾਜ਼ ਖਿਡਾਰਨਾਂ ਸਿਮਰਨਜੀਤ ਕੌਰ ਤੇ ਪ੍ਰਨੀਤ ਕੌਰ ਨੇ ਤਿੰਨ ਸੋਨੇ ਤੇ ਦੋ ਚਾਂਦੀ ਦੇ ਤਮਗ਼ੇ ਜਿੱਤੇ। ਅਬੋਹਰ ਦੀ ਸਿਮਰਨਜੀਤ ਕੌਰ ਨੇ ਰਿਕਰਵ ਦੇ ਮਿਕਸ ਟੀਮ ਅਤੇ ਮਹਿਲਾ ਟੀਮ ਵਿੱਚ ਦੋ ਸੋਨ ਤਮਗ਼ੇ ਅਤੇ ਵਿਅਕਤੀਗਤ ਵਰਗ ਵਿੱਚ ਇਕ ਚਾਂਦੀ ਦਾ ਤਮਗ਼ਾ ਜਿੱਤਿਆ। ਇਸੇ ਤਰ੍ਹਾਂ ਮਾਨਸਾ ਦੀ ਪ੍ਰਨੀਤ ਕੌਰ ਨੇ ਕੰਪਾਊਂਡ ਦੇ ਵਿਅਕਤੀਗਤ ਵਰਗ ਵਿੱਚ ਸੋਨੇ ਅਤੇ ਟੀਮ ਵਰਗ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ।

ਹਾਕੀ ਖੇਡ ਵਿੱਚ ਚੱਲ ਰਹੀ ਐਫ.ਆਈ.ਐਚ. ਪ੍ਰੋ. ਹਾਕੀ ਲੀਗ ਵਿੱਚ ਭਾਰਤੀ ਲੈਗ ਦੇ ਆਖਰੀ ਮੈਚ ਵਿੱਚ ਭਾਰਤ ਨੇ ਆਇਰਲੈਂਡ ਨੂੰ 4-0 ਨਾਲ ਹਰਾਇਆ। ਇਸ ਲੀਗ ਵਿੱਚ ਭਾਰਤੀ ਟੀਮ ਨੇ ਹੁਣ ਤੱਕ 8 ਮੈਚ ਖੇਡ ਕੇ 15 ਅੰਕਾਂ ਨਾਲ ਤੀਜਾ ਸਥਾਨ ਮੱਲ ਲਿਆ ਹੈ। ਹੁਣ ਭਾਰਤੀ ਟੀਮ ਮਈ-ਜੂਨ ਵਿੱਚ ਯੂਰੋਪੀਅਨ ਲੈਗ ਦੇ ਬਾਕੀ ਅੱਠ ਮੈਚ ਖੇਡੇਗੀ। ਟੀਮ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ ਸਮੇਤ 10 ਖਿਡਾਰੀ ਪੰਜਾਬ ਦੇ ਹਨ।

ਬੈਡਮਿੰਟਨ ਖੇਡ ਵਿੱਚ ਲੁਧਿਆਣਾ ਦੇ ਧਰੁਵ ਕਪਿਲਾ ਨੇ ਆਪਣੀ ਜੋੜੀਦਾਰ ਅਰਜੁਨ ਨਾਲ ਮਿਲ ਕੇ ਯੁਗਾਂਡਾ ਇੰਟਰਨੈਸ਼ਨਲ ਚੈਲੇਂਜ ਦਾ ਪੁਰਸ਼ ਡਬਲਜ਼ ਖਿਤਾਬ ਜਿੱਤਿਆ।

ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਉਕਤ ਪੰਜਾਬੀ ਖਿਡਾਰੀਆਂ ਦੀਆਂ ਜਿੱਤਾਂ ਉਤੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਸਖਤ ਮਿਹਨਤ ਅਤੇ ਕੋਚਾਂ ਦੇ ਮਾਰਗ ਦਰਸ਼ਨ ਦਾ ਸਿੱਟਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਉਤੇ ਬਣਾਈ ਨਵੀਂ ਖੇਡ ਨੀਤੀ ਦੇ ਸਾਰਥਿਕ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਖਿਡਾਰੀਆਂ ਵੱਲੋਂ ਇਸ ਸਾਲ ਜ਼ੋਰਾਂ ਸ਼ੋਰਾਂ ਨਾਲ ਪੈਰਿਸ ਓਲੰਪਿਕ ਖੇਡਾਂ ਦੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਇਸ ਵਾਰ ਓਲੰਪਿਕਸ ਵਿੱਚ ਵੀ ਪੰਜਾਬੀ ਖਿਡਾਰੀ ਵੱਡੀ ਗਿਣਤੀ ਵਿੱਚ ਹਿੱਸਾ ਲੈਣਗੇ।

# ਆਪਸੀ ਭਾਈਚਾਰਾ ਅਤੇ ਪਿਆਰ ਹੀ ਸਾਰੇ ਧਰਮਾਂ ਦਾ ਆਧਾਰ : ਵਿਧਾਇਕ ਰਮਨ ਅਰੋੜਾ



**ਜਲੰਧਰ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਰਮਨ ਅਰੋੜਾ ਨੇ ਬੀਤੇ ਦਿਨੀਂ ਸ਼ਹਿਰ ਦੇ ਵੱਖ-ਵੱਖ ਗੁਰੂਘਰਾਂ 'ਚ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਗੁਰੂ ਮਹਾਰਾਜ ਦਾ ਆਸ਼ੀਰਵਾਦ ਲਿਆ। ਜਿਸ ਵਿੱਚ ਵਿਧਾਇਕ ਰਮਨ ਅਰੋੜਾ ਨੇ ਗੁਰੂ ਨਾਨਕ ਪੁਰਾ (ਪੂਰਬੀ) ਦੇ ਸ੍ਰੀ ਗੁਰੂ ਰਵਿਦਾਸ ਭਵਨ, ਬਸ਼ੀਰਪੁਰਾ ਦੇ 70ਵੇਂ ਮਹਾਨ ਕੀਰਤਨ ਦਰਬਾਰ ਅਤੇ ਸੰਤ ਸਮਾਗਮ ਵਿੱਚ ਅਤੇ ਭਾਰਤ ਨਗਰ ਦੇ ਸ੍ਰੀ ਗੁਰੂ ਹਰਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂਘਰਾਂ ਵਿੱਚ ਸ਼ਮੂਲੀਅਤ ਕੀਤੀ।

ਇਸ ਦੌਰਾਨ ਉਨ੍ਹਾਂ ਦੇ ਨਾਲ ਵਿਧਾਇਕ ਰਮਨ ਅਰੋੜਾ, 'ਆਪ' ਵਲੰਟੀਅਰ ਅਤੇ ਇਲਾਕਾ ਇੰਚਾਰਜ ਦੀਨਾ ਨਾਥ ਪ੍ਰਧਾਨ, ਮਨਮੋਹਨ ਸਿੰਘ (ਰਾਜੂ), ਜਸਵਿੰਦਰ ਸਿੰਘ ਬਿੱਲਾ, ਮੁਨੀਸ਼ ਕੁਮਾਰ, ਬਿੱਟੂ ਕਾਲੜਾ, ਹਨੀ ਆਦਿ ਹਾਜ਼ਰ ਸਨ। ਸ਼ਰਧਾਲੂਆਂ ਨੂੰ ਵਧਾਈ ਦਿੰਦਿਆਂ ਵਿਧਾਇਕ ਰਮਨ ਅਰੋੜਾ ਨੇ ਕਿਹਾ ਕਿ ਆਪਸੀ ਭਾਈਚਾਰਾ ਅਤੇ ਪਿਆਰ ਹੀ ਸਾਰੇ ਧਰਮਾਂ ਦਾ ਆਧਾਰ ਹੈ ।

ਉਨ੍ਹਾਂ ਕਿਹਾ ਕਿ ਪ੍ਰਮਾਤਮਾ ਸੱਚ ਦੇ ਮਾਰਗ 'ਤੇ ਚੱਲਣ ਵਾਲੇ ਲੋਕਾਂ ਨੂੰ ਪਸੰਦ ਕਰਦਾ ਹੈ। ਵਿਧਾਇਕ ਰਮਨ ਅਰੋੜਾ ਨੇ ਕਿਹਾ ਕਿ ਧਰਮ ਹਮੇਸ਼ਾ ਦੂਜਿਆਂ ਦਾ ਸਤਿਕਾਰ ਕਰਨਾ ਸਿਖਾਉਂਦਾ ਹੈ ਅਤੇ ਧਾਰਮਿਕ ਸਹਿਣਸ਼ੀਲਤਾ ਵਿਅਕਤੀ ਨੂੰ ਦੂਜੇ ਧਰਮਾਂ ਬਾਰੇ ਜਾਣਨ ਦਾ ਮੌਕਾ ਪ੍ਰਦਾਨ ਕਰਦੀ ਹੈ। ਜਿੰਨਾ ਜ਼ਿਆਦਾ ਕੋਈ ਵਿਅਕਤੀ ਦੂਜੇ ਧਰਮਾਂ ਬਾਰੇ ਜਾਣਕਾਰੀ ਹਾਸਲ ਕਰਦਾ ਹੈ, ਓਨਾ ਹੀ ਉਹ ਉਨ੍ਹਾਂ ਵਿਚ ਛੁਪੀ ਚੰਗਿਆਈ ਨੂੰ ਗ੍ਰਹਿਣ ਕਰਨ ਦੇ ਯੋਗ ਹੁੰਦਾ ਹੈ। ਧਰਮ ਦਾ ਅਰਥ ਇਸ ਦੀ ਪਾਲਣਾ ਕਰਨਾ ਹੈ। ਇਸ ਲਈ ਸਾਨੂੰ ਉਨ੍ਹਾਂ ਵਿਚਾਰਾਂ ਨੂੰ ਹੀ ਅਪਣਾਉਣਾ ਪਵੇਗਾ ਜੋ ਸਮਾਜ ਅਤੇ ਵਿਅਕਤੀ ਦੇ ਵਿਕਾਸ ਵਿੱਚ ਸਹਾਈ ਹੋਣ।

ਉਨ੍ਹਾਂ ਕਿਹਾ ਕਿ ਸੱਚ 'ਤੇ ਚੱਲਣ ਦਾ ਮਾਰਗ ਹਮੇਸ਼ਾ ਮੁਸ਼ਕਲਾਂ ਭਰਿਆ ਹੁੰਦਾ ਹੈ ਕਿਉਂਕਿ ਇਸ ਮਾਰਗ 'ਤੇ ਚੱਲਣ ਦੇ ਚਾਹਵਾਨ ਬਹੁਤ ਘੱਟ ਲੋਕ ਹੁੰਦੇ ਹਨ। ਸੱਚ ਦਾ ਸਾਥ ਦੇਣ ਲਈ ਹਿੰਮਤ ਅਤੇ ਨਿਡਰਤਾ ਦਿਖਾਉਣੀ ਪੈਂਦੀ ਹੈ। ਸੱਚ ਦਾ ਸਾਥ ਦੇਣ ਵਿੱਚ ਬਹੁਤ ਕੁਝ ਗੁਆਉਣ ਦਾ ਡਰ ਰਹਿੰਦਾ ਹੈ।

# ਜਲਾਲਾਬਾਦ ਦੇ ਵਿਧਾਇਕ ਵੱਲੋਂ ਲਗਭਗ 80 ਲੱਖ ਰੁਪਏ ਦੀ ਲਾਗਤ ਨਾਲ ਪਿੰਡਾਂ 'ਚ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ ਤੇ ਰੱਖੇ ਨੀਂਹ ਪੱਥਰ



ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਪਿੰਡਾਂ ਵਿਚ ਵਿਕਾਸ ਕਾਰਜਾਂ ਦੇ ਉਦਾਘਟਨ ਤੇ ਨੀਂਹ ਪੱਥਰ ਰੱਖਦੇ ਹੋਏ ।

**ਜਲਾਲਾਬਾਦ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਹਲਕੇ ਦੇ ਪਿੰਡ ਪ੍ਰਭਾਤ ਸਿੰਘ ਵਾਲਾ 'ਚ 13 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲਿਆਂ ਇੰਟਰਲੋਕ ਗਲੀਆਂ ਤੇ ਸੜਕਾਂ, ਪਿੰਡ ਘੁਬਾਇਆ 'ਚ 20 ਲੱਖ ਰੁਪਏ ਸੀਵਰੇਜ ਪਾਇਪ ਲਾਇਨ ਤੇ ਮੰਡੀ ਘੁਬਾਇਆ ਦੀ ਅਨਾਜ ਮੰਡੀ 'ਚ 26 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਸ਼ੈਡ , ਪਿੰਡ ਸੋਹਣਾ ਸਾਂਦੜ 'ਚ 20 ਲੱਖ ਰੁਪਏ ਨਾਲ ਬਣਨ ਵਾਲੇ ਪਲੇਅਰ ਗਰਾਊਡ ਸਮੇਤ ਲਗਭਗ 80 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ ਤੇ ਨੀਂਹ ਪੱਥਰ ਗਏ।

ਵਿਕਾਸ ਕਾਰਜਾਂ ਦੇ ਉਦਘਾਟਨ ਕਰਦੇ ਹੋਏ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਉਪਰਾਲਿਆਂ ਦੀ ਲੜੀ ਤਹਿਤ ਪਿੰਡ ਪਿੰਡ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਵਿਧਾਇਕ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਵਿਕਾਸ ਕਾਰਜ ਕਰਵਾਉਣ ਦੇ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਸਨ ਪਰ ਜ਼ਮੀਨ ਹਕੀਕਤ ਕੁੱਝ ਹੋਰ ਹੀ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪਿੰਡਾਂ ਵਿਚ ਰਹਿੰਦੇ ਲੋਕਾਂ ਦੀਆਂ ਸਮੱਸਿਆ ਦੇ ਪੁੱਖਤਾ ਹੱਲ ਕੀਤੇ ਜਾ ਰਹੇ ਹਨ ਤਾਂ ਜੋ ਪਿੰਡਾਂ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਇਆ ਕਰਵਾਈਆ ਜਾਣ । ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿੱਚ ਸਵੱਛਤਾ ਲਈ ਵੀ ਉਪਰਾਲੇ ਆਰੰਭੇ ਗਏ ਹਨ ਇਸੇ ਤਹਿਤ ਹੀ ਸਰਹੱਦੀ ਪਿੰਡ ਪ੍ਰਭਾਤ ਸਿੰਘ ਵਾਲਾ ਵਿਚ ਲਗਭਗ 13 ਲੱਖ ਰੁਪਏ ਨਾਲ ਇੰਟਰਲੋਕ ਗਲੀਆਂ, ਪਿੰਡ ਸੋਹਣਾ ਸਾਂਦੜ 'ਚ 20 ਲੱਖ ਰੁਪਏ ਦੀ ਲਾਗਤ ਨਾਲ ਪਲੇਅਰ ਗਰਾਊਡ , ਪਿੰਡ ਘੁਬਾਇਆ ਵਿਚ 20 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਪਾਇਪ ਲਾਇਨ ਅਤੇ ਮੰਡੀ ਘੁਬਾਇਆ ਵਿਚ 26 ਲੱਖ ਰੁਪਏ ਦੀ ਲਾਗਤ ਨਾਲ ਅਨਾਜ ਮੰਡੀ ਵਿਚ ਤਿਆਰ ਹੋਣ ਵਾਲੇ ਸ਼ੈਡ ਸਮੇਤ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ ਹਨ।

ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਸਰਕਾਰ ਪਿੰਡਾਂ ਵਿਚ ਵਿਕਾਸ ਕਾਰਜ ਕਰਵਾਉਣ ਲਈ ਜੰਗੀ ਪੱਧਰ 'ਤੇ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਦੇਵ ਰਾਜ ਸ਼ਰਮਾ, ਜ਼ਿਲ੍ਹਾ ਯੂਥ ਪ੍ਰਧਾਨ ਸੁਖਵਿੰਦਰ ਕੰਬੋਜ, ਗਣੇਸ਼ ਸਿੰਘ ਧਰਮੂ ਵਾਲਾ ਸਣੇ ਪਿੰਡਾਂ ਦੇ ਪੰਚ ਸਰਪੰਚ ਵੱਡੀ ਹਾਜ਼ਰ ਸਨ।

# ਗਊ ਵੰਸ਼ ਸੇਵਾ ਧਾਮ ਵਿਖੇ ਬੀਬਾ ਅਮਰਜੀਤ ਕੌਰ ਅਤੇ ਪੁਨੀਤ ਗੁਪਤਾ ਗੋਪੀ ਨੇ ਸ਼ੁਰੂ ਕਰਵਾਇਆ ਖੁਰਲੀਆਂ ਬਣਾਉਣ ਦਾ ਕੰਮ



ਸਾਬਕਾ ਮੈਂਬਰ ਪਾਰਲੀਮੈਂਟ ਬੀਬਾ ਅਮਰਜੀਤ ਕੌਰ ਅਤੇ ਸਮਾਜ ਸੇਵਕ ਪੁਨੀਤ ਗੁਪਤਾ ਗੋਪੀ ਗਊ ਵੰਸ਼ ਸੇਵਾ ਧਾਮ ਵਿਖੇ ਖੁਰਲੀਆਂ ਬਣਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਉਂਦੇ ਹੋਏ। ਨਾਲ ਹਨ ਜੰਗ ਸਿੰਘ ਹੋਰ ਆਗੂ।

**ਪਟਿਆਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਊ ਵੰਸ਼ ਸੇਵਾ ਧਾਮ ਵਿਖੇ ਸਾਬਕਾ ਐਮ.ਪੀ ਬੀਬਾ ਅਮਰਜੀਤ ਕੌਰ ਅਤੇ ਸਮਾਜ ਸੇਵਕ ਪੁਨੀਤ ਗੁਪਤਾ ਗੋਪੀ ਨੇ ਖੁਰਲੀਆਂ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ। ਇਸ ਮੌਕੇ ਉਨ੍ਹਾਂ ਕਿਹਾ ਕਿ ਗਊ ਵੰਸ਼ ਸੇਵਾ ਧਾਮ ਵਿਖੇ ਵੱਡੇ ਜਖਮੀ ਗਊਆਂ ਅਤੇ ਹੋਰ ਪਸ਼ੂ ਅਤੇ ਪੰਛੀਆਂ ਦੀ ਸੇਵਾ ਕਰਨ ਦੇ ਨਾਲ ਨਾਲ ਇਲਾਜ ਵੀ ਕੀਤਾ ਜਾਂਦਾ ਹੈ। ਬੀਬਾ ਅਮਰਜੀਤ ਕੌਰ ਅਤੇ ਪੁਨੀਤ ਗੁਪਤਾ ਗੋਪੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੀ ਕਮਾਈ ਵਿਚੋਂ ਦਸਵੰਧ ਕੱਢ ਕੇ ਸੇਵਾ ਵਿਚ ਲਗਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਗਊ ਵੰਸ਼ ਸੇਵਾ ਧਾਮ ਦੇ ਫਾਊਂਡਰ ਜੰਗ ਸਿੰਘ ਅਤੇ ਉਨ੍ਹਾ ਦੀ ਸਮੁੱਚੀ ਟੀਮ ਦਿਨ ਰਾਤ ਗਊ ਸੇਵਾ ਵਿਚ ਲੱਗੀ ਹੋਈ ਹੈ ਅਤੇ ਵੱਡੀ ਸੰਖਿਆ ਵਿਚ ਜਖਮੀ ਗਊਆਂ ਅਤੇ ਪੰਛੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਹੁਣ ਤੱਕ ਵੱਡੀ ਸੰਖਿਆ ਵਿਚ ਗਊਆਂ ਅਤੇ ਪੰਛੀ ਠੀਕ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਿਹੜੀ ਜਿੰਮੇਵਾਰੀ ਸਰਕਾਰ ਨੂੰ ਨਿਭਾਉਣੀ ਚਾਹੀਦੀ ਹੈ, ਉਹ ਸੇਵਾ ਗਊ ਵੰਸ਼ ਸੇਵਾ ਧਾਮ ਵੱਲੋਂ ਨਿਭਾਈ ਜਾ ਰਹੀ ਹੈ। ਇਸ ਗਊ ਵੰਸ਼ ਸੇਵਾ ਧਾਮ ਵੱਲੋਂ ਸਾਬਕਾ ਮੈਂਬਰ ਪਾਰਲੀਮੈਂਟ ਬੀਬਾ ਅਮਰਜੀਤ ਕੌਰ ਅਤੇ ਸਮਾਜ ਸੇਵਕ ਪੁਨੀਤ ਗੁਪਤਾ ਗੋਪੀ ਨੂੰ ਸਨਮਾਨਤ ਵੀ ਕੀਤਾ। ਇਸ ਮੌਕੇ ਧਾਮ ਦੇ ਫਾਊਂਡਰ ਜੰਗ ਸਿੰਘ, ਪ੍ਰਧਾਨ ਭਾਰਤ ਭੂਸ਼ਣ, ਵਾਈਸ ਪ੍ਰਧਾਨ ਸੁਰਜੀਤ ਸਿੰਘ ਜਸਵਾਲ, ਵਾਈਸ ਪ੍ਰਧਾਨ ਯੋਗੇਸ਼ ਸਿੰਘ ਯੋਗੀ ਤੋਂ ਇਲਾਵਾ ਓਮਿਤ ਜੀ, ਸੇਵਾਦਾਰ ਬਲਦੇਵ ਰਾਜ ਉਪਲ, ਵਿਪਿਨ ਸੂਦ ਅਤੇ ਲੱਖਾ ਜੀ ਵੀ ਹਾਜ਼ਰ ਸਨ।

# ਜ਼ਿਲ੍ਹਾ ਸਵੀਪ ਟੀਮ ਨੇ ਐਨ.ਐਸ.ਐਸ ਵਲੰਟੀਅਰਾਂ ਲਈ ਲਗਾਇਆ ਵਿਸ਼ੇਸ਼ ਕੈਂਪ



**ਪਟਿਆਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਯੂਨੀਵਰਸਿਟੀ ਵਿਖੇ ਆਯੋਜਿਤ ਐਨ.ਐਸ.ਐਸ ਕਨਵੈਂਨਸ਼ਨ ਦੌਰਾਨ ਜ਼ਿਲ੍ਹਾ ਸਵੀਪ ਟੀਮ ਵੱਲੋਂ ਵਿਦਿਆਰਥੀਆਂ ਨੂੰ ਲੋਕ ਸਭਾ ਚੋਣਾਂ 2024 ਦੀ ਜਾਗਰੂਕ ਕਰਨ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ।

ਇਸ ਕੈਂਪ ਦੌਰਾਨ ਜ਼ਿਲ੍ਹਾ ਨੋਡਲ ਅਫ਼ਸਰ ਸਵਿੰਦਰ ਰੇਖੀ ਨੇ ਐਨ.ਐਸ.ਐਸ ਵਲੰਟੀਅਰਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਉਂਦਿਆਂ ਵਲੰਟੀਅਰਾਂ ਨੂੰ ਹਰ ਘਰ ਤੱਕ ਪਹੁੰਚ ਬਣਾਕੇ ਲੋਕਾਂ ਨੂੰ ਲੋਕਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨ ਨੂੰ ਕਿਹਾ। ਇਸ ਤੋਂ ਇਲਾਵਾ ਲੋਕਾਂ ਵਿੱਚ ਚੋਣ ਵਿਭਾਗ ਦੀਆਂ ਐਪਸ ਬਾਰੇ ਵੀ ਜਾਗਰੂਕਤਾ ਫੈਲਾਉਣ ਦਾ ਸੰਦੇਸ਼ਾ ਵੀ ਦਿੱਤਾ ਗਿਆ। ਵੋਟਾਂ ਵਾਲੇ ਦਿਨ ਵਲੰਟੀਅਰਾਂ ਵੱਲੋਂ ਦਿਵਿਆਂਗਜਨ ਅਤੇ ਬਜ਼ੁਰਗ ਵੋਟਰਾਂ ਦੀ ਮਦਦ ਦੇ ਨਾਲ-ਨਾਲ ਪੋਲਿੰਗ ਸਟਾਫ਼ ਨੂੰ ਸਹਿਯੋਗ ਕਰਨ ਲਈ ਵੀ ਕਿਹਾ ਗਿਆ। ਇਸ ਸਮੇਂ ਸਮਾਗਮ ਵਿੱਚ ਸ਼ਾਮਲ ਵਲੰਟੀਅਰਜ਼ ਤੇ ਪ੍ਰੋਗਰਾਮ ਅਫ਼ਸਰਾਂ ਨੂੰ ਵੋਟਰ ਪ੍ਰਣ ਵੀ ਦਵਾਇਆ ਗਿਆ। ਨੋਡਲ ਅਫ਼ਸਰ 110 ਸਤਬੀਰ ਸਿੰਘ ਗਿੱਲ ਵੱਲੋਂ ਐਨ.ਐਸ.ਐਸ. ਪ੍ਰੋ. ਮਮਤਾ ਸ਼ਰਮਾ ਅਤੇ ਯੂਨੀਵਰਸਿਟੀ ਲਈ ਧੰਨਵਾਦ ਦਾ ਮਤਾ ਪੇਸ਼ ਕੀਤੀ ਗਿਆ।

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਕਾਲਜਾ ਤੇ 2000 ਤੋਂ ਵੱਧ ਵਲੰਟੀਅਰਾਂ ਨੂੰ ਵੋਟਰ ਹੈਲਪ ਲਾਇਨ ਅਤੇ ਵੋਟਰ ਐਪਸ ਅਤੇ ਹੈਲਪ ਲਾਇਨ ਨੰਬਰ 1950 ਬਾਰੇ ਜਾਣਕਾਰੀ ਵੀ ਦਿੱਤੀ ਗਈ। ਇਸ ਸਮਾਗਮ ਵਿੱਚ ਐਨ.ਐਸ.ਐਸ ਕੋਆਰਡੀਨੇਟਰ ਡਾ ਮਮਤਾ ਸ਼ਰਮਾ, ਸਮਾਜ ਸੇਵੀ ਪਵਨ ਗੋਇਲ ਸਹਾਇਕ ਜ਼ਿਲ੍ਹਾ ਨੋਡਲ ਆਫ਼ੀਸਰ ਸਵੀਪ ਮੋਹਿਤ ਕੌਸ਼ਲ, ਬਰਿੰਦਰ ਸਿੰਘ, ਬੀਐਲਓਜ, ਐਨ.ਐਸ.ਐਸ ਵਲੰਟੀਅਰਜ਼ ਵੀ ਸ਼ਾਮਲ ਸਨ।

# ਤੀਰਥ ਯਾਤਰਾ ਸਕੀਮ ਤਹਿਤ ਘਰੋਟਾ ਤੋਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਧਾਰਮਿਕ ਯਾਤਰਾ ਲਈ ਸਰਧਾਲੂਆਂ ਦੀ ਬੱਸ ਕੀਤੀ ਰਵਾਨਾ




**ਪਠਾਨਕੋਟ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਫਿਰ ਇੱਕ ਵਾਰ ਵਿਧਾਨ ਸਭਾ ਹਲਕਾ ਭੋਆ ਦੇ ਇਤਿਹਾਸਿਕ ਪਿੰਡ ਘਰੋਟਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਦੇ ਲਈ ਬੱਸ ਰਵਾਨਾ ਕੀਤੀ ਹੈ, ਇਹ ਹਲਕਾ ਭੋਆ ਦੀ 6ਵੀਂ ਬੱਸ ਹੈ ਅਤੇ ਇਸ ਯਾਤਰਾ ਦੇ ਜਾਣ ਵਾਲੇ ਸਰਧਾਲੂ ਸਭ ਤੋਂ ਪਹਿਲਾ ਨੈਨਾ ਦੇਵੀ, ਰਾਤ ਸ੍ਰੀ ਅਨੰਦਪੁਰ ਸਾਹਿਬ ਜਾਣਗੇ ਅਤੇ ਉਸ ਤੋਂ ਬਾਅਦ ਜਵਾਲਾ ਜੀ ਅਤੇ ਚਿੰਤਪੂਰਨੀ ਧਾਰਮਿਕ ਸਥਾਨਾਂ ਦੇ ਦਰਸਨ ਕਰਨਗੇ, ਉਹ ਸਾਰੇ ਯਾਤਰੀਆਂ ਦੇ ਲਈ ਮੰਗਲ ਕਾਮਨਾ ਕਰਦੇ ਹਨ ਕਿ ਉਨ੍ਹਾਂ ਦੀ ਯਾਤਰਾ ਸਫਲ ਹੋਵੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਪਿੰਡ ਘਰੋਟਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਸਰਧਾਲੂਆਂ ਦੀ ਭਰੀ ਬੱਸ ਨੂੰ ਰਵਾਨਾ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਠਾਕੁਰ ਮਨੋਹਰ ਸਿੰਘ ਸਟੇਟ ਜੁਆਇੰਟ ਸਕੱਤਰ ਟ੍ਰੇਡਿੰਗ ਪੰਜਾਬ , ਬਲਾਕ ਪ੍ਰਧਾਨ ਪਵਨ ਕੁਮਾਰ ਫੋਜੀ, ਠਾਕੁਰ ਭੁਪਿੰਦਰ ਸਿੰਘ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜਰ ਸਨ।

ਇਸ ਮੌਕੇ ਤੇ ਸੰਬੋਧਤ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੁਚੱਕ ਨੇ ਦੱਸਿਆ ਵੱਖ ਵੱਖ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਪੰਜਾਬ ਸਰਕਾਰ ਨੇ ਪਹਿਲ ਕਦਮੀ ਕਰਦਿਆਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਹੈ ਉਸ ਅਧੀਨ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਘਰੋਟਾ ਤੋਂ 6ਵੀਂ ਬੱਸ ਧਾਰਮਿਕ ਸਥਾਨਾਂ ਦੇ ਦਰਸਨਾ ਲਈ ਰਵਾਨਾ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਉਪਰਾਲਾ ਕੀਤਾ ਗਿਆ ਹੈ ਕਿ ਪੰਜਾਬ ਅਤੇ ਹੋਰ ਬਾਹਰੀ ਸੂਬਿਆਂ ਅੰਦਰ ਸਥਿਤ ਧਾਰਮਿਕ ਸਥਾਨਾਂ ਦੇ ਦਰਸਨਾ ਦੇ ਲਈ ਲੋਕਾਂ ਨੂੰ ਮੁਫ਼ਤ ਯਾਤਰਾ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਸ਼ਰਧਾਲੂਆਂ ਨੂੰ ਲੈਕੇ ਸ੍ਰੀ ਅਨੰਦਪੁਰ ਸਾਹਿਬ, ਮਾਤਾ ਨੈਨਾ ਦੇਵੀ, ਮਾਤਾ ਚਿੰਤਪੁਰਨੀ ਅਤੇ ਮਾਤਾ ਜਵਾਲਾ ਜੀ ਦੇ ਦਰਸਨਾ ਲਈ ਰਵਾਨਾ ਹੋਈ ਹੈ। ਇਸ ਤਰ੍ਹਾਂ ਦੀ ਹੋਰ ਵੀ ਬੱਸਾਂ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸਨਾਂ ਲਈ ਜਿਲ੍ਹਾ ਪਠਾਨਕੋਟ ਤੋਂ ਰਵਾਨਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨਾਂ ਦੇ ਦਰਸਨਾਂ ਤੇ ਜਾ ਰਹੇ ਸਰਧਾਲੂਆਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੀ ਗਈ ਇੱਕ ਇੱਕ ਕਿੱਟ ਵੀ ਵੰਡੀ ਗਈ ਹੈ ਜਿਸ ਵਿੱਚ ਯਾਤਰਾ ਦੋਰਾਨ ਉਨ੍ਹਾਂ ਨੂੰ ਲੋੜੀਦੇ ਸਮਾਨ ਸਾਮਲ ਹੈ।

ਉਨ੍ਹਾਂ ਦੱਸਿਆ ਕਿ ਯਾਤਰੀਆਂ ਦੇ ਰਹਿਣ ਅਤੇ ਭੋਜਨ ਦੀ ਵਿਵਸਥਾ ਸਰਕਾਰ ਵੱਲੋਂ ਪਹਿਲਾ ਤੋਂ ਹੀ ਕਰ ਲਈ ਗਈ ਹੈ ਅਤੇ ਬੱਸ ਦੇ ਨਾਲ ਇੱਕ ਵਿਸੇਸ ਤੋਰ ਤੇ ਮੈਡੀਕਲ ਟੀਮ ਵੀ ਰਵਾਨਾਂ ਕੀਤੀ ਗਈ ਹੈ ਤਾਂ ਜੋ ਸਰਦਾਲੂਆਂ ਨੂੰ ਯਾਤਰਾ ਕਰਦੇ ਸਮੇਂ ਕਿਸੇ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਬਿਜਲੀ ਕਾਮਿਆਂ ਵੱਲੋਂ ਸਰਕਲ ਦਫ਼ਤਰਾਂ ਅੱਗੇ ਮੁਜ਼ਾਹਰੇ

**ਪਟਿਆਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਜਲੀ ਕਾਮਿਆਂ ਨੇ ਮੰਗਾਂ ਦੀ ਪੂਰਤੀ ਲਈ ਕਈ ਜਥੇਬੰਦੀਆਂ ਦੀ ਪ੍ਰਤੀਨਿਧਤਾ ਕਰਦੀਆਂ 'ਪੀਐਸਈਬੀ ਐਂਪਲਾਈਜ਼ ਜੁਆਇੰਟ ਫੋਰਮ' ਅਤੇ 'ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ' ਦੇ ਸਾਂਝੇ ਸੱਦੇ 'ਤੇ ਅੱਜ ਪੰਜਾਬ ਭਰ ਵਿਚਲੇ ਪਾਵਰਕੌਮ ਦੇ ਸਮੁੱਚੇ ਸਰਕਲ ਦਫ਼ਤਰਾਂ 'ਚ ਅਰਥੀ ਫੂਕ ਮੁਜ਼ਾਹਰੇ ਕੀਤੇ। ਇਸ ਦੌਰਾਨ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਰੋਸ ਮਾਰਚ ਉਪਰੰਤ ਮੁਲਾਜ਼ਮਾਂ ਨੇ ਸਿਵਲ ਪ੍ਰਸ਼ਾਸਨ ਰਾਹੀਂ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਭੇਜ ਕੇ ਬਕਾਇਆ ਮੰਗਾਂ ਦੀ ਪੂਰਤੀ ਯਕੀਨੀ ਬਣਾਏ ਜਾਣ 'ਤੇ ਜ਼ੋਰ ਦਿਤਾ।

ਮੁਲਾਜ਼ਮ ਆਗੂਆਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ 6 ਮਾਰਚ ਨੂੰ ਬਿਜਲੀ ਨਿਗਮ ਦੇ ਪਟਿਆਲਾ ਸਥਿਤ ਮੁੱਖ ਦਫਤਰ ਵਿਖੇ ਸੂਬਾਈ ਧਰਨੇ ਅਤੇ 13 ਮਾਰਚ ਨੂੰ ਸੰਗਰੂਰ ਵਿੱਚ ਰੈਲੀ ਕਰਕੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਰੋਸ ਮਾਰਚ ਕਰਨ ਦਾ ਐਲਾਨ ਵੀ ਕੀਤਾ ਗਿਆ। ਬੁਲਾਰਿਆਂ ਦਾ ਕਹਿਣਾ ਸੀ ਕਿ 29 ਜਨਵਰੀ ਨੂੰ ਪਾਵਰ ਮੈਨੇਜਮੈਂਟ ਨੂੰ ਸੌਂਪੇ ਗਏ ਮੰਗ ਪੱਤਰ ਵਿਚਲੀਆਂ ਮੰਗਾਂ ਦੇ ਹੱਲ ਪ੍ਰਤੀ ਮੈਨੇਜਮੈਂਟ ਨੇ ਕੋਈ ਦਿਲਚਸਪੀ ਨਹੀਂ ਵਿਖਾਈ। ਉਨ੍ਹਾਂ ਕਿਹਾ ਕਿ ਜੇ ਹੁਣ ਮੰਗਾਂ ਦੀ ਪੂਰਤੀ ਨਾ ਕੀਤੀ ਤਾਂ ਹੋਰ ਵੀ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ। ਇਸ ਦੌਰਾਨ ਹਰਪਾਲ ਸਿੰਘ, ਗੁਰਵੇਲ ਬੱਲਪੁਰੀਆ, ਮਨਜੀਤ ਚਾਹਲ, ਦਵਿੰਦਰ ਸਿੰਘ ਪਸ਼ੌਰ, ਬਲਦੇਵ ਮੰਢਾਲੀ, ਸਰਿੰਦਰਪਾਲ ਲਹੌਰੀਆ, ਮਹਿੰਦਰ ਰੂੜਕੇ, ਕਰਮਚੰਦ ਭਾਰਦਵਾਜ, ਪੂਰਨ ਸਿੰਘ ਖਾਈ, ਰਵੇਲ ਸਿੰਘ ਸਹਾਏਪੁਰ, ਕੁਲਵਿੰਦਰ ਢਿੱਲੋਂ, ਜਗਜੀਤ ਕੋਟਲੀ, ਗੁਰਵਿੰਦਰ ਸਿੰਘ, ਜਗਜੀਤ ਕੰਡਾ, ਸੁਖਵਿੰਦਰ ਚਾਹਲ, ਰਘਵੀਰ ਸਿੰਘ, ਬਲਜੀਤ ਮੋਦਲਾ, ਜਰਨੈਲ ਸਿੰਘ, ਲਖਵਿੰਦਰ ਸਿੰਘ, ਸਰਬਜੀਤ ਭਾਣਾ, ਅਵਤਾਰ ਕੈਂਥ ਆਦਿ ਨੇ ਸੰਬੋਧਨ ਕੀਤਾ।

## ਪ੍ਰਿਤਪਾਲ ਦੀ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰਨ 'ਤੇ ਜ਼ੋਰ



ਸ਼ੰਭੂ ਬਾਰਡਰ 'ਤੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਸਾਨ ਆਗੂ।

**ਪਟਿਆਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੰਭੂ ਬਾਰਡਰ 'ਤੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਕਿਸਾਨ ਆਗੂਆਂ ਨੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਕੇਸ ਨਾ ਦਰਜ ਕਰਨ 'ਤੇ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ।

ਕਿਸਾਨਾਂ ਦੇ ਮੁੱਦੇ ਨੂੰ ਬਰਤਾਨੀਆਂ ਦੀ ਪਾਰਲੀਮੈਂਟ ਵਿੱਚ ਉਠਾਉਣ ਵਾਲੇ ਤਨਮਨਜੀਤ ਸਿੰਘ ਢੇਸੀ ਦੀ ਸ਼ਲਾਘਾ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਵਿੱਚ ਰਹਿੰਦੇ ਉਨ੍ਹਾਂ ਦੇ ਰਿਸ਼ਤੇਦਾਰਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਇਸ ਮੱਦ ਤਹਿਤ ਹਕੂਮਤਾਂ ਵੱਲੋਂ ਤੰਗ ਪ੍ਰੇਸ਼ਾਨ ਕੀਤਾ ਗਿਆ ਤਾਂ ਕਿਸਾਨ ਚੁੱਪ ਨਹੀਂ ਰਹਿਣਗੇ ਤੇ ਹਕੂਮਤਾਂ ਦੀ ਕਾਰਵਾਈ ਦਾ ਵਿਰੋਧ ਕੀਤਾ ਜਾਵੇਗਾ।

ਇਸ ਮੌਕੇ ਸੁਖਬੀਰ ਸਿੰਘ, ਮਨਜੀਤ ਘੁਮਾਣਾ, ਰਣਜੀਤ ਸਿੰਘ ਰਾਜੂ ਤੇ ਓਂਕਾਰ ਸਿੰਘ ਮੌਜੂਦ ਸਨ।

# ਅਲਮਾ ਕਿਡਜ਼ ਇੰਟਰਨੈਸ਼ਨਲ ਸਕੂਲ ਨਾਭਾ ਨੂੰ ਵਧੀਆ ਸਿੱਖਿਆਂ ਦੇ ਖੇਤਰ ਵਿੱਚ ਮਿਲਿਆ ਸਨਮਾਨ




**ਨਾਭਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਲਡ ਬੁੱਕ ਆਫ ਰਿਕਾਰਡਜ਼ ਲੰਡਨ ਵੱਲੋਂ ਕਾਰਿਉ ਮਿਸਰ ਇਜ਼ਿਪਟ ਵਿੱਚ ਆਪਣਾ ਅੰਤਰਰਾਸ਼ਟਰੀ ਐਕਸੀਲੈਂਸ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਇਨਾਮ ਵੰਡ ਸਮਾਰੋਹ ਵਿੱਚ 100 ਉੱਘੀਆਂ ਸ਼ਖਸ਼ੀਅਤਾਂ ਨੂੰ ਅੰਤਰਰਾਸ਼ਟਰੀ ਇਨਾਮ ਅਤੇ ਵਰਲਡ ਬੁੱਕ ਆਫ਼ ਰਿਕਾਰਡਜ਼ ਦੇ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਅਲਮਾ ਕਿਡਜ਼ ਇੰਟਰਨੈਸ਼ਨਲ ਸਕੂਲ ਨਾਭਾ ਨੂੰ ਸਿੱਖਿਆਂ ਦੇ ਖੇਤਰ ਵਿੱਚ ਯੋਗਦਾਨ ਪਾਉਣ ਲਈ ਸਨਮਾਨ ਦਿੱਤਾ ਗਿਆ। ਇਹ ਸਨਮਾਨ ਸਕੂਲ ਦੇ ਡਾਇਰੈਕਟਰ ਜਸਵੀਰ ਸਿੰਘ ਛਿੰਦਾਂ ਨੇ ਪ੍ਰਾਪਤ ਕੀਤਾ। ਇਸ ਸਮਾਗਮ ਵਿੱਚ ਅਮਰੀਕਾ, ਯੂ.ਕੇ., ਰੂਸ, ਇਟਲੀ, ਡੈਨਮਾਰਕ, ਜਾਪਾਨ, ਰੋਮਾਨੀਆ, ਫਰਾਂਸ ਨਾਰਵੇ, ਫਿਨਲੈਂਡ, ਸਵੀਡਨ, ਸਵਿਟਜ਼ਰਲੈਂਡ ਸਮੇਤ 50 ਦੇਸ਼ਾਂ ਦੀਆਂ ਗਲੋਬਲ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਕਾਂਗੋ, ਰਵਾਂਡਾ, ਮਿਸਰ, ਯੂ.ਏ.ਈ., ਜੌਰਡਨ, ਭਾਰਤ, ਨੇਪਾਲ, ਸਿੰਗਾਪੁਰ, ਸ੍ਰੀਲੰਕਾ, ਥਾਈਲੈਂਡ ਅਤੇ ਹੋਰਨਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਸਨਮਾਨ ਸਮਾਰੋਹ ਨੂੰ ਸੰਤੋਸ਼ ਸ਼ੁਕਲਾ, ਪ੍ਰੈਜ਼ੀਡੈਂਟ ਅਤੇ ਸੀ.ਈ.ਓ., ਵਰਲਡ ਬੁੱਕ ਆਫ ਰਿਕਾਰਡਜ਼, ਯੂ.ਕੇ, ਡਾ. ਸੁਚਿਤਾ ਸ਼ੁਕਲਾ, ਭਾਰਤ, ਸ਼੍ਰੀਮਤੀ ਕੋਰੀਨਾ ਸੁਜਦਾ, ਰੋਮਾਨੀਆ, ਡਾ. ਇਜ਼ਾਤ ਹਸਨ, ਮਿਸਰ, ਨਿਕੋਲੇਤਾ ਹੋਹਾ, ਰੋਮਾਨੀਆ, ਡਾ: ਆਲੀਆ ਐਲਗਮਾਈਲੀ, ਮਿਸਰ ਨੇ ਸੰਬੋਧਨ ਕੀਤਾ, ਸਮਾਗਮ ਵਿੱਚ ਬਹੁਤ ਸਾਰੀਆਂ ਅੰਤਰਰਾਸ਼ਟਰੀ ਸ਼ਖਸੀਅਤਾਂ ਅਤੇ ਹੋਰ ਪ੍ਰਮੁੱਖ ਮਹਿਮਾਨਾਂ ਨੇ ਸ਼ਿਰਕਤ ਕੀਤੀ। ਜਿਸ ਵਿੱਚ ਪਰਉਪਕਾਰੀ, ਅਕਾਦਮਿਕ, ਕਾਰੋਬਾਰੀ ਅਤੇ ਵਿਸ਼ਵ ਦੇ ਕਾਰਪੋਰੇਟ ਨੇਤਾ ਸ਼ਾਮਲ ਸਨ। ਇਸ ਸਮਾਰੋਹ ਵਿੱਚ, ਵਰਲਡ ਬੁੱਕ ਆਫ਼ ਰਿਕਾਰਡਜ਼ ਨੇ ਸਮਾਜ ਦੀ ਬਿਹਤਰੀ ਲਈ ਆਪਣੀ ਕਾਰਗੁਜ਼ਾਰੀ ਅਤੇ ਸਮਾਜਿਕ ਸੇਵਾਵਾਂ ਨੂੰ ਸਮਰਪਿਤ ਕਰਨ ਵਾਲੇ ਵਿਅਕਤੀਆਂ, ਸੰਸਥਾਵਾਂ, ਸੰਸਥਾਵਾਂ ਅਤੇ ਹੋਰਾਂ ਦੇ ਨਾਲ ਵਰਲਡ ਬੁੱਕ ਆਫ ਰਿਕਾਰਡ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਵਰਲਡ ਬੁੱਕ ਆਫ਼ ਰਿਕਾਰਡਜ਼ ਨੇ ਸ਼ਾਨਦਾਰ ਕੰਮ ਕਰਨ ਵਾਲਿਆਂ ਅਤੇ ਸਮਾਜ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਵੱਕਾਰੀ ਲਾਈਫਟਾਈਮ ਅਚੀਵਮੈਂਟ ਅਵਾਰਡਸ ਦੀ ਸਥਾਪਨਾ ਕੀਤੀ ਹੈ। ਲੰਡਨ ਪ੍ਰੈਸ ਅਤੇ ਡਬਲਯੂਬੀਆਰ ਨਿਊਜ਼ ਇਸ ਪੁਰਸਕਾਰ ਸਮਾਰੋਹ ਦੇ ਅਧਿਕਾਰਤ ਮੀਡੀਆ ਸਹਿਯੋਗੀ ਸਨ। ਇਹ ਇਨਾਮ ਦੁਨੀਆ ਭਰ ਦੀਆਂ ਸ਼ਖਸੀਅਤਾਂ ਨੂੰ ਮਾਨਤਾ ਅਤੇ ਪ੍ਰੇਰਣਾ ਦੇਣ ਦੇ ਮੱਦੇਨਜ਼ਰ ਪ੍ਰਦਾਨ ਕੀਤੇ ਗਏ ਸਨ। ਸਮਾਗਮ ਦਾ ਸੰਚਾਲਨ ਡਾ: ਤਿਥੀ ਭੱਲਾ ਨੇ ਕੀਤਾ, ਇਸ ਸਨਮਾਨ ਦੇ ਲਈ ਜਸਵੀਰ ਸਿੰਘ ਛਿੰਦਾਂ ਨੇ ਸੰਤੋਸ਼ ਸ਼ੁਕਲਾ ਅਤੇ ਕੋਰੀਨਾ ਸੁਜਦਾ ਰੈਲਟਾ ਅਤੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਜਤਿੰਦਰ ਮਤਲਾਨੀ ਦੁਬਈ, ਰਾਜੀਵ ਸ਼੍ਰੀਵਾਸਤਵ, ਗੋਰਿਵ ਸ਼ਰਮਾ, ਅੰਜਲੀ ਭਾਰਦਵਾਜ, ਰੋਮਿਨਾ, ਮਹੇਸ਼ ਵਰਮਾ ਅਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

## ਸੰਪਾਦਕੀ

# ਬਾਇਜੂ'ਸ ਦਾ ਵਿਵਾਦ

ਯੂਨਾਨੀ ਪੌਰਾਣਿਕ ਕਥਾ ਵਾਂਗ ਇਹ 'ਇਕਾਰਸ' ਕਿਸੇ ਈਜਾਦਕਰਤਾ ਦਾ ਨਹੀਂ ਬਲਕਿ ਦਿਹਾਤ 'ਚ ਪੜ੍ਹਾਉਂਦੇ ਦੋ ਅਧਿਆਪਕਾਂ ਦਾ ਪੁੱਤਰ ਹੈ। ਬਾਵਜੂਦ ਇਸ ਦੇ ਉਸ ਨੇ ਭਾਰਤ ਵਿਚ ਚੋਟੀ ਦੀ ਕੰਪਨੀ ਸਥਾਪਿਤ ਕਰ ਕੇ ਉੱਚੀ ਉਡਾਰੀ ਮਾਰੀ ਜਿਸ ਦੀ ਕੀਮਤ ਕਿਸੇ ਵੇਲੇ 22 ਅਰਬ ਅਮਰੀਕੀ ਡਾਲਰ ਦੱਸੀ ਗਈ। ਦੁਨੀਆ ਦੇ ਮਹਾਨ ਫੁਟਬਾਲਰਾਂ ਵਿਚੋਂ ਇਕ ਲਿਓਨਲ ਮੈਸੀ ਨੂੰ ਉਸ ਨੇ ਆਪਣੀ ਕੰਪਨੀ ਦਾ ਬਰਾਂਡ ਅੰਬੈਸਡਰ ਬਣਾਇਆ। ਉਸ ਨੇ ਭਾਰਤੀ ਕ੍ਰਿਕਟ ਟੀਮ ਨੂੰ ਸਪਾਂਸਰ ਕੀਤਾ ਤੇ ਫੀਫਾ ਵਿਸ਼ਵ ਕੱਪ 2022 ਦੇ ਅਧਿਕਾਰਤ ਨਿਵੇਸ਼ਕਾਂ ਵਿਚ ਵੀ ਉਸ ਦਾ ਨਾਂ ਸੀ। ਇੱਥੇ ਬਾਇਜੂ ਰਵੀਂਦਰਨ ਦੀ ਗੱਲ ਹੋ ਰਹੀ ਹੈ ਜਿਸ ਨੇ 'ਬਾਇਜੂ'ਸ' ਨਾਂ ਦਾ ਬਰਾਂਡ ਖੜ੍ਹਾ ਕੀਤਾ। ਉਸ ਵੱਲੋਂ 2011 ਵਿਚ ਸ਼ੁਰੂ ਕੀਤੀ ਇਸ 'ਐਡਟੈੱਕ' ਕੰਪਨੀ ਨੇ 2015 ਵਿਚ ਸਿੱਖਿਆ ਖੇਤਰ ਨਾਲ ਸਬੰਧਿਤ ਐਪਲੀਕੇਸ਼ਨ ਲਾਂਚ ਕੀਤੀ ਤੇ ਬਹੁਤ ਘੱਟ ਸਮੇਂ ਵਿਚ ਹੀ 15 ਲੱਖ ਲੋਕਾਂ ਨੇ ਇਸ ਨੂੰ ਸਬਸਕ੍ਰਾਈਬ ਕਰ ਲਿਆ ਤੇ ਇਸ ਨਾਲ ਜੁੜ ਗਏ। 2018 ਵਿਚ ਕੰਪਨੀ ਦੀ ਕੀਮਤ ਇਕ ਅਰਬ ਡਾਲਰ ਨੂੰ ਛੂਹ ਗਈ।

ਕੋਵਿਡ-19 ਮਹਾਮਾਰੀ ਨੇ ਉਸ ਨੂੰ 'ਆਨਲਾਈਨ' ਸਿੱਖਿਆ ਖੇਤਰ ਦਾ ਮਹਾਨਾਇਕ ਬਣਾ ਦਿੱਤਾ ਜਿਸ ਦੀ ਚਰਚਾ ਹਾਰਵਰਡ ਬਿਜ਼ਨਸ ਸਕੂਲ ਦੀ ਇਕ ਕੇਸ ਸਟੱਡੀ ਵਿਚ ਵੀ ਹੋਈ। ਬਾਇਜੂ ਵਾਂਗ ਉਤਾਂਹ ਤੋਂ ਇਕਦਮ ਹੇਠਾਂ ਆਉਣ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਉਹ ਜਿੰਨੀ ਤੇਜ਼ੀ ਨਾਲ ਅਰਸ਼ ਉੱਤੇ ਗਿਆ, ਓਨੀ ਹੀ ਤੇਜ਼ੀ ਨਾਲ ਉਹ ਫ਼ਰਸ਼ 'ਤੇ ਆ ਗਿਆ। ਤਿੰਨ ਸਾਲਾਂ ਤੋਂ ਵੀ ਘੱਟ ਸਮੇਂ ਵਿਚ ਉਸ ਦੀ ਕੰਪਨੀ ਦੀ ਕੀਮਤ 99 ਪ੍ਰਤੀਸ਼ਤ ਡਿੱਗ ਕੇ 22 ਅਰਬ ਡਾਲਰ ਤੋਂ ਮਹਿਜ਼ 20 ਕਰੋੜ ਡਾਲਰ ਰਹਿ ਗਈ ਹੈ। ਕੰਪਨੀ ਦੇ ਹਤਾਸ਼ ਨਿਵੇਸ਼ਕ ਹੁਣ ਭੱਜ-ਨੱਠ ਕਰ ਕੇ ਆਪਣਾ ਨਿਵੇਸ਼ ਬਚਾਉਣ ਵਿਚ ਲੱਗੇ ਹੋਏ ਹਨ। ਇਹ ਉਨ੍ਹਾਂ ਦੀ ਸਮਝ ਤੋਂ ਬਾਹਰ ਹੈ ਕਿ ਇੰਨੇ ਵੱਡੇ ਪੱਧਰ 'ਤੇ ਇਹ ਸਾਰਾ ਕੁਝ ਕਿਵੇਂ ਵਾਪਰਿਆ। ਉਸ ਦੇ ਨਿਵੇਸ਼ਕਾਂ ਵਿਚ 'ਪ੍ਰੋਸਸ', 'ਜਨਰਲ ਐਟਲਾਂਟਿਕ','ਸੋਫੀਨਾ' ਤੇ 'ਪੀਕ ਐਕਸਵੀ ਪਾਰਟਰਨਜ਼' ਜਿਹੇ ਨਾਂ ਸ਼ਾਮਲ ਹਨ; ਕੰਪਨੀ ਵਿਚ 'ਟਾਈਗਰ ਗਲੋਬਲ' ਤੇ 'ਆਓਲ ਵੈਂਚਰਜ਼' ਜਿਹੀਆਂ ਫਰਮਾਂ ਸ਼ੇਅਰਧਾਰਕ ਹਨ। ਰਵੀਂਦਰਨ ਨੂੰ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਅਤੇ ਉਸ ਦੀ ਪਤਨੀ ਤੇ ਭਰਾ ਨੂੰ ਕੰਪਨੀ ਦੇ ਬੋਰਡ ਵਿਚੋਂ ਬਾਹਰ ਕਰਨ ਲਈ ਪਿਛਲੇ ਹਫ਼ਤੇ ਨਿਵੇਸ਼ਕਾਂ ਤੇ ਸ਼ੇਅਰਧਾਰਕਾਂ ਨੇ ਹੰਗਾਮੀ ਕਦਮਾਂ ਵਜੋਂ ਜਨਰਲ ਬਾਡੀ ਮੀਟਿੰਗ ਕੀਤੀ ਹੈ।

ਕੰਪਨੀ ਵਿਚ ਚੋਟੀ ਦੇ ਚਾਰ ਨਿਵੇਸ਼ਕਾਂ ਵੱਲੋਂ ਬਾਨੀ ਪਰਿਵਾਰ ਵਿਰੁੱਧ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ, ਬੰਗਲੂਰੂ ਦਾ ਰੁਖ਼ ਕਰਨ ਤੋਂ ਕੁਝ ਘੰਟਿਆਂ ਦੇ ਅੰਦਰ ਹੀ ਇਹ ਸਭ ਵਾਪਰਿਆ ਹੈ। ਟ੍ਰਿਬਿਊਨਲ ਕੋਲ ਪਹੁੰਚ ਕਰ ਕੇ ਨਿਵੇਸ਼ਕਾਂ ਨੇ ਕੰਪਨੀ ਚਲਾਉਣ 'ਚ ਬਾਇਜੂ ਪਰਿਵਾਰ ਨੂੰ ਅਯੋਗ ਠਹਿਰਾਉਣ ਦੀ ਅਪੀਲ ਕੀਤੀ ਹੈ। ਇਸ ਦੌਰਾਨ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ), ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ ਦੀ ਉਲੰਘਣਾ ਦੇ ਪੱਖ ਤੋਂ ਬਾਇਜੂ ਵਿਰੁੱਧ ਜਾਂਚ ਕਰ ਰਹੀ ਹੈ, ਮਾਮਲਾ 9362.35 ਕਰੋੜ ਰੁਪਏ ਦਾ ਹੈ। ਇਹ ਇਕਾਰਸ 'ਕਾਗ਼ਜ਼ੀ' ਖੰਭਾਂ ਆਸਰੇ ਉਡਾਰੀ ਮਾਰ ਸੂਰਜ ਦੇ ਕਾਫੀ ਨੇੜੇ ਢੁਕ ਗਿਆ। ਬਾਇਜੂ ਦੀ ਕਹਾਣੀ ਸੰਸਥਾਪਕਾਂ ਅਤੇ ਨਿਵੇਸ਼ਕਾਂ ਦੇ ਵਧਦੇ ਲਾਲਚ ਦੀ ਮਿਸਾਲ ਹੈ ਜੋ ਮਾਲੀਏ ਅਤੇ ਅਸਲ ਭਾਅ ਤੋਂ ਬਿਨਾਂ ਕਾਰੋਬਾਰੀ ਮਾਡਲ ਨੂੰ ਤੋੜ-ਮਰੋੜ ਕੇ ਆਪਣੇ ਹਿਸਾਬ ਨਾਲ ਕੀਮਤਾਂ ਲਾ ਰਹੇ ਹਨ।

# ਨੇਤਨਯਾਹੂ ਦੀ ਯੋਜਨਾ

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਆਖਿ ?ਰਕਾਰ ਸ਼ੁੱਕਰਵਾਰ ਮੀਡੀਆ ਨੂੰ ਦਿੱਤੇ ਸੰਖੇਪ ਜਿਹੇ ਸੁਨੇਹੇ ਵਿਚ ਜੰਗ ਤੋਂ ਬਾਅਦ ਦਾ ਆਪਣਾ ਕੂਟਨੀਤਕ ਨਜ਼ਰੀਆ ਪੇਸ਼ ਕੀਤਾ ਹੈ। ਗਾਜ਼ਾ ਉੱਤੇ ਚੁਫ਼ੇਰਿਓਂ ਹੱਲਿਆਂ ਕਾਰਨ ਤਲ ਅਵੀਵ 'ਤੇ ਕੌਮਾਂਤਰੀ ਦਬਾਅ ਹੈ ਜਿਸ ਦਾ ਨੇਤਨਯਾਹੂ ਨੇ ਇਕ ਢੰਗ ਨਾਲ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਨੇਤਨਯਾਹੂ ਦੀ ਯੋਜਨਾ ਮੁਤਾਬਕ ਸੁਰੱਖਿਆ ਅਣਮਿੱਥੇ ਸਮੇਂ ਲਈ ਇਜ਼ਰਾਈਲ ਕੋਲ ਰਹੇਗੀ; ਇਸ ਵੱਲੋਂ ਚੁਣੇ ਗਏ 'ਠੇਕੇਦਾਰ' ਪ੍ਰਸ਼ਾਸਨ ਦਾ ਜਿ ?ਮਾ ਸਾਂਭਣਗੇ। ਇਸ ਵਿਚ ਫ਼ਲਸਤੀਨੀ ਅਥਾਰਿਟੀ ਦਾ ਕੋਈ ਜਿ ?ਕਰ ਨਹੀਂ ਹੈ; ਕੱਟੜਵਾਦ ਨਾਲ ਨਜਿੱਠਣ ਬਾਰੇ ਵੀ ਇਸ ਵਿਚ ਕੋਈ ਖਾਸ ਹਵਾਲਾ ਨਹੀਂ ਹੈ। ਕੁਝ ਅਰਬ ਮੁਲਕਾਂ ਦੀ ਸ਼ਮੂਲੀਅਤ ਦੇ ਸੰਕੇਤ ਜ਼ਰੂਰ ਹਨ। ਇਜ਼ਰਾਈਲ ਗਾਜ਼ਾ ਉੱਤੇ ਜ਼ਮੀਨ, ਆਸਮਾਨ ਅਤੇ ਸਮੁੰਦਰ ਤੋਂ ਨਿਗ੍ਹਾ ਰੱਖੇਗਾ। ਇਸ ਦੇ ਨਾਲ ਹੀ ਜੌਰਡਨ ਦੇ ਪੱਛਮ ਵਿਚ ਸਾਰਾ ਇਲਾਕਾ ਵੀ ਇਜ਼ਰਾਈਲ ਦੀ ਨਿਗਰਾਨੀ ਹੇਠ ਰਹੇਗਾ।

ਇਕ ਅਜਿਹੇ ਨੇਤਾ ਵਜੋਂ ਜਿਸ ਦੀ ਇਜ਼ਰਾਈਲ ਨੂੰ ਸੁਰੱਖਿਅਤ ਰੱਖਣ ਦੇ ਪੱਖ ਤੋਂ ਸਾਖ਼ ਤਾਰ ਤਾਰ ਹੋ ਗਈ ਹੈ ਅਤੇ ਕਰੀਬ 30000 ਫ਼ਲਸਤੀਨੀਆਂ ਨੂੰ ਮਾਰਨ ਦੇ ਬਾਵਜੂਦ ਉਸ ਵੱਲੋਂ ਵਿੱਢੀ ਸੈਨਿਕ ਕਾਰਵਾਈ ਨੇ ਹਾਲੇ ਤੱਕ ਆਪਣੇ ਅੱਧੇ ਟੀਚੇ ਵੀ ਪੂਰੇ ਨਹੀਂ ਕੀਤੇ, ਨੇਤਨਯਾਹੂ ਦੀ ਯੋਜਨਾ ਉਸ ਦੇ ਸਮਰਥਕਾਂ ਨੂੰ ਬਹੁਤਾ ਪ੍ਰਭਾਵਿਤ ਨਹੀਂ ਕਰ ਸਕੇਗੀ। ਲਗਾਤਾਰ ਹੋ ਰਹੀ ਹਿੰਸਾ ਦੀ ਜੜ੍ਹ ਇਜ਼ਰਾਇਲੀ ਸੁਰੱਖਿਆ ਬਲਾਂ ਦੀ ਸਖ਼ਤੀ, ਗੈਰ-ਕਾਨੂੰਨੀ ਆਬਾਦਕਾਰ ਤੇ ਪ੍ਰਧਾਨ ਮੰਤਰੀ ਨੇਤਨਯਾਹੂ ਦਾ 'ਦੋ ਮੁਲਕ' ਹੱਲ ਤੋਂ ਇਨਕਾਰੀ ਹੋਣਾ ਹੈ। ਗਾਜ਼ਾ ਨੂੰ ਇਜ਼ਰਾਈਲ ਸ਼ਾਸਿਤ ਪ੍ਰਦੇਸ਼ ਬਣਾਉਣਾ ਜਿਸ ਨੂੰ ਫੌਜ ਦੀ ਨਿਗਰਾਨੀ ਹੇਠ ਕਈ ਜਣੇ ਰਲ ਕੇ ਚਲਾਉਣਗੇ, ਦਾ ਸੁਝਾਅ ਰੱਖ ਕੇ ਨੇਤਨਯਾਹੂ ਸਗੋਂ ਅਗਲੇ ਟਕਰਾਅ ਦਾ ਮੁੱਢ ਬੰਨ੍ਹ ਰਹੇ ਹਨ। ਇਹ ਯੋਜਨਾ ਜੰਗ ਤੋਂ ਬਾਅਦ ਦੇ ਗਾਜ਼ਾ ਦੇ ਮਾਨਵੀ ਅਤੇ ਨੈਤਿਕ ਪੱਖਾਂ ਨੂੰ ਵੀ ਨਜ਼ਰਅੰਦਾਜ਼ ਕਰਦੀ ਹੈ। ਵੀਹ ਲੱਖ ਗਾਜ਼ਾ ਵਾਸੀ ਕੀ ਕਰਨਗੇ, ਇਸ ਬਾਰੇ ਇਕ ਵੀ ਸ਼ਬਦ ਨੇਤਨਯਾਹੂ ਨੇ ਨਹੀਂ ਕਿਹਾ। ਬਾਹਰ ਕੱਢੀਆਂ ਗਈਆਂ ਸੰਯੁਕਤ ਰਾਸ਼ਟਰ ਦੀਆਂ ਰਾਹਤ ਇਕਾਈਆਂ ਦੀ ਥਾਂ ਕੌਣ ਲਏਗਾ ? ਇੱਥੋਂ ਤੱਕ ਕਿ ਅਮਰੀਕਾ ਨੇ ਵੀ ਇਸ ਯੋਜਨਾ ਦਾ ਵਿਰੋਧ ਕੀਤਾ ਹੈ। ਉਂਝ, ਇਹ ਵੀ ਹਾਲਾਤ ਦਾ ਵਿਅੰਗ ਹੀ ਹੈ ਕਿ ਇਸ ਵਕਤ ਅੱਖਾਂ ਬੰਦ ਕਰ ਕੇ ਇਜ਼ਰਾਈਲ ਦੀ ਤਰਫ਼ਦਾਰੀ ਅਮਰੀਕਾ ਹੀ ਕਰ ਰਿਹਾ ਹੈ। ਹਾਲਾਤ ਹੁਣ ਅਜਿਹੇ ਹਨ ਕਿ ਅਮਰੀਕਾ ਦੇ ਦਖ਼ਲ ਤੋਂ ਬਗੈਰ ਨੇਤਨਯਾਹੂ ਦਾ ਹਮਲਾਵਰ ਰੁਖ਼ ਰੋਕਣਾ ਜਾਂ ਇਸ ਨੂੰ ਠੱਲ੍ਹ ਪਾਉਣਾ ਨਾਮੁਮਕਿਨ ਹੈ ਪਰ ਅਮਰੀਕਾ ਨੇ ਅਜੇ ਤੱਕ ਅਜਿਹੇ ਦਖ਼ਲ ਤੋਂ ਲਗਾਤਾਰ ਟਾਲਾ ਵੱਟਿਆ ਹੈ ਹਾਲਾਂਕਿ ਸੰਸਾਰ ਦੇ ਹੋਰ ਮੁਲਕਾਂ ਵਿਚ ਇਹ ਮਨੁੱਖੀ ਹੱਕਾਂ ਦੇ ਨਾਂ 'ਤੇ ਤੁਰੰਤ ਕਾਰਵਾਈਆਂ ਕਰਨ ਲਈ ਮਸ਼ਹੂਰ ਹੈ।

ਜ਼ਾਹਿਰ ਹੈ ਕਿ ਫ਼ਲਸਤੀਨੀ ਮੁਲਕ ਦੀ ਮੰਗ ਜੋ ਟਕਰਾਅ ਦਾ ਅਸਲ ਕਾਰਨ ਹੈ, ਦਾ ਹੱਲ ਕੱਢੇ ਬਿਨਾਂ ਇਜ਼ਰਾਈਲ ਵੱਲੋਂ ਫੌਜ ਦੇ ਦਬਦਬੇ ਨਾਲ ਕਠਪੁਤਲੀ ਪ੍ਰਸ਼ਾਸਨ ਚਲਾਉਣ ਦੀ ਪੇਸ਼ ਕੀਤੀ ਤਜਵੀਜ਼ ਨਾਰਾਜ਼ਗੀ ਵਿਚ ਸਗੋਂ ਹੋਰ ਵਾਧਾ ਹੀ ਕਰੇਗੀ। ਇਹੀ ਨਹੀਂ, ਅਸੰਤੁਸ਼ਟੀ ਵੀ ਜਿਉਂ ਦੀ ਤਿਉਂ ਬਰਕਰਾਰ ਰਹੇਗੀ। ਸਦਾ ਕਾਇਮ ਰਹਿਣ ਵਾਲਾ ਸੁਰੱਖਿਆ ਜੋਖ਼ਮ ਭਾਰਤ-ਮੱਧ ਪੂਰਬ-ਯੂਰੋਪ ਲਾਂਘੇ ਵਿਚੋਂ ਇਜ਼ਰਾਈਲ ਦੇ ਬਾਹਰ ਹੋਣ ਦਾ ਕਾਰਨ ਵੀ ਬਣ ਸਕਦਾ ਹੈ; ਇਸ ਤਰ੍ਹਾਂ ਤਲ ਅਵੀਵ ਦੇ ਆਰਥਿਕ ਹਿੱਤਾਂ ਨੂੰ ਵੀ ਝਟਕਾ ਲੱਗੇਗਾ।

# ਸੁਪਰੀਮ ਕੋਰਟ ਦੇ ਦੋ ਫ਼ੈਸਲਿਆਂ ਦਾ ਸੁਨੇਹਾ

**ਰਾਜੇਸ਼ ਰਾਮਚੰਦਰਨ**

ਚੁਣਾਵੀ ਬਾਂਡ ਅਤੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਬਹੁਤ ਦੂਰਗਾਮੀ ਪ੍ਰਭਾਵ ਵਾਲੇ ਹਨ। ਕਿਸੇ ਲੋਕਤੰਤਰ ਲਈ ਗੁੰਮਨਾਮ ਸਰੋਤਾਂ ਤੋਂ ਫੰਡ ਲੈ ਕੇ ਚੋਣਾਂ ਲੜਨ ਤੋਂ ਵੱਡਾ ਕੋਈ ਅਪਰਾਧ ਨਹੀਂ ਹੋ ਸਕਦਾ। ਬੇਨਾਮੀ ਫੰਡ ਦੇਣ ਵਾਲੇ ਆਪਣੇ ਕਾਰੋਬਾਰੀ ਅਤੇ ਨਿੱਜੀ ਮਨਸ਼ਿਆਂ ਨੂੰ ਸੰਭਾਵੀ ਤੌਰ 'ਤੇ ਛੁਪਾ ਲੈਂਦੇ ਹਨ। ਫੰਡ ਦੇਣ ਵਾਲੀ ਇਕਾਈ ਅਤੇ ਸਿਆਸੀ ਪਾਰਟੀ ਵਿਚਕਾਰ ਕੀਮਤ-ਲਾਭ ਦਾ ਹਿਸਾਬ ਕਿਤਾਬ ਲਾਉਣ ਲਈ ਪਾਰਦਰਸ਼ਤਾ ਹੀ ਵੋਟਰ ਵਾਸਤੇ ਸਹਾਈ ਹੋ ਸਕਦੀ ਹੈ। ਇਸ ਕਰ ਕੇ ਵੋਟਰ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਉਸ ਦੇ ਚੁਣੇ ਹੋਏ ਉਮੀਦਵਾਰ ਨੂੰ ਫੰਡ ਕੌਣ ਦਿੰਦਾ ਹੈ।

ਚੁਣਾਵੀ ਬਾਂਡ ਸਕੀਮ ਰੱਦ ਕਰਨ ਵਾਲਾ ਫ਼ੈਸਲਾ ਦਿੰਦਿਆਂ ਭਾਰਤ ਦੇ ਚੀਫ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਗਣਤੰਤਰ ਦੀਆਂ ਸੰਵਿਧਾਨਕ ਨੀਹਾਂ ਬਚਾ ਲਈਆਂ ਹਨ। ਇਸ ਫ਼ੈਸਲੇ ਸਦਕਾ ਸੰਵਿਧਾਨਕ ਇਖ਼ਲਾਕ ਦੇ ਅੰਤਿਮ ਸੰਸਥਾਈ ਕਿਲ੍ਹੇ ਵਜੋਂ ਸੁਪਰੀਮ ਕੋਰਟ ਦਾ ਕੱਦ ਬੁੱਤ ਹੀ ਨਹੀਂ ਵਧਿਆ ਹੈ ਸਗੋਂ ਇਸ ਨਾਲ ਸਰਕਾਰ ਦੇ ਪਿੱਠੂ ਬਣ ਕੇ ਕੰਮ ਕਰ ਰਹੀਆਂ ਹੋਰਨਾਂ ਸੰਵਿਧਾਨਕ ਸੰਸਥਾਵਾਂ ਵੱਲ ਵੀ ਉਂਗਲ ਉੱਠੀ ਹੈ। ਜਦੋਂ ਟੀਐੱਨ ਸੇਸ਼ਨ ਭਾਰਤ ਦੇ ਚੋਣ ਕਮਿਸ਼ਨ ਦੀ ਵਾਗਡੋਰ ਸੰਭਾਲ ਰਹੇ ਸਨ ਤਾਂ ਇਹ ਸ਼ਿੱਦਤੀ ਸੁਤੰਤਰ ਅਦਾਰੇ ਵਜੋਂ ਕੰਮ ਕਰ ਰਿਹਾ ਸੀ। ਭਾਰਤੀ ਸੰਸਥਾਵਾਂ ਦੀ ਮਾਯੂਸਕੁਨ ਵਿੱਥਿਆ ਇੱਥੇ ਹੀ ਛੁਪੀ ਹੋਈ ਹੈ। ਇਨ੍ਹਾਂ ਦੇ ਸਿਖਰਲੇ ਅਹੁਦਿਆਂ 'ਤੇ ਬੈਠਣ ਵਾਲੇ ਸ਼ਖ਼ਸ ਨਾਲ ਹੀ ਇਨ੍ਹਾਂ ਸੰਸਥਾਵਾਂ ਦਾ ਕਿਰਦਾਰ ਬਦਲ ਜਾਂਦਾ ਹੈ। ਚੁਣਾਵੀ ਬਾਂਡਾਂ ਮੁਤੱਲਕ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਭਾਰਤੀ ਚੋਣ ਕਮਿਸ਼ਨ ਦੀ ਜਾਗ ਖੁੱਲ੍ਹ ਜਾਣੀ ਚਾਹੀਦੀ ਹੈ। ਭਾਰਤ ਵਿਚ ਚੋਣਾਂ ਸੁਤੰਤਰ ਅਤੇ ਵਾਜਿਬ ਤਰੀਕੇ ਨਾਲ ਹੁੰਦੀਆਂ ਹਨ ਪਰ ਚੋਣਾਂ ਦੀ 'ਫਸਟ ਪਾਸਟ ਦਿ ਪੋਸਟ' ਪ੍ਰਣਾਲੀ ਦੀ ਭਰੋਸੇਯੋਗਤਾ ਪੂਰੀ ਤਰ੍ਹਾਂ ਚੋਣਾਂ ਕਰਾਉਣ ਵਾਲੇ ਅਦਾਰੇ 'ਤੇ ਨਿਰਭਰ ਕਰਦੀ ਹੈ; ਤੇ ਜੇ ਨਿਗਰਾਨ ਭੁੱਲ ਕਰਦਾ ਹੈ ਤਾਂ ਫਿਰ ਪੂਰੀ ਪ੍ਰਕਿਰਿਆ 'ਚ ਗੜਬੜ ਦੇ ਦੋਸ਼ ਆਸਾਨੀ ਨਾਲ ਲੱਗ ਸਕਦੇ ਹਨ। ਇਹੀ ਗੱਲ ਭਾਰਤੀ ਲੋਕਤੰਤਰ ਨੂੰ ਵਾਰਾ ਨਹੀਂ ਖਾਂਦੀ, ਖ਼ਾਸਕਰ ਉਦੋਂ ਜਦੋਂ ਪੱਛਮੀ ਵਿਦਵਾਨਾਂ ਅਤੇ ਉਸ ਦੇ ਮੀਡੀਆ ਵਲੋਂ ਭਾਰਤ ਨੂੰ 'ਚੁਣਾਵੀ ਨਿਰੰਕੁਸ਼ਸ਼ਾਹੀ' ਦਾ ਰੂਪ ਆਖਿਆ ਜਾਂਦਾ ਹੈ।



ਚੰਡੀਗੜ੍ਹ ਦੇ ਮੇਅਰ ਦੀ ਚੋਣ ਦੇ ਨਤੀਜੇ ਪਲਟਾਉਣ ਬਾਰੇ ਸੁਪਰੀਮ ਕੋਰਟ ਦਾ ਹੁਕਮ ਵੀ ਓਨਾ ਹੀ ਅਹਿਮ ਹੈ। ਨਿਗਰਾਨ ਅਫਸਰ ਅਨਿਲ ਮਸੀਹ ਵੱਲੋਂ ਬੈਲੇਟ ਪੇਪਰਾਂ ਨਾਲ ਛੇੜਛਾੜ ਕਰ ਕੇ ਆਪ ਕਾਂਗਰਸ ਦੇ ਉਮੀਦਵਾਰ ਦੇ ਹੱਕ ਵਿਚ ਪਈਆਂ ਵੋਟਾਂ ਨੂੰ ਰੱਦ ਕਰਨ ਦੀ ਤਸਵੀਰ ਕੈਮਰੇ ਵਿਚ ਆ ਗਈ ਸੀ। ਬਿਨਾਂ ਸ਼ੱਕ, ਇਹ ਲੋਕਰਾਜ ਦੀ ਹੱਤਿਆ ਤੋਂ ਘੱਟ ਨਹੀਂ ਸੀ। ਮੇਅਰ ਦੀ ਚੋਣ ਲਈ ਮੁਕਾਮੀ ਚੋਣ ਟੈਸਟ ਕੇਸ ਬਣ ਗਈ ਅਤੇ ਅਦਾਲਤ ਨੇ ਸ਼ਾਨਦਾਰ ਢੰਗ ਨਾਲ ਇਹ ਯਕੀਨੀ ਬਣਾਇਆ ਕਿ ਭਾਰਤੀ ਸਿਸਟਮ ਨੇ ਇਸ ਅਜ਼ਮਾਇਸ਼ ਨੂੰ ਪਾਸ ਕਰ ਕੇ ਇਹ ਸਿੱਧ ਕੀਤਾ ਹੈ ਕਿ ਇਹ ਅਜੇ ਵੀ ਕੰਮ ਕਰਦਾ ਹੈ। ਉਂਝ, ਇਸ ਤੋਂ ਪਹਿਲਾਂ ਕਿ ਇਹ ਸਿਸਟਮ ਹੱਥ ਖੜ੍ਹੇ ਕਰੇ, ਇਹੋ ਜਿਹੇ ਕਿੰਨੇ ਕੁ ਟੈਸਟ ਕੇਸ ਅਤੇ ਝਟਕੇ ਇਹ ਬਰਦਾਸ਼ਤ ਕਰ ਸਕਦਾ ਹੈ, ਇਹ ਸਵਾਲ ਮਜ਼ਬੂਤ ਸਰਕਾਰ ਦੇ ਹਮਾਇਤੀਆਂ ਨੂੰ ਆਪਣੇ ਆਪ ਤੋਂ ਪੁੱਛਣ ਦੀ ਲੋੜ ਹੈ। ਮਜ਼ਬੂਤ ਸਰਕਾਰ ਆਪਣੀ ਤਾਕਤ ਲੋਕਾਂ ਦੇ ਨਿਸ਼ਚੇ ਤੋਂ ਹਾਸਿਲ ਕਰਦੀ ਹੈ ਨਾ ਕਿ ਧੱਕੜ ਹਥਕੰਡਿਆਂ ਤੋਂ।

ਸਰਬਉੱਚ ਅਦਾਲਤ ਦੇ ਇਨ੍ਹਾਂ ਦੋ ਝਟਕਿਆਂ ਦੇ ਬਾਵਜੂਦ ਭਾਜਪਾ ਦੀ ਚੁਣਾਵੀ ਚੜ੍ਹਤ ਅਜੇ ਵੀ ਬਣੀ ਹੋਈ ਹੈ। ਅਯੁੱਧਿਆ ਵਿਚ ਰਾਮ ਮੰਦਰ ਦੇ ਉਦਘਾਟਨ ਨਾਲ ਰੋਜ਼ਾਨਾ ਮੰਦਰ ਜਾਣ ਵਾਲਿਆਂ ਦੇ ਮਨਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਤੀ ਜੋ ਧਾਰਮਿਕ ਸਦਭਾਵਨਾ ਬਣੀ ਹੈ, ਉਸ ਨੂੰ ਚੋਣਾਂ ਵਿਚ ਸਿਆਸੀ ਪੂੰਜੀ ਵਿਚ ਬਦਲਣ ਵਿਚ ਬਹੁਤਾ ਜ਼ੋਰ ਨਹੀਂ ਲੱਗੇਗਾ। ਦੂਜੇ ਬੰਨੇ, ਵਿਰੋਧੀ ਧਿਰ ਦੀਆਂ ਵੱਖ ਵੱਖ ਧਿਰਾਂ ਨੂੰ ਆਪਸੀ ਤਾਲਮੇਲ ਬਿਠਾਉਣ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੀਆਂ ਚੋਣਾਂ ਦੇ ਪ੍ਰੋਗਰਾਮ ਦੇ ਹਿਸਾਬ ਨਾਲ ਹੁਣ ਪਹਿਲੇ ਗੇੜ ਦੇ ਮਤਦਾਨ ਵਿਚ 50 ਤੋਂ ਵੀ ਘੱਟ ਦਿਨ ਰਹਿ ਗਏ ਹਨ। ਦਿੱਲੀ, ਹਰਿਆਣਾ, ਗੁਜਰਾਤ, ਗੋਆ ਆਦਿ ਸੂਬਿਆਂ ਵਿਚ ਲੋਕ ਸਭਾ ਦੀਆਂ ਚੋਣਾਂ ਲਈ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਵਿਚਕਾਰ ਸਮਝੌਤਾ ਸਿਰੇ ਚੜ੍ਹ ਗਿਆ ਹੈ ਹਾਲਾਂਕਿ ਪੰਜਾਬ ਵਿਚ ਕੋਈ ਫਾਰਮੂਲਾ ਨਹੀਂ ਅਪਣਾਇਆ ਜਾ ਸਕਿਆ। ਇਸ ਦੇ ਨਾਲ ਹੀ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਵਿਚਕਾਰ ਸਮਝੌਤਾ ਹੋ ਗਿਆ ਹੈ।

ਜੇ ਲੋਕਾਂ ਦੇ ਮਨਾਂ ਅੰਦਰ ਸੱਤਾ ਵਿਰੋਧੀ ਕੋਈ ਅਦਿੱਖ ਗੁਬਾਰ ਨਾ ਹੋਇਆ ਤਾਂ ਇਨ੍ਹਾਂ ਹਾਲਾਤ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਚੁਣਾਵੀ ਪੁਜ਼ੀਸ਼ਨ ਲਈ ਕੋਈ ਗੰਭੀਰ ਚੁਣੌਤੀ ਨਜ਼ਰ ਨਹੀਂ ਆਉਂਦੀ। ਮੋਦੀ ਲਈ ਤੀਜੀ ਵਾਰ ਦੀ ਸੱਤਾ ਦੀ ਸੰਭਾਵਨਾ ਕਾਫ਼ੀ ਮਜ਼ਬੂਤ ਨਜ਼ਰ ਆਉਂਦੀ ਹੈ। ਉਂਝ, ਇਸ ਤੋਂ ਉਨ੍ਹਾਂ ਦੇ ਹਮਾਇਤੀਆਂ ਨੂੰ ਭਾਰਤੀ ਲੋਕਤੰਤਰ ਦੀਆਂ ਜੜ੍ਹਾਂ ਨੂੰ ਨਹੀਂ ਹਿਲਾਉਣਾ ਚਾਹੀਦਾ ਜੋ ਸੁਪਰੀਮ ਕੋਰਟ ਦੇ ਦੋ ਫ਼ੈਸਲਿਆਂ ਦਾ ਸਾਰ ਵੀ ਹੈ। ਬਰਤਾਨਵੀ ਹਫ਼ਤਾਵਾਰੀ ਮੈਗਜ਼ੀਨ 'ਦਿ ਇਕੌਨੋਮਿਸਟ' ਦੇ ਹਾਲੀਆ ਅੰਕ ਵਿਚ ਇਕ ਬੇਮਿਸਾਲ ਆਗੂ ਦੀ ਚਰਚਾ ਕੀਤੀ ਗਈ ਹੈ ਜੋ ਰਾਸ਼ਟਰੀ ਰੂੜੀਵਾਦ (ਕੰਜ਼ਰਵੇਟਿਜ਼ਮ) ਦੀ ਲਪੇਟ ਵਿਚ ਜਾ ਸਕਦਾ ਹੈ। ਇਸ ਵਿਚ ਇਹ ਚਰਚਾ ਕੀਤੀ ਗਈ ਹੈ ਕਿ ਅਮਰੀਕੀ ਰਾਸ਼ਟਰਪਤੀ ਦੀ ਚੋਣ ਦੇ ਪ੍ਰਸੰਗ ਵਿਚ ਡੋਨਲਡ ਟਰੰਪ ਦੇ ਸਹਿਯੋਗੀਆਂ ਵੱਲੋਂ ਸੰਘੀ ਨੌਕਰਸ਼ਾਹੀ 'ਤੇ ਕਾਬਿਜ਼ ਹੋਣ ਦਾ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ। ਰੋਨਾਲਡ ਰੀਗਨ ਅਤੇ ਮਾਰਗ੍ਰੇਟ ਥੈਚਰ ਦੀ ਚੰਗੇ ਰੂੜੀਵਾਦ ਦੇ ਅਲੰਬਰਦਾਰਾਂ ਵਜੋਂ ਵਡਿਆਈ ਅਤੇ ਬਾਕੀ ਸਾਰੇ ਨਵੇਂ ਰੂੜੀਵਾਦੀਆਂ ਨੂੰ ਦੁਨੀਆ ਭਰ 'ਚ ਬਹੁ-ਧਿਰੀਵਾਦ ਅਤੇ ਘਰੋਗੀ ਤੌਰ 'ਤੇ ਬਹੁਵਾਦ ਦੇ ਗ਼ੈਰ-ਉਦਾਰਵਾਦੀ ਵਿਰੋਧੀ ਕਰਾਰ ਦੇ ਕੇ ਕੀਤੀ ਜਾਂਦੀ ਨਿੰਦਾ ਜ਼ਾਹਿਰਾ ਤੌਰ 'ਤੇ ਚੁਣਾਵੀ ਮਾਅਰਕੇਬਾਜ਼ੀ ਦਿਖਾਈ ਦਿੰਦੀ ਹੈ। ਸਿਆਸਤ ਵਿਚ ਰੀਗਨ ਦਾ ਪੈਰ ਧਰਾਅ ਹੌਲੀਵੁਡ ਵਿਚ ਕਮਿਊਨਿਸਟਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਐੱਫਬੀਆਈ ਮੁਖ਼ਬਰ ਵਜੋਂ ਹੋਇਆ ਸੀ ਜਦਕਿ ਫਾਕਲੈਂਡ ਯੁੱਧ ਵੇਲੇ ਥੈਚਰ ਦੇ ਪੈਰ ਕਦੇ ਵੀ ਜੰਮ ਨਹੀਂ ਸਕੇ। ਇਨ੍ਹਾਂ ਦੋਵਾਂ ਆਗੂਆਂ ਨੇ ਉਗਰ ਰਾਸ਼ਟਰਵਾਦੀ ਭਾਵਨਾਵਾਂ ਨੂੰ ਵਰਤਿਆ ਸੀ।

ਬਿਨਾਂ ਸ਼ੱਕ, ਰਾਸ਼ਟਰਵਾਦ ਰੂੜੀਵਾਦ ਦਾ ਮੁੱਢ ਮੰਨਿਆ ਜਾਂਦਾ ਹੈ। ਜਦੋਂ ਲੋਕ-ਲੁਭਾਊਵਾਦੀਆਂ (ਪਾਪੂਲਿਸਟਾਂ) ਅਤੇ ਕੁਲੀਨ ਤੰਤਰ ਵਿਰੋਧੀਆਂ ਵਲੋਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਯਕਦਮ ਮਾੜਾ ਨਹੀਂ ਬਣ ਸਕਦਾ। ਉਂਝ, ਹੁਣ ਇਹ ਫ਼ਰਕ ਹੈ ਕਿ ਸਿਆਸੀ ਕਾਰਮੁਖ਼ਤਾਰਾਂ ਵਲੋਂ ਸਮੁੱਚੇ ਸਿਸਟਮ ਨੂੰ ਨਿਗ਼ਲ ਜਾਣ ਦੀ ਨਵੀਂ ਕੋਸ਼ਿਸ਼ ਹੋ ਰਹੀ ਹੈ। ਭਾਰਤੀ ਨੌਕਰਸ਼ਾਹੀ ਕੁਝ ਅਰਸੇ ਤੋਂ 'ਪਿੰਜਰੇ ਦਾ ਤੋਤਾ' ਅਤੇ ਪਾਲਤੂ ਬਾਜ਼ ਬਣੀ ਹੋਈ ਹੈ ਜੋ ਆਪਣੇ ਸਿਆਸੀ ਆਕਾ ਦੇ ਇਸ਼ਾਰੇ 'ਤੇ ਠੁਮਕੇ ਵੀ ਲਾਉਂਦੀ ਹੈ ਤੇ ਕਿਸੇ ਦੇ ਮਗਰ ਵੀ ਪੈ ਜਾਂਦੀ ਹੈ। ਯੂਪੀਏ ਦੇ ਸ਼ਾਸਨ ਵੇਲੇ ਸੁਬਰਤ ਰਾਏ ਨੂੰ ਘੇਰਨ ਵਾਲੇ ਇਕ ਸਾਬਕਾ ਨੌਕਰਸ਼ਾਹ ਨੂੰ ਸੇਵਾਮੁਕਤੀ ਤੋਂ ਕਾਫ਼ੀ ਅਰਸੇ ਬਾਅਦ ਇਸ ਹਫ਼ਤੇ ਖੱਬੇ ਪੱਖੀ ਸਰਕਾਰ ਵਲੋਂ ਕੈਬਨਿਟ ਰੈਂਕ ਦਿੱਤਾ ਗਿਆ ਹੈ।

ਭਾਰਤੀ ਨੌਕਰਸ਼ਾਹੀ 'ਤੇ ਭਾਰਤੀ ਸਿਆਸੀ ਜਮਾਤ ਦੇ ਕਬਜ਼ੇ ਦੀ ਕਹਾਣੀ ਰਾਸ਼ਟਰੀ ਰੂੜੀਵਾਦ ਦੇ ਆਲਮੀ ਰੁਝਾਨ ਤੋਂ ਕਾਫ਼ੀ ਚਿਰ ਪਹਿਲਾਂ ਦੀ ਹੈ। ਇਸ ਦੇ ਬਾਵਜੂਦ ਸੁਪਰੀਮ ਕੋਰਟ ਦੇ ਇਹ ਦੋ ਫ਼ੈਸਲੇ ਉਸ ਤਿਲਕਵੀਂ ਢਲਾਣ ਵੱਲ ਇਸ਼ਾਰਾ ਕਰਦੇ ਹਨ ਜਿੱਥੇ ਅਸੀਂ ਪਹੁੰਚ ਚੁੱਕੇ ਹਾਂ। ਮਾਣਮੱਤੀਆਂ ਕੌਮੀ ਪ੍ਰਾਪਤੀਆਂ ਅਤੇ ਨਿਜ਼ਾਮ ਦੇ ਪੂਰੀ ਤਰ੍ਹਾਂ ਢਹਿ-ਢੇਰੀ ਹੋਣ ਵਿਚਕਾਰ ਜੋ ਕੁਝ ਬਚਿਆ ਹੈ, ਉਹ ਕੁਝ ਕੁ ਸੰਵਿਧਾਨਕ ਅਦਾਰੇ ਹੀ ਹਨ। ਯਾਦ ਰੱਖੋ ਕਿ ਮਜ਼ਬੂਤ ਲੋਕਰਾਜੀ ਸੰਸਥਾਵਾਂ ਤੋਂ ਬਗ਼ੈਰ ਕੋਈ 'ਰਾਮ ਰਾਜ' ਨਹੀਂ ਆ ਸਕਦਾ।

# ਰਜਿਸਟਰੀ ਦਫ਼ਤਰ ਤੇ ਤਹਿਸੀਲਾਂ 'ਚ ਜਾਅਲੀ ਦਸਤਾਵੇਜ਼ ਬਣਾਉਣ ਵਾਲਾ ਗੈਂਗ ਸਰਗਰਮ

**ਅੰਮ੍ਰਿਤਸਰ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਅੰਮ੍ਰਿਤਸਰ ਦੇ ਰਜਿਸਟਰੀ ਦਫਤਰ-1, ਰਜਿਸਟਰੀ ਦਫਤਰ-2, ਰਜਿਸਟਰੀ ਦਫਤਰ-3 ਤੇ ਸਬ ਤਹਿਸੀਲਾਂ 'ਚ ਦਰਜਨਾਂ ਦੀ ਗਿਣਤੀ 'ਚ ਜਾਅਲੀ ਐੱਨ. ਓ. ਸੀਜ਼, ਜਾਅਲੀ ਪਾਵਰ ਆਫ ਅਟਾਰਨੀ ਅਤੇ ਜਾਅਲੀ ਰਜਿਸਟਰੀਆਂ, ਜਿਸ 'ਚ ਮੁੱਖ ਰੂਪ ਤੌਰ 'ਤੇ ਚਰਚਾ ਦਾ ਵਿਸ਼ਾ ਬਣੀ ਹੋਈ ਅੰਬੈਸਡਰ ਰਚਿਤਾ ਭੰਡਾਰੀ ਦੀ 588 ਗਜ ਜ਼ਮੀਨ ਦੀ ਰਜਿਸਟਰੀ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਇਹ ਸਾਬਤ ਹੋ ਚੁੱਕਾ ਹੈ ਕਿ ਰਜਿਸਟਰੀ ਦਫਤਰ ਤੇ ਤਹਿਸੀਲਾਂ 'ਚ ਜਾਅਲੀ ਦਸਤਾਵੇਜ਼ ਤਿਆਰ ਕਰਨ ਵਾਲਾ ਗੈਂਗ ਸਰਗਰਮ ਹੈ। ਇਹ ਗੈਂਗ ਲੈਂਡ ਮਾਫੀਆ ਦੀ ਮਦਦ ਕਰਦਾ ਹੈ ਅਤੇ ਆਮ ਲੋਕਾਂ ਨੂੰ ਵੀ ਐੱਨ. ਓ. ਸੀ. ਅਤੇ ਹੋਰ ਦਸਤਾਵੇਜ਼ ਬਣਾਉਣ ਦਾ ਲਾਲਚ ਦੇ ਕੇ ਆਪਣੇ ਝਾਂਸੇ 'ਚ ਫਸਾਉਂਦਾ ਹੈ। ਨਕਲੀ ਦਸਤਾਵੇਜ਼ ਬਣਾਉਣ ਵਾਲੇ ਗੈਂਗ ਦੀ ਪਕੜ ਸਰਕਾਰੀ ਵਿਭਾਗਾਂ 'ਚ ਕਾਫੀ ਅੰਦਰ ਤਕ ਹੈ। ਇਸ ਦਾ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਹੁਣ ਦੋ ਦਿਨ ਪਹਿਲਾਂ ਹੀ ਡੀ. ਸੀ. ਘਣਸ਼ਾਮ ਥੋਰੀ ਦੇ ਹੁਕਮ ਅਨੁਸਾਰ ਰਜਿਸਟਰੀ ਦਫਤਰ, ਤਹਿਸੀਲ ਤੇ ਐੱਸ. ਡੀ. ਐੱਮ. ਦਫਤਰ ਦੇ ਬਾਹਰ ਲਾਏ ਗਏ ਇਕ ਲੋੜੀਂਦੇ ਪਰਿਵਾਰ ਦੇ ਪੋਸਟਰ ਪਾੜ ਦਿੱਤੇ ਗਏ।

ਜਾਣਕਾਰੀ ਅਨੁਸਾਰ ਰਜਿਸਟਰੀ ਦਫਤਰ-1 ਤੋਂ ਜ਼ਿਲ੍ਹਾ ਖਜ਼ਾਨਾ ਦਫ਼ਤਰ ਨੂੰ ਜਾਣ ਵਾਲੇ ਰਸਤੇ ਵਿਚ ਲਾਏ ਪੋਸਟਰ ਅਤੇ ਐੱਸ. ਡੀ. ਐੱਮ. -2 ਦੇ ਪੁਰਾਣੇ ਦਫ਼ਤਰ 'ਚ ਲਾਏ ਗਏ ਪੋਸਟਰ ਪਾੜੇ ਗਏ ਹਨ। ਜਦੋਂਕਿ ਇਨ੍ਹਾਂ ਦਫ਼ਤਰਾਂ 'ਚ ਸੀ. ਸੀ. ਟੀ. ਵੀ. ਕੈਮਰੇ ਵੀ ਲੱਗੇ ਹੋਏ ਹਨ ਪਰ ਪੋਸਟਰ ਪਾੜਣ ਵਾਲਿਆਂ ਨੂੰ ਵੀ ਇਹ ਵੀ ਪਤਾ ਹੈ ਕਿ ਉਪਰ ਨਜ਼ਰ ਆ ਰਹੇ ਸੀ. ਸੀ. ਟੀ. ਵੀ. ਕੈਮਰੇ ਕੰਮ ਨਹੀਂ ਕਰਦੇ ਹਨ ਅਤੇ ਸਿਰਫ ਦਿਖਾਵਾ ਮਾਤਰ ਹੀ ਹਨ, ਹਾਲਾਂਕਿ ਪੋਸਟਰ ਪਾੜੇ ਜਾਣ ਵਾਲੇ ਏਰੀਆ 'ਚ ਵੀ ਲੋਕਾਂ ਦਾ ਆਉਣਾ ਜਾਣਾ ਕਾਫੀ ਰਹਿੰਦਾ ਹੈ।

**ਸਖ਼ਤ ਤਰੀਕੇ ਨਾਲ ਕੇਸਾਂ ਦੀ ਪੈਰਵੀ ਨਹੀਂ ਕਰਦੇ ਰਜਿਸਟਾਰ ਅਤੇ ਤਹਿਸੀਲਦਾਰ**

ਜਦੋਂ ਵੀ ਕੋਈ ਜਾਅਲੀ ਰਜਿਸਟਰੀ, ਜਾਅਲੀ ਪਾਵਰ ਆਫ ਅਟਾਰਨੀ ਜਾਂ ਫਿਰ ਜਾਅਲੀ ਐੱਨ. ਓ. ਸੀਜ਼ ਦਾ ਮਾਮਲਾ ਕਿਸੇ ਸਬ-ਰਜਿਸਟਰਾਰ ਜਾਂ ਤਹਿਸੀਲਦਾਰ-ਨਾਇਬ ਤਹਿਸੀਲਦਾਰ ਵਲੋਂ ਫੜਿਆ ਜਾਂਦਾ ਹੈ ਤਾਂ ਆਮ ਤੌਰ 'ਤੇ ਦੇਖਣ 'ਚ ਆਇਆ ਹੈ ਕਿ ਸਬ-ਰਜਿਸਟਰਾਰ ਵਲੋਂ ਅਜਿਹੇ ਮਾਮਲਿਆਂ 'ਚ ਦੋਸ਼ੀ ਨੂੰ ਜਾਂ ਤਾਂ ਛੱਡ ਦਿੱਤਾ ਜਾਂਦਾ ਹੈ ਜਾਂ ਫਿਰ ਉਸ ਖਿਲਾਫ ਕਾਰਵਾਈ ਕਰਨ ਲਈ ਡੀ. ਸੀ. ਨੂੰ ਰਿਪੋਰਟ ਭੇਜ ਦਿੱਤੀ ਜਾਂਦੀ ਹੈ। ਇਹ ਰਿਪੋਰਟ ਲੈਂਡ ਮਾਫੀਆ ਗੈਂਗ ਵਲੋਂ ਰਸਤੇ 'ਚ ਹੀ ਗਾਇਬ ਕਰ ਦਿੱਤੀ ਜਾਂਦੀ ਹੈ।

**ਕੁਝ ਸਰਕਾਰੀ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਚਲਦਾ ਹੈ ਗੋਰਖਧੰਦਾ**

ਲੈਂਡ ਮਾਫੀਆ ਤੇ ਜਾਅਲੀ ਦਸਤਾਵੇਜ਼ ਤਿਆਰ ਕਰਨ ਵਾਲੇ ਗੈਂਗ ਨਾਲ ਕੁਝ ਸਰਕਾਰੀ ਕਰਮਚਾਰੀ ਵੀ ਸ਼ਾਮਲ ਹਨ, ਜੋ ਕਈ ਵਾਰ ਫੜੇ ਜਾ ਚੁੱਕੇ ਹਨ ਅਤੇ ਸਮੇਂ-ਸਮੇਂ 'ਤੇ ਇਨ੍ਹਾਂ ਕਰਮਚਾਰੀਆਂ ਨੂੰ ਸਸਪੈਂਡ ਵੀ ਕੀਤਾ ਜਾਂਦਾ ਰਿਹਾ ਹੈ। ਹੁਣੇ ਜਿਹੇ ਇਕ ਫਰਜ਼ੀ ਇੰਤਕਾਲ ਦੇ ਕੇਸ 'ਚ ਡੀ. ਸੀ. ਘਣਸ਼ਾਮ ਥੋਰੀ ਵਲੋਂ ਇਕ ਪਟਵਾਰੀ ਨੂੰ ਸਸਪੈਂਡ ਕੀਤਾ ਜਾ ਚੁੱਕਾ ਹੈ। ਜਦੋਂਕਿ ਅੰਬੈਸਡਰ ਰਚਿਤਾ ਭੰਡਾਰੀ ਦੀ ਜ਼ਮੀਨ ਦੀ ਜਾਅਲੀ ਰਜਿਸਟਰੀ ਹੋਣ ਦੇ ਬਹੁ ਚਰਚਿਤ ਮਾਮਲੇ 'ਚ ਡੀ. ਸੀ. ਘਣਸ਼ਾਮ ਥੋਰੀ ਵਲੋਂ ਦਰਜਾਚਾਰ ਕਰਮਚਾਰੀ ਗੁਰਧੀਰ ਨੂੰ ਸਸਪੈਂਡ ਕੀਤਾ ਗਿਆ ਹੈ। ਐੱਸ. ਡੀ. ਐੱਮ.-2 (ਆਈ. ਏ. ਐੱਸ.) ਨਿਕਾਸ ਕੁਮਾਰ ਦੀ ਰਿਪੋਰਟ ਤੋਂ ਬਾਅਦ ਡੀ. ਸੀ. ਵਲੋਂ 6 ਲੋਕਾਂ ਖ਼ਿਲਾਫ਼ ਐੱਫ. ਆਈ. ਆਰ. ਦਰਜ ਕਰਨ ਦੀ ਸਿਫਾਰਿਸ਼ ਵੀ ਕੀਤੀ ਗਈ ਅਤੇ ਪੁਲਸ ਵਲੋਂ ਐੱਫ. ਆਈ. ਆਰ. ਦਰਜ ਕਰ ਕੇ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

**ਗੈਰ-ਲਾਇਸੈਂਸ ਵਸੀਕਾ ਨਵੀਸ ਅਤੇ ਪ੍ਰਾਈਵੇਟ ਕਰਿੰਦੇ ਰਹਿੰਦੇ ਹਨ ਚਰਚਾ 'ਚ**

ਜ਼ਿਲ੍ਹਾ ਕਚਹਿਰੀ 'ਚ ਕਈ ਅਜਿਹੇ ਗੈਰ-ਲਾਇਸੈਂਸੀ ਵਸੀਕਾ ਨਵੀਸ ਘੁੰਮਦੇ ਨਜ਼ਰ ਆਉਂਦੇ ਹਨ, ਜਿਨ੍ਹਾਂ ਕੋਲ ਵਸੀਕਾ ਲਾਇਸੈਂਸ ਨਹੀਂ ਹੈ ਅਤੇ ਇਹ ਲਾਇਸੈਂਸੀ ਵਸੀਕਾ ਨਵੀਸਾਂ ਦੇ ਰਜਿਸਟਰਾਰ ਵਿਚ ਐਂਟਰੀ ਕਰਵਾ ਕੇ ਕੰਮ ਕਰਦੇ ਹਨ। ਕੁਝ ਬਹੁ ਚਰਚਿਤ ਪ੍ਰਾਈਵੇਟ ਕਰਿੰਦੇ ਵੀ ਸਰਗਰਮ ਹਨ, ਜਿਨ੍ਹਾਂ ਖ਼ਿਲਾਫ਼ ਕਈ ਵਾਰ ਸ਼ਿਕਾਇਤਾਂ ਹੋ ਚੁੱਕੀਆਂ ਹਨ। ਇਨ੍ਹਾਂ ਗੈਰ-ਲਾਇਸੈਂਸੀ ਵਸੀਕਾ ਨਵੀਸਾਂ ਖ਼ਿਲਾਫ਼ ਕਈ ਵਾਰ ਵਸੀਕਾ ਨਵੀਸ ਯੂਨੀਅਨ ਵਲੋਂ ਸ਼ਿਕਾਇਤ ਵੀ ਕੀਤੀ ਜਾ ਚੁੱਕੀ ਹੈ ਪਰ ਮਾਮਲਾ ਠੰਢੇ ਬਸਤੇ 'ਚ ਪਾ ਦਿੱਤਾ ਜਾਂਦਾ ਹੈ।

**ਰਜਿਸਟਰੀ ਦਫਤਰ-3 'ਚ ਸਭ ਤੋਂ ਵੱਧ ਜਾਅਲੀ ਦਸਤਾਵੇਜ਼ਾਂ ਦੇ ਮਾਮਲੇ**

ਉਂਝ ਤਾਂ ਸਾਰੇ ਰਜਿਸਟਰੀ ਦਫਤਰਾਂ 'ਚ ਜਾਅਲੀ ਦਸਤਾਵੇਜ਼ਾਂ ਨਾਲ ਰਜਿਸਟੀਆਂ ਅਤੇ ਪਾਵਰ ਅਟਾਰਨੀ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ ਪਰ ਅਜਿਹੇ ਮਾਮਲਿਆਂ 'ਚ ਰਜਿਸਟਰੀ ਦਫਤਰ-3 ਪਤਾ ਨਹੀਂ ਕਿਉਂ ਸਭ ਤੋਂ ਅੱਗੇ ਹੈ।

ਸਾਬਕਾ ਸਬ-ਰਜਿਸਟਰਾਰ ਬੀਕਕਰਨ ਸਿੰਘ ਢਿੱਲੋਂ, ਹਰਕਰਮ ਸਿੰਘ ਰੰਧਾਵਾ, ਅਜੇ ਸ਼ਰਮਾ ਅਤੇ ਹੁਣ ਮੌਜੂਦਾ ਸਬ-ਰਜਿਸਟਰਾਰ ਜਗਤਾਰ ਸਿੰਘ ਦੇ ਕਾਰਜਕਾਲ ਦੌਰਾਨ ਜਾਅਲੀ ਰਜਿਸਟਰੀਆਂ ਦੇ ਵੱਡੇ ਮਾਮਲੇ ਸਾਹਮਣੇ ਆ ਚੁੱਕੇ ਹਨ।

**ਡੀ. ਸੀ. ਨੇ ਲਾਏ ਹਨ 67 ਸੀ. ਸੀ. ਟੀ. ਵੀ. ਕੈਮਰੇ**

ਸਾਬਕਾ ਡੀ. ਸੀ. ਹਰਪ੍ਰੀਤ ਸਿੰਘ ਸੂਦਨ, ਅਮਿਤ ਤਲਵਾੜ ਅਤੇ ਹੁਣ ਮੌਜੂਦਾ ਡੀ. ਸੀ. ਘਣਸ਼ਾਮ ਥੋਰੀ ਵਲੋਂ ਮਿੰਨੀ ਸਕਤਰੇਤ ਤੋਂ ਲੈ ਕੇ ਰਜਿਸਟਰੀ ਦਫਤਰਾਂ, ਐੱਚ. ਆਰ. ਸੀ. ਬ੍ਰਾਂਚ ਅਤੇ ਐੱਸ. ਡੀ. ਐੱਮ. ਦਫਤਰਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਾਏ ਗਏ ਹਨ ਤਾਂ ਕਿ ਕੋਈ ਸ਼ਰਾਰਤੀ ਅਨਸਰ ਇਨ੍ਹਾਂ ਦਫਤਰਾਂ 'ਚ ਘੁਸਪੈਠ ਨਾ ਕਰ ਸਕੇ ਪਰ ਇਸ ਦੇ ਬਾਵਜੂਦ ਆਏ ਦਿਨ ਕੋਈ ਨਾ ਕੋਈ ਫਰਜ਼ੀਵਾੜਾ ਸਾਹਮਣੇ ਆਉਂਦਾ ਰਹਿੰਦਾ ਹੈ।

# ਖੇਤੀਬਾੜੀ ਵਿਭਾਗ ਨੇ ਕਿਸਾਨਾਂ ਨੂੰ ਮਾਹਿਰਾਂ ਦੀ ਸਲਾਹ ਤੋਂ ਬਿਨਾਂ ਸਪਰੇਅ ਨਾ ਕਰਨ ਦੀ ਅਪੀਲ ਕੀਤੀ



**ਮਾਨਸਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲਵਾ ਪੱਟੀ ਵਿੱਚ ਦਿਨ ਵੇਲੇ ਅਚਾਨਕ ਹੀ ਮੌਸਮ ਵਿੱਚ ਗਰਮੀ ਆ ਜਾਣ ਕਾਰਨ ਹਾੜ੍ਹੀ ਦੀ ਮੁੱਖ ਫ਼ਸਲ ਕਣਕ 'ਤੇ ਤੇਲੇ ਨੇ ਹਮਲਾ ਕਰ ਦਿੱਤਾ ਹੈ। ਘਬਰਾਏ ਹੋਏ ਕਿਸਾਨਾਂ ਨੇ ਕਣਕ ਦੀ ਫ਼ਸਲ ਉੱਤੇ ਸਪਰੇਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਦੂਜੇ ਪਾਸੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀ ਵਿਭਾਗ ਦੇ ਵਿਗਿਆਨੀਆਂ ਨੇ ਕਿਸਾਨਾਂ ਨੂੰ ਵੇਖੋ-ਵੇਖੀ ਸਪਰੇਆਂ ਨਾ ਕਰਨ ਦੀ ਅਪੀਲ ਕੀਤੀ ਹੈ।

ਖੇਤਾਂ ਵਿੱਚ ਕਣਕ ਦੀ ਫ਼ਸਲ ਉੱਤੇ ਤੇਲੇ ਦੇ ਹਮਲੇ ਬਾਰੇ ਜਿਉਂ ਹੀ ਇਹ ਖ਼ਬਰਾਂ ਮਹਿਕਮੇ ਦੇ ਧਿਆਨ ਵਿੱਚ ਆਈਆਂ ਤਾਂ ਤੁਰੰਤ ਹੀ ਜ਼ਿਲ੍ਹੇ ਦੇ ਖੇਤੀ ਵਿਭਾਗ ਨੇ ਇਸ ਬਾਰੇ ਬਾਕਾਇਦਾ ਰੂਪ ਵਿੱਚ ਇੱਕ ਸਰਵੇਖਣ ਕਰਵਾਇਆ ਜਿਸ ਤੋਂ ਪਤਾ ਲੱਗਿਆ ਹੈ ਕਿ ਤੇਲੇ ਦਾ ਹਮਲਾ ਤਾਂ ਕਣਕ ਉੱਤੇ ਹੋਇਆ ਹੈ, ਪਰ ਇਸ ਤੋਂ ਕਿਸਾਨਾਂ ਨੂੰ ਘਬਰਾਉਣ ਦੀ ਬਿਲਕੁਲ ਜ਼ਰੂਰਤ ਨਹੀਂ ਅਤੇ ਨਾ ਹੀ ਅਜੇ ਇਸ ਨੂੰ ਰੋਕਣ ਲਈ ਸਪਰੇਆਂ ਵਾਲੀ ਸਥਿਤੀ ਸਾਹਮਣੇ ਆਈ ਹੈ।

ਮਾਨਸਾ ਸਥਿਤ ਖੇਤੀ ਵਿਭਾਗ ਦੇ ਖੇਤੀ ਵਿਕਾਸ ਅਫ਼ਸਰ ਡਾ. ਮਨੋਜ ਕੁਮਾਰ ਨੇ ਕਿਹਾ ਕਿ ਖੇਤਾਂ ਦੇ ਸਰਵੇਖਣ ਤੋਂ ਪਤਾ ਲੱਗਿਆ ਕਿ ਬਹੁਤੇ ਕਿਸਾਨ ਦੋ-ਤਿੰਨ ਦਿਨਾਂ ਤੋਂ ਵੇਖਾ-ਵੇਖੀ ਹੀ ਸਪਰੇਆਂ ਕਰੀ ਤੁਰੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਖੇਤਾਂ ਦਾ ਨਿਰੀਖਣ ਕਰਨ ਉਤੇ ਇਹ ਵੀ ਪਤਾ ਲੱਗਿਆ ਹੈ ਕਿ ਕਣਕ ਦੀ ਫ਼ਸਲ ਉਪਰ, ਜਿਥੇ ਤੇਲੇ ਦਾ ਹਮਲਾ ਹੈ, ਉੱਥੇ ਹੀ ਲੇਡੀ ਵਰਡ ਬੀਟਲ ਦੇ ਕਾਲੇ ਰੰਗ ਦੇ ਬੱਚੇ ਮਿਲ ਰਹੇ ਹਨ, ਜਿਨ੍ਹਾਂ ਦੀ ਖੁਰਾਕ ਹੀ ਤੇਲਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਭਰਾਵਾਂ ਨੂੰ ਆਪਣੇ ਖੇਤਾਂ ਦਾ ਨਿਰੀਖਣ ਕਰਨ ਤੋਂ ਪਿੱਛੋਂ ਹੀ ਸਪਰੇਆਂ ਕਰਨੀਆਂ ਚਾਹੀਦੀਆਂ ਹਨ।

ਉਨ੍ਹਾਂ ਦੱਸਿਆ ਕਿ ਫੀਲਡ ਤੋਂ ਮਿਲੀਆਂ ਰਿਪੋਰਟਾਂ ਤੋਂ ਇੱਕਾ-ਦੁੱਕਾ ਖੇਤਾਂ ਵਿਚ ਤੇਲੇ ਦੇ ਹਮਲੇ ਹੋਣ ਦੀ ਜਾਣਕਾਰੀ ਮਿਲੀ ਹੈ, ਪਰ ਇਹ ਫਿਲਹਾਲ ਜ਼ਿਆਦਾ ਖਤਰਨਾਕ ਨਹੀਂ ਹੈ। ਖੇਤੀ ਅਧਿਕਾਰੀਆਂ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਆਪਣੇ ਖੇਤਾਂ ਵਿੱਚ ਜਾ ਕੇ ਖੇਤ ਨੂੰ ਚਾਰ ਹਿੱਸਿਆਂ ਵਿੱਚ ਵੰਡ ਕੇ ਉਨ੍ਹਾਂ ਵਿੱਚੋਂ 10-10 ਸਿੱਟਿਆਂ ਨੂੰ ਚੁਣ ਕੇ ਉਨ੍ਹਾਂ ਦਾ ਸਰਵੇਖਣ ਕੀਤਾ ਜਾਵੇ ਅਤੇ ਜੇਕਰ ਪੰਜ ਤੇਲੇ ਪ੍ਰਤੀ ਸਿੱਟਾ (ਬੱਲੀ) ਵਿਖਾਈ ਦੇਣ ਤਾਂ ਹੀ ਸਪਰੇਆ ਕੀਤੀ ਜਾਵੇ, ਵੈਸੇ ਕੋਈ ਜ਼ਰੂਰਤ ਨਹੀਂ ਹੈ।

# 2040 ਤੱਕ ਚੰਨ 'ਤੇ ਕਦਮ ਰੱਖਣਗੇ ਭਾਰਤੀ !, ਇਸਰੋ ਮੁਖੀ ਨੇ ਜਤਾਈ ਉਮੀਦ

**ਨਵੀਂ ਦਿੱਲੀ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਚੇਅਰਮੈਨ ਐਸ ਸੋਮਨਾਥ ਨੇ ਕਿਹਾ ਕਿ ਪੁਲਾੜ ਏਜੰਸੀ 2040 ਤੱਕ ਚੰਦਰਮਾ 'ਤੇ ਭਾਰਤੀ ਵਾਸੀਆਂ ਨੂੰ ਉਤਾਰਨਾ ਚਾਹੁੰਦੀ ਹੈ। ਇਸਰੋ ਮੁਖੀ ਨੇ ਕਿਹਾ ਕਿ ਚੰਦਰਮਾ 'ਤੇ ਕੋਈ ਮਿਸ਼ਨ ਅਚਾਨਕ ਨਹੀਂ ਹੋਵੇਗਾ, ਇਸ ਲਈ ਚੰਦਰਮਾ 'ਤੇ ਮਿਸ਼ਨਾਂ ਦੇ ਲਗਾਤਾਰ ਅਭਿਆਸ ਅਤੇ ਫਿਰ ਚੰਦਰਮਾ 'ਤੇ ਢੁਕਵੇਂ ਤਰੀਕਿਆਂ ਦਾ ਗਿਆਨ ਹੋਣਾ ਚਾਹੀਦਾ ਹੈ।

ਐਸ ਸੋਮਨਾਥ ਨੇ ਕਿਹਾ, ਸਾਨੂੰ ਪੁਲਾੜ ਵਿੱਚ ਜ਼ੀਰੋ ਗ੍ਰੈਵਿਟੀ ਵਾਤਾਵਰਨ ਲਈ ਤਕਨਾਲੋਜੀ ਅਤੇ ਵਿਗਿਆਨ ਦਾ ਇੱਕ ਰੋਡਮੈਪ ਬਣਾਉਣ ਦੀ ਲੋੜ ਹੈ।



ਜਦੋਂ ਅਸੀਂ ਦੇਖਿਆ ਕਿ ਗਗਨਯਾਨ ਮਿਸ਼ਨ ਵਿੱਚ ਕਿਹੋ ਜਿਹੇ ਪ੍ਰਯੋਗ ਕਰਨਾ ਚਾਹੁੰਦੇ ਹਾਂ, ਉਨ੍ਹਾਂ ਵਿੱਚੋਂ ਘੱਟੋ-ਘੱਟ ਪੰਜ ਨੂੰ ਸ਼ਾਰਟਲਿਸਟ ਕੀਤਾ ਗਿਆ। ਉਹ ਮੇਰੇ ਲਈ ਬਹੁਤ ਦਿਲਚਸਪ ਪ੍ਰਯੋਗ ਨਹੀਂ ਹਨ।

ਉਨ੍ਹਾਂ ਅੱਗੇ ਕਿਹਾ, ਇਸ ਮਿਸ਼ਨ ਦੇ ਨਾਲ, ਸਾਡੇ ਕੋਲ ਚੰਦਰਮਾ ਮਿਸ਼ਨ ਦੀ ਸਮਰੱਥਾ ਵੀ ਹੋਣੀ ਚਾਹੀਦੀ ਹੈ। ਸਾਨੂੰ ਚੰਦਰਮਾ ਤੱਕ ਪਹੁੰਚ ਵੀ ਜਾਰੀ ਰੱਖਣੀ ਚਾਹੀਦੀ ਸੀ ਅਤੇ ਆਖਿਰ ਵਿੱਚ ਅਸੀਂ 2040 ਤੱਕ ਚੰਦਰਮਾ 'ਤੇ ਇੱਕ ਮਨੁੱਖ, ਇੱਕ ਭਾਰਤੀ ਨੂੰ ਉਤਰਨਾ ਚਾਹੁੰਦੇ ਹਾਂ।

ਇਸਰੋ ਮੁਖੀ ਨੇ ਕਿਹਾ, 'ਚੰਨ 'ਤੇ ਮਨੁੱਖਾਂ ਨੂੰ ਭੇਜਣਾ, ਇਹ ਘੱਟ ਲਾਗਤ ਵਾਲਾ ਮਿਸ਼ਨ ਨਹੀਂ ਹੋਵੇਗਾ। ਸਾਨੂੰ ਲਾਂਚਰ ਸਮਰੱਥਾਵਾਂ, ਪ੍ਰਯੋਗਸ਼ਾਲਾਵਾਂ ਅਤੇ ਸਿਮੂਲੇਸ਼ਨ ਪ੍ਰਣਾਲੀਆਂ ਨੂੰ ਵਿਕਸਤ ਕਰਨ ਦੀ ਲੋੜ ਹੈ। ਇਹ ਸਿਰਫ਼ ਇੱਕ ਵਾਰ ਨਹੀਂ ਕੀਤਾ ਜਾ ਸਕਦਾ। ਇਸ ਨੂੰ ਕਈ ਵਾਰ ਕਰਨ ਦੀ ਲੋੜ ਹੈ। ਤਦ ਹੀ ਭਾਰਤ ਤੋਂ ਚੰਦਰਮਾ 'ਤੇ ਮਨੁੱਖਾਂ ਨੂੰ ਭੇਜਣਾ ਸੰਭਵ ਹੋਵੇਗਾ।

# ਦਲਿਤਾਂ ਤੇ ਖੇਤ ਮਜ਼ਦੂਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਕਿਸਾਨ ਆਗੂ: ਨਵਜੋਤ ਸਿੱਧੂ

**ਪਟਿਆਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਦਬਾ ਕੇ ਕਿਸਾਨਾਂ ਦੀ ਫ਼ਸਲ ਨੂੰ ਕਾਰਪੋਰੇਟ ਦੇ ਹਵਾਲੇ ਕਰਨਾ ਚਾਹੁੰਦੀ ਹੈ ਪਰ ਉਹ ਕਿਸਾਨਾਂ ਅੱਗੇ ਕਦੇ ਵੀ ਜਿੱਤ ਨਹੀਂ ਸਕੇਗੀ। ਉਨ੍ਹਾਂ ਐਕਸ 'ਤੇ ਪੋਸਟ ਕਰਦਿਆਂ ਖੇਤ ਮਜ਼ਦੂਰਾਂ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਖੇਤਾਂ ਵਿਚ ਕੰਮ ਕਰਦੇ ਤੇ ਗ਼ਰੀਬੀ ਨਾਲ ਲੜ ਰਹੇ ਖੇਤ ਮਜ਼ਦੂਰਾਂ ਦੀ ਆਰਥਿਕਤਾ ਨੂੰ ਉਪਰ ਚੁੱਕਣ ਲਈ ਕਿਸਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਖੇਤ ਮਜ਼ਦੂਰ ਆਪਣੇ ਹੱਕ ਦੇ ਮੁੱਦੇ ਚੁੱਕਣ ਲਈ ਦਿਲੀ ਦੇ ਬਾਰਡਰਾਂ 'ਤੇ ਧਰਨੇ ਲਾਉਣ ਜੋਗੇ ਨਹੀਂ ਹਨ ਪਰ ਕਿਸਾਨ ਆਪਣੀਆਂ ਮੰਗਾਂ ਨਾਲ ਮਜ਼ਦੂਰਾਂ ਦੇ ਮੁੱਦੇ ਚੁੱਕ ਕੇ ਉਨ੍ਹਾਂ ਦੀ ਮਦਦ ਕਰ ਸਕਦੇ ਹਨ। ਨਵਜੋਤ ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਦਲਿਤਾਂ ਦੀ 35 ਫ਼ੀਸਦੀ ਦੇ ਕਰੀਬ ਅਬਾਦੀ ਹੈ ਜਿਸ ਵਿਚ ਜ਼ਿਆਦਾਤਰ ਲੋਕ ਗ਼ੁਰਬਤ ਦੀ ਜ਼ਿੰਦਗੀ ਕੱਟ ਰਹੇ ਹਨ। ਇਸ ਕਰਕੇ ਰੱਜੇ ਪੁੱਜੇ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਦੀ ਵਿੱਤੀ ਹਾਲਤ ਉਪਰ ਚੁੱਕਣ ਲਈ ਕੁਝ ਕੀਤਾ ਜਾਵੇ।

# ਪੰਜਾਬੀ ਯੂਨੀਵਰਸਿਟੀ ਵਿਖੇ ਭਾਵਨਾਵਾਂ ਉੱਤੇ ਨਿਯੰਤਰਣ ਪਾਉਣ ਸੰਬੰਧੀ ਜਾਗਰੂਕ ਕਰਨ ਹਿਤ ਭਾਸ਼ਣ ਕਰਵਾਇਆ

## ➢ ਕਿਰਤ ਕਰਨ ਨਾਲ਼ ਸਿਹਤਮੰਦ ਰਹਿੰਦਾ ਹੈ ਮਨ: ਪ੍ਰੋ. ਅਰਵਿੰਦ ➢ ਪੰਜਾਬ ਵਿੱਚ ਹਰੇਕ ਅੱਠ ਪਿੱਛੇ ਇੱਕ ਵਿਅਕਤੀ ਦੀ ਮਾਨਸਿਕ ਸਿਹਤ ਪ੍ਰਭਾਵਿਤ: ਡਾ. ਵੰਦਨਾ ਸ਼ਰਮਾ

**ਪਟਿਆਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਡੀਨ ਵਿਦਿਆਰਥੀ ਭਲਾਈ ਦਫ਼ਤਰ ਵੱਲੋਂ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਤੰਦਰੁਸਤੀ ਲਈ ਸ਼ੁਰੂ ਕੀਤੀ ਗਈ ਜਾਗਰੂਕਤਾ ਲੜੀ ਵਿੱਚ ਪ੍ਰੋ. ਵੰਦਨਾ ਸ਼ਰਮਾ ਦਾ ਭਾਸ਼ਣ ਕਰਵਾਇਆ ਗਿਆ। ਉਨ੍ਹਾਂ ਭਾਵਨਾਵਾਂ ਉੱਤੇ ਨਿਯੰਤਰਣ ਪਾਉਣ ਸੰਬੰਧੀ ਵੱਖ-ਵੱਖ ਮਨੋਵਿਗਿਆਨਕ ਤਕਨੀਕਾਂ ਦੇ ਹਵਾਲੇ ਨਾਲ਼ ਗੱਲ ਕੀਤੀ।



ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਉਪ-ਕੁਲਪਤੀ ਪ੍ਰੋ. ਅਰਵਿੰਦ ਨੇ ਇੱਕ ਅਹਿਮ ਟਿੱਪਣੀ ਕਰਦਿਆਂ ਕਿਹਾ ਕਿ ਕਿਰਤ ਅਤੇ ਮਿਹਨਤ ਕਰਨ ਨਾਲ਼ ਸਿਰਫ਼ ਸਰੀਰਿਕ ਸਿਹਤ ਹੀ ਤੰਦਰੁਸਤ ਨਹੀਂ ਰਹਿੰਦੀ ਬਲਕਿ ਮਾਨਸਿਕ ਸਿਹਤ ਵੀ ਦਰੁਸਤ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸੱਚੇ ਮਨੋਂ ਆਪਣੇ ਕੰਮ ਅਤੇ ਰੁਝੇਵਿਆਂ ਵਿੱਚ ਜੁਟ ਕੇ ਰਹਿਣਾ ਚਾਹੀਦਾ ਹੈ ਜਿਸ ਨਾਲ਼ ਮਾਨਸਿਕ ਸਿਹਤ ਤੰਦਰੁਸਤ ਰਹਿੰਦੀ ਹੈ।

ਪ੍ਰੋ. ਵੰਦਨਾ ਸ਼ਰਮਾ ਨੇ ਆਪਣੇ ਭਾਸ਼ਣ ਵਿੱਚ ਬਹੁਤ ਸਾਰੀਆਂ ਮਨੋਵਿਗਿਆਨਕ ਵਿਧੀਆਂ ਅਤੇ ਜੁਗਤਾਂ ਦੱਸੀਆਂ ਜਿਨ੍ਹਾਂ ਰਾਹੀਂ ਵੱਖ-ਵੱਖ ਤਰ੍ਹਾਂ ਦੀਆਂ ਭਾਵਨਾਵਾਂ ਉੱਤੇ ਨਿਯੰਤਰਣ ਪਾ ਕੇ ਇੱਕ ਸੁੰਤਲਿਤ ਅਤੇ ਬਿਹਤਰ ਸ਼ਖ਼ਸੀਅਤ ਦਾ ਵਿਕਾਸ ਹੋ ਸਕਦਾ ਹੈ।

ਉਨ੍ਹਾਂ ਕਿਹਾ ਕਿ ਆਪਣੀਆਂ ਭਾਵਨਾਵਾਂ ਉੱਤੇ ਨਿਯੰਤਰਣ ਰੱਖਣ ਵਾਲੀ ਸ਼ਖ਼ਸੀਅਤ ਜਿ ?ਦਗੀ ਵਿੱਚ ਵਧੇਰੇ ਸਫਲ ਹੁੰਦੀ ਹੈ। ਆਪਣੇ ਭਾਸ਼ਣ ਦੌਰਾਨ ਕੁੱਝ ਅੰਕੜੇ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਹਰੇਕ ਅੱਠ ਪਿੱਛੇ ਇੱਕ ਵਿਅਕਤੀ ਦੀ ਮਾਨਸਿਕ ਸਿਹਤ ਠੀਕ ਨਹੀਂ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਜਿਹੇ ਲੋਕਾਂ ਵਿੱਚੋਂ 80 ਫ਼ੀਸਦੀ ਲੋਕ ਉਹ ਹਨ ਜਿਨ੍ਹਾਂ ਕੋਲ਼ ਮਾਨਸਿਕ ਸਿਹਤ ਮਾਹਿਰਾਂ ਤੱਕ ਕੋਈ ਪਹੁੰਚ ਉਪਲਬਧ ਨਹੀਂ ਹੁੰਦੀ।

ਡੀਨ ਵਿਦਿਆਰਥੀ ਭਲਾਈ ਪ੍ਰੋ. ਹਰਵਿੰਦਰ ਕੌਰ ਵੱਲੋਂ ਸਵਾਗਤੀ ਭਾਸ਼ਣ ਦਿੰਦਿਆਂ ਆਪਣੇ ਨਿੱਜੀ ਅਨੁਭਵਾਂ ਦੇ ਹਵਾਲੇ ਨਾਲ਼ ਦੱਸਿਆ ਕਿ ਕਿਸ ਤਰ੍ਹਾਂ ਭਾਵਨਾਵਾਂ ਉੱਤੇ ਨਿਯੰਤਰਣ ਪਾ ਕੇ ਰੱਖਣਾ ਸਾਡੀ ਮਾਨਸਿਕ ਸਿਹਤ ਦੀ ਬਿਹਤਰੀ ਲਈ ਕਾਰਗਰ ਸਾਬਿਤ ਹੁੰਦਾ ਹੈ। ਵਧੀਕ ਡੀਨ ਵਿਦਿਆਰਥੀ ਭਲਾਈ ਡਾ. ਡੀ. ਪੀ. ਸਿੰਘ, ਪ੍ਰੋਵੋਸਟ ਡਾ. ਇੰਦਰਜੀਤ ਸਿੰਘ ਅਤੇ ਡਾ. ਨੈਨਾ ਸ਼ਰਮਾ ਵੱਲੋਂ ਵੀ ਆਪਣੇ ਵਿਚਾਰ ਪ੍ਰਗਟਾਏ ਗਏ। ਪ੍ਰੋਗਰਾਮ ਦਾ ਸੰਚਾਲਨ ਡਾ. ਰੂਬੀ ਗੁਪਤਾ ਨੇ ਕੀਤਾ।

# ਮੀਟਿੰਗ ਵਿੱਚ ਮੰਗਾਂ ਨਾ ਮੰਨੀਆਂ ਤਾਂ ਮਲਟੀਪਰਪਜ਼ ਹੈਲਥ ਇੰਮਪਲਾਈਜ ਯੂਨੀਅਨ ਸੰਘਰਸ਼ ਹੋਰ ਤਿੱਖਾ ਕਰੇਗੀ : ਕੁਲਬੀਰ


ਗੱਲਬਾਤ ਕਰਦੇ ਹੋਏ ਸੂਬਾ ਪ੍ਰਧਾਨ ਕੁਲਬੀਰ ਮੋਗਾ ਅਤੇ ਜਸਵਿੰਦਰ ਸਿੰਘ

**ਮਲੇਰਕੋਟਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਲਟੀਪਰਪਜ਼ ਹੈਲਥ ਇੰਮਪਲਾਈਜ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਅਤੇ ਸੂਬਾ ਜਰਨਲ ਸਕੱਤਰ ਜਸਵਿੰਦਰ ਸਿੰਘ ਦੀ ਅਗਵਾਈ ਆਪਣੀਆਂ ਹੱਕੀ ਮੰਗਾਂ ਦੇ ਲਈ 24 ਫਰਵਰੀ ਨੂੰ ਪੰਜਾਬ ਦੇ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਕੇ ਸੂਬਾ ਪੱਧਰੀ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ ਸੀ ਜਿਸ ਕਰਕੇ ਸਿਹਤ ਮੰਤਰੀ ਪੰਜਾਬ ਵੱਲੋਂ ਜਥੇਬੰਦੀ ਦੇ ਵਫ਼ਦ ਨੂੰ 29 ਫਰਵਰੀ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਲਈ ਸੱਦਿਆ ਗਿਆ ਹੈ।

ਇਸ ਸੰਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਬੰਦੀ ਦੇ ਦੇ ਪ੍ਰਧਾਨ ਕੁਲਬੀਰ ਸਿੰਘ ਮੋਗਾ ਅਤੇ ਜਰਨਲ ਸਕੱਤਰ ਜਸਵਿੰਦਰ ਸਿੰਘ ਨੇ ਕਿਹਾ ਕੇ ਜਥੇਬੰਦੀ ਵੱਲੋਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਨਾ ਪੂਰਾ ਕਰਨ ਦੇ ਰੋਸ ਵੱਜੋਂ ਸੰਘਰਸ਼ ਕੀਤਾ ਗਿਆ ਹੈ ਉਹਨਾਂ ਦੱਸਿਆ ਕਿ ਵਿਭਾਗ ਵੱਲੋਂ ਕੇਡਰ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਕਰਕੇ ਸਿਹਤ ਕਾਮਿਆਂ ਦੀਆਂ ਮੁੱਖ ਮੰਗਾਂ ਮਲਟੀਪਰਪਜ਼ ਕੇਡਰ ਦਾ ਨਾਮ ਬਦਲਣ, ਕੱਟੇ ਗਏ ਸਾਰੇ ਭੱਤੇ ਬਹਾਲ ਕਰਨ, ਪਦੁਨਤੀਆ ਸਮੇਂ ਸਿਰ ਕਰਨ, ਬੰਦ ਪਏ ਟ੍ਰੇਨਿੰਗ ਸਕੂਲ ਚਾਲੂ ਕਰਨ, ਸੀਨੀਅਰਤਾ ਸੂਚੀਆਂ ਜਾਰੀ ਕਰਨ, ਮੇਲ ਨੂੰ ਫੀਮੇਲ ਬਰਾਬਰ ਕੰਮਾਂ ਵਿੱਚ ਭਾਗੀਦਾਰ ਬਣਾਉਣ, ਸੂਬਾ ਸਕੇਲ ਲਾਗੂ ਕਰਨ।

ਲੰਬੇ ਸਮੇਂ ਤੋਂ ਲਟਕ ਰਹੀਆਂ ਹਨ ਜਿਹਨਾਂ ਤੇ ਵਿਭਾਗ ਵੱਲੋਂ ਧਿਆਨ ਨਹੀਂ ਦਿੱਤਾ ਜਾ ਰਿਹਾ ਉਹਨਾਂ ਕਿਹਾ ਕਿ ਅਗਰ 29 ਫਰਵਰੀ ਨੂੰ ਹੋਣ ਵਾਲੀ ਮੀਟਿੰਗ ਵਿੱਚ ਕੇਡਰ ਦਾ ਨਾਮ ਬਦਲਣ ਦਾ ਐਲਾਨ ਸਮੇਤ ਹੋਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਜਥੇਬੰਦੀ ਮੁੜ ਸੰਘਰਸ਼ ਤਿੱਖਾ ਕਰੇਗੀ ਜਿਸਨੂੰ ਇਸਤੋਂ ਵੀ ਵੱਡਾ ਰੂਪ ਦਿੱਤਾ ਜਾਵੇਗਾ ।ਇਸ ਮੌਕੇ ਉਹਨਾਂ ਦੇ ਨਾਲ ਟਹਿਲ ਸਿੰਘ ਫਾਜਿਲਕਾ,ਕੁਲਪ੍ਰੀਤ ਸਿੰਘ ਲੁਧਿਆਣਾ, ਰਮਨ ਅੱਤਰੀ ਆਦਿ ਆਗੂ ਵੀ ਹਾਜ਼ਰ ਸਨ

# ਅਨੁਰਾਗ ਸਿੰਘ ਠਾਕੁਰ ਨੇ ਚੰਡੀਗੜ੍ਹ ਵਿੱਚ ਫਿਲਮ ਸਰਟੀਫਿਕੇਸ਼ਨ ਫੈਸਿਲੀਟੇਸ਼ਨ ਦਫਤਰ ਸਥਾਪਿਤ ਕਰਨ ਦਾ ਐਲਾਨ ਕੀਤਾ

## ਸੀਬੀਐੱਫਸੀ ਸੁਵਿਧਾ ਦਫਤਰ ਖੇਤਰੀ ਫਿਲਮਾਂ ਲਈ ਪ੍ਰਮਾਣੀਕਰਣ ਪ੍ਰਕਿਰਿਆ ਨੂੰ ਅਸਾਨ ਬਣਾਵੇਗਾ, ਪੰਜਾਬੀ ਫਿਲਮ ਇੰਡਸਟਰੀ ਨੂੰ ਫਾਇਦਾ ਹੋਵੇਗਾ

**ਚੰਡੀਗੜ੍ਹ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਸ਼੍ਰੀ ਅਨੁਰਾਗ ਸਿੰਘ ਠਾਕੁਰ ਨੇ ਅੱਜ ਇਸ ਖੇਤਰ ਦੇ ਫਿਲਮ ਨਿਰਮਾਤਾਵਾਂ ਲਈ ਈਜ਼ ਆਵ ? ਡੂਇੰਗ ਬਿਜ਼ਨਸ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਚੰਡੀਗੜ੍ਹ ਵਿੱਚ ਸੈਂਟਰਲ ਬੋਰਡ ਆਵ ? ਫਿਲਮ ਸਰਟੀਫਿਕੇਸ਼ਨ (ਸੀਬੀਐੱਫਸੀ) ਦਾ ਇੱਕ ਖੇਤਰੀ ਸੁਵਿਧਾ ਦਫ਼ਤਰ ਸਥਾਪਿਤ ਕਰਨ ਦਾ ਐਲਾਨ ਕੀਤਾ। ਅੱਜ ਚੰਡੀਗੜ੍ਹ ਵਿੱਚ ਚਿੱਤਰ ਭਾਰਤੀ ਫਿਲਮ ਫੈਸਟੀਵਲ (Chitra Bharati Film Festival) ਦੇ ਸਮਾਪਤੀ ਸਮਾਰੋਹ ਵਿੱਚ ਇਹ ਘੋਸ਼ਣਾ ਕਰਦੇ ਹੋਏ, ਸ਼੍ਰੀ ਠਾਕੁਰ ਨੇ ਕਿਹਾ ਕਿ ਖੇਤਰ ਦੇ ਫਿਲਮ ਨਿਰਮਾਤਾ ਆਪਣੀਆਂ ਫਿਲਮਾਂ ਲਈ ਸੀਬੀਐੱਫਸੀ ਸਰਟੀਫਿਕੇਟ ਪ੍ਰਾਪਤ ਕਰਨ ਲਈ ਦਿੱਲੀ ਜਾਂ ਮੁੰਬਈ ਜਾਣ ਦੀ ਲੋੜ ਤੋਂ ਬਿਨਾਂ ਆਪਣੀਆਂ ਫਿਲਮਾਂ ਦੀ ਸਕ੍ਰੀਨਿੰਗ ਅਤੇ ਕਟੌਤੀ/ਸੋਧ ਜਮ੍ਹਾ ਕਰਨ ਦੀ ਸੁਵਿਧਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਕਦਮ ਪੰਜਾਬੀ ਫਿਲਮ ਇੰਡਸਟਰੀ ਨੂੰ ਹੋਰ ਮਜ਼ਬੂਤ ਕਰੇਗਾ।

ਉਨ੍ਹਾਂ ਅੱਗੇ ਕਿਹਾ, ਅੱਜ, ਭਾਰਤ ਨੂੰ ਇੱਕ ਕੰਟੈਂਟ ਹੱਬ ਵਜੋਂ ਦੇਖਿਆ ਜਾ ਰਿਹਾ ਹੈ ਅਤੇ ਅਸੀਂ ਅੰਤਰਰਾਸ਼ਟਰੀ ਫਿਲਮਾਂ ਦੀ ਸ਼ੂਟਿੰਗ ਅਤੇ ਪੋਸਟ ਪ੍ਰੋਡਕਸ਼ਨ ਦੋਵਾਂ ਲਈ ਤਰਜੀਹੀ ਦੇਸ਼ ਬਣ ਰਹੇ ਹਾਂ। ਇਸਦੇ ਨਾਲ ਹੀ ਸਾਡੇ ਆਪਣੇ ਕੰਟੈਂਟ ਨੂੰ ਦੁਨੀਆ ਭਰ ਵਿੱਚ ਬਹੁਤ ਪ੍ਰਸ਼ੰਸਾ ਮਿਲ ਰਹੀ ਹੈ।

ਇਹ ਦੱਸਦੇ ਹੋਏ ਕਿ ਹਰ ਸਾਲ ਦੁਨੀਆ ਵਿੱਚ ਬਣੀਆਂ 2500 ਫਿਲਮਾਂ ਵਿੱਚੋਂ ਅੱਧੀਆਂ ਤੋਂ ਵੱਧ ਫਿਲਮਾਂ ਭਾਰਤ ਦੀ ਧਰਤੀ 'ਤੇ ਬਣਦੀਆਂ ਹਨ, ਮੰਤਰੀ ਨੇ ਕਿਹਾ, ਫੀਚਰ ਫਿਲਮਾਂ ਤੋਂ ਲੈ ਕੇ ਡਾਕੂਮੈਂਟਰੀ ਅਤੇ ਲਘੂ ਫਿਲਮਾਂ ਤੋਂ ਲੈ ਕੇ ਸੀਰੀਅਲ ਤੱਕ, ਭਾਰਤੀ ਸਿਨੇਮਾ ਅੱਜ ਜ਼ਿੰਦਗੀ ਦੇ ਹਰ ਰੰਗ ਨੂੰ ਆਪਣੇ ਕੈਨਵਸ




'ਤੇ ਕੈਦ ਕਰ ਰਿਹਾ ਹੈ ਅਤੇ ਲੋਕਲ ਕਹਾਣੀਆਂ ਨੂੰ ਗਲੋਬਲ ਬਣਾ ਰਿਹਾ ਹੈ। ਇਸ ਲਈ ਇਹ ਮਾਇਨੇ ਨਹੀਂ ਰੱਖਦਾ ਕਿ ਫਿਲਮ ਕਿਸ ਭਾਸ਼ਾ ਵਿੱਚ ਬਣਾਈ ਜਾ ਰਹੀ ਹੈ, ਜਿੰਨਾ ਚਿਰ ਕੰਟੈਂਟ ਦਿਲਚਸਪ ਹੈ, ਉਸ ਨੂੰ ਲੈਣ ਵਾਲੇ ਹਮੇਸ਼ਾ ਹੋਣਗੇ। ਸ਼੍ਰੀ ਠਾਕੁਰ ਨੇ ਅੱਗੇ ਕਿਹਾ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਪੰਜਾਬ ਖੇਤਰ ਵਿੱਚ ਬਣਨ ਵਾਲੀਆਂ ਫਿਲਮਾਂ ਵਿੱਚ ਵੀ ਬਹੁਤ ਸੰਭਾਵਨਾਵਾਂ ਹਨ। ਇਸ ਲਈ, ਸਰਕਾਰ ਨੇ ਚੰਡੀਗੜ੍ਹ ਵਿੱਚ ਇੱਕ ਸੀਬੀਐੱਫਸੀ ਸੁਵਿਧਾ ਦਫਤਰ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਸਰਟੀਫਿਕੇਟ ਪ੍ਰਾਪਤ ਕਰਨ ਦੀ ਪ੍ਰਕਿਰਿਆ ਅਸਾਨ ਹੋਵੇ ਅਤੇ ਫਿਲਮਾਂ ਨੂੰ ਪੂਰਾ ਕਰਨ ਦੀ ਪ੍ਰਕਿਰਿਆ ਵੀ ਤੇਜ਼ ਹੋ ਜਾਵੇ। ਕੇਂਦਰੀ ਮੰਤਰੀ ਨੇ ਦਿੱਵਿਯਾਂਗ ਫਿਲਮ ਪ੍ਰਸ਼ੰਸਕਾਂ ਲਈ ਫਿਲਮ ਹਾਲਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਸਰਕਾਰ ਦੁਆਰਾ ਕੀਤੀ ਜਾ ਰਹੀ ਪਹਿਲ ਬਾਰੇ ਵੀ ਦੱਸਿਆ। ਸਰਕਾਰ ਨੇ ਇਸ ਸਬੰਧ ਵਿੱਚ ਇੱਕ ਨਵਾਂ ਦਿਸ਼ਾ-ਨਿਰਦੇਸ਼ ਤਿਆਰ ਕਰਨ ਲਈ ਪਹਿਲਾਂ ਹੀ ਸਟੇਕਹੋਲਡਰਾਂ ਤੋਂ ਟਿੱਪਣੀਆਂ ਮੰਗੀਆਂ ਹਨ ਤਾਂ ਜੋ ਸੁਣਨ ਅਤੇ ਦ੍ਰਿਸ਼ਟੀ ਦੀ ਕਮਜ਼ੋਰੀ ਵਾਲੇ ਲੋਕਾਂ ਨੂੰ ਹਰ ਕਿਸੇ ਵਾਂਗ ਫਿਲਮ ਦਾ ਆਨੰਦ ਲੈਣ ਦਾ ਮੌਕਾ ਮਿਲ ਸਕੇ। ਉਨ੍ਹਾਂ ਕਿਹਾ ÷ਇਸ ਦੇਸ਼ ਦੇ ਸਾਰੇ ਨਾਗਰਿਕਾਂ ਲਈ ਬਰਾਬਰ ਦੇ ਮੌਕੇ ਯਕੀਨੀ ਬਣਾਉਣਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਵਿਜ਼ਨ ਰਿਹਾ ਹੈ। ਉਹ ਉਨ੍ਹਾਂ ਨੂੰ ਵਿਕਲਾਂਗ ਦੀ ਬਜਾਏ ਦਿੱਵਿਯਾਂਗ ਕਹਿਣ ਵਾਲੇ ਪਹਿਲੇ ਵਿਅਕਤੀ ਹਨ। ਇਹ ਉਨ੍ਹਾਂ ਦੇ ਹਿੱਤ ਵਿੱਚ ਹੀ ਹੈ ਕਿ ਸਰਕਾਰ ਨੇ ਹਰੇਕ ਫਿਲਮ ਦਾ ਇੱਕ ਅਜਿਹਾ ਸੰਸਕਰਣ ਰਿਲੀਜ਼ ਕਰਨ ਦੀ ਪਹਿਲ ਕੀਤੀ ਹੈ ਜੋ ਦਿੱਵਿਯਾਂਗਜਨਾਂ ਲਈ ਅਨੁਕੂਲ ਹੋਵੇਗਾ। ਪਾਇਰੇਸੀ ਦੇ ਖਤਰੇ 'ਤੇ ਬੋਲਦੇ ਹੋਏ, ਸ਼੍ਰੀ ਠਾਕੁਰ ਨੇ ਅੱਗੇ ਕਿਹਾ, ਫਿਲਮ ਪਾਇਰੇਸੀ ਨੂੰ ਰੋਕਣ ਲਈ ਅਸੀਂ ਹਾਲ ਹੀ ਵਿੱਚ ਸਿਨੇਮੈਟੋਗ੍ਰਾਫ ਐਕਟ ਵਿੱਚ ਬਹੁਤ ਸਾਰਥਕ ਬਦਲਾਅ ਕੀਤੇ ਹਨ। ਅੱਜ, ਪਾਇਰੇਸੀ ਨੂੰ ਰੋਕਣ ਲਈ ਸਾਡੇ ਸਾਰੇ ਸੀਬੀਐੱਫਸੀ ਕੇਂਦਰਾਂ ਵਿੱਚ ਵਿਸ਼ੇਸ਼ ਨੋਡਲ ਅਫ਼ਸਰ ਨਿਯੁਕਤ ਕੀਤੇ ਜਾ ਰਹੇ ਹਨ। ਦੇਸ਼ ਭਰ ਦੇ 12 ਨੋਡਲ ਅਧਿਕਾਰੀ ਪਾਇਰੇਸੀ ਵਿਰੁੱਧ ਸ਼ਿਕਾਇਤਾਂ ਪ੍ਰਾਪਤ ਕਰਨਗੇ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਪਾਈਰੇਟ ਸਮੱਗਰੀ ਨੂੰ ਹਟਾਉਣ ਲਈ ਨਿਰਦੇਸ਼ ਦੇਣਗੇ। ਸ਼ਿਕਾਇਤ ਮਿਲਣ ਦੇ 48 ਘੰਟਿਆਂ ਦੇ ਅੰਦਰ ਕਾਰਵਾਈ ਕੀਤੀ ਜਾਵੇਗੀ। ਪਾਇਰੇਸੀ ਨਾ ਸਿਰਫ ਫਿਲਮ ਇੰਡਸਟਰੀ ਲਈ ਬਲਕਿ ਪੂਰੀ ਦੁਨੀਆ ਲਈ ਵੱਡਾ ਖਤਰਾ ਹੈ। ਰਿਪੋਰਟਾਂ ਮੁਤਾਬਕ ਫਿਲਮ ਇੰਡਸਟਰੀ ਨੂੰ ਹਰ ਸਾਲ ਪਾਇਰੇਸੀ ਕਾਰਨ 20,000 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਚਿੱਤਰ ਭਾਰਤੀ ਫਿਲਮ ਫੈਸਟੀਵਲ ਦੇ ਆਯੋਜਕਾਂ ਨੂੰ ਵਧਾਈ ਦਿੰਦੇ ਹੋਏ, ਸ਼੍ਰੀ ਠਾਕੁਰ ਨੇ ਕਿਹਾ, ਨੌਜਵਾਨ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਸਾਡੇ ਦੇਸ਼ ਦੇ ਸਮ੍ਰਿੱਧ ਸੱਭਿਆਚਾਰ ਅਤੇ ਵਿਰਸੇ ਨੂੰ ਦਰਸਾਉਂਦੀਆਂ ਅਰਥ ਭਰਪੂਰ ਫਿਲਮਾਂ ਬਣਾਉਣ ਲਈ ਪ੍ਰੇਰਿਤ ਕਰਨ ਲਈ ਕੀਤੇ ਜਾ ਰਹੇ ਯਤਨ ਵਾਕਈ ਸ਼ਲਾਘਾਯੋਗ ਹਨ। ਮੈਂ ਉਮੀਦ ਕਰਦਾ ਹਾਂ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਫਿਲਮਾਂ ਆਉਣ ਵਾਲੇ ਸਮੇਂ ਵਿੱਚ ਦੁਨੀਆ ਭਰ ਦੇ ਪ੍ਰਮੁੱਖ ਫਿਲਮ ਫੈਸਟੀਵਲਜ਼ ਵਿੱਚ ਸ਼ਾਮਲ ਹੋਣਗੀਆਂ।

# ਗੁਰੂ ਨਗਰੀ ਦੇ ਸਰਵਪੱਖੀ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀ ਛੱਡੀ ਜਾਵੇਗੀ- ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ.ਹਰਜੋਤ ਸਿੰਘ ਬੈਂਸ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ਕਿਹਾ ਕਿ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀ ਛੱਡੀ ਜਾਵੇਗੀ, ਕਰੋੜਾਂ ਰੁਪਏ ਦੇ ਵਿਕਾਸ ਦੇ ਪ੍ਰੋਜੈਕਟ ਲਗਭਗ ਮੁਕੰਮਲ ਹੋ ਚੁੱਕੇ ਹਨ, ਜਿਨ੍ਹਾਂ ਨੂੰ ਜਲਦੀ ਲੋਕ ਅਰਪਣ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਸ੍ਰੀ ਅਨੰਦਪੁਰ ਸਾਹਿਬ ਆਉਣਗੇ। ਗੁਰੂ ਨਗਰੀ ਨੂੰ ਹੋਰ ਸਵੱਛ ਤੇ ਸਾਫ ਸੁਥਰਾ ਰੱਖਣ ਲਈ ਸਫਾਈ ਮੁਹਿੰਮ ਨੂੰ ਹੋਰ ਗਤੀ ਦੇ ਰਹੇ ਹਾਂ, ਜਿਸ ਦੇ ਲਈ ਇੱਕ ਟਰੈਕਟਰ ਅਤੇ ਦੋ ਹੋਰ ਸੀ.ਐਨ.ਜੀ ਵਾਹਨ ਸ਼ਹਿਰ ਦੀ ਸਫਾਈ ਅਤੇ ਕੂੜਾ ਸਮੇਟਣ ਲਈ ਅੱਜ ਤੋਂ ਸੂਰੂ ਹੋ ਗਏ ਹਨ। ਵਾਰਡ ਨੰ: 6 ਵਿਚ ਗੰਦੇ ਪਾਣੀ ਦੀ ਨਿਕਾਸੀ ਲਈ 9.50 ਲੱਖ ਦੀ ਲਾਗਤ ਨਾਲ ਵਿਸ਼ੇਸ਼ ਪ੍ਰੋਜੈਕਟ ਜਲਦੀ ਮੁਕੰਮਲ ਕਰਵਾਇਆ ਜਾ ਰਿਹਾ ਹੈ, ਜਿਸ ਨਾਲ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਫ ਸੁਥਰਾ ਰੱਖਿਆ ਜਾਵੇਗਾ।

ਸ.ਬੈਂਸ ਅੱਜ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਿਸੇਸ਼ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਅਤੇ ਨਗਰ ਕੌਂਸਲ ਵੱਲੋਂ ਤਿਆਰ ਇੱਕ ਟਰੈਕਟਰ ਅਤੇ ਦੋ ਹੋਰ ਵਾਹਨਾਂ ਨੂੰ ਝੰਡੀ ਦੇ ਕੇ ਰਵਾਨਾ ਕਰਨ ਲਈ ਵਿਸੇਸ ਤੌਰ ਤੇ ਪਹੁੰਚੇ ਸਨ। ਉਨ੍ਹਾਂ ਨੇ ਕਿਹਾ ਕਿ ਸ਼ਹਿਰ ਦੇ ਕੂੜੇ ਨੂੰ ਸੜਕਾਂ ਤੋ ਚੁੱਕ ਕੇ ਉਸ ਦਾ ਢੁਕਵਾ ਪ੍ਰਬੰਧਨ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਹੋਲਾ ਮਹੱਲਾ ਤੋ ਪਹਿਲਾ ਸਮੁੱਚੇ ਇਲਾਕੇ ਦੀ ਸਵੱਛਤਾ ਲਈ ਵਿਸ਼ੇਸ਼ ਗੁਰੂ ਨਗਰੀ ਨੂੰ ਹੋਰ ਸਵੱਛ ਤੇ ਸਾਫ ਸੁਥਰਾ ਰੱਖਣ ਲਈ ਸਫਾਈ ਮੁਹਿੰਮ ਨੂੰ ਹੋਰ ਗਤੀ ਦੇ ਰਹੇ ਹਾਂ, ਜਿਸ ਦੇ ਲਈ ਇੱਕ ਟਰੈਕਟਰ ਅਤੇ ਦੋ ਹੋਰ ਸੀ.ਐਨ.ਜੀ ਵਾਹਨ ਸ਼ਹਿਰ ਦੀ ਸਫਾਈ ਅਤੇ ਕੂੜਾ ਸਮੇਟਣ ਲਈ ਅੱਜ ਤੋਂ ਸੂਰੂ ਹੋ ਗਏ ਹਨ। ਵਾਰਡ ਨੰ: 6 ਵਿਚ ਗੰਦੇ ਪਾਣੀ ਦੀ ਨਿਕਾਸੀ ਲਈ 9.50 ਲੱਖ ਦੀ ਲਾਗਤ ਨਾਲ ਵਿਸੇਸ਼ ਪ੍ਰੋਜੈਕਟ ਜਲਦੀ ਮੁਕੰਮਲ ਕਰਵਾਇਆ ਜਾ ਰਿਹਾ ਹੈ, ਜਿਸ ਨਾਲ ਸ੍ਰੀ ਅਨੰਦਪੁਰ ਸਾਹਿਬ ਉਪਰਾਲੇ ਕਰ ਰਹੇ ਹਾਂ।

ਉਨ੍ਹਾਂ ਨੇ ਕਿਹਾ ਕਿ ਸ਼ਹਿਰ ਦਾ ਵਾਤਾਵਰਣ ਹੋਰ ਸਾਫ ਸੁਥਰਾ ਰੱਖਣ ਲਈ ਨਗਰ ਕੌਂਸਲ ਵੱਲੋਂ ਨਿਰੰਤਰ ਫੋਗਿੰਗ, ਦਵਾਈ ਦਾ ਛਿੜਕਾਅ ਕਰਵਾਇਆਂ ਜਾ ਰਿਹਾ ਹੈ।

ਇਸ ਮੌਕੇ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਡਾ.ਸੰਜੀਵ ਗੌਤਮ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਇੰਦਰਜੀਤ ਅਰੋੜਾ ਪ੍ਰਧਾਨ ਵਪਾਰ ਮੰਡਲ, ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ, ਸੱਮੀ ਬਰਾਰੀ ਯੂਥ ਪ੍ਰਧਾਨ, ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਦਲਜੀਤ ਸਿੰਘ ਕੈਂਥ, ਵਿਕਰਮ ਸਿੰਘ ਸੰਧੂ, ਬਲਵੀਰ ਕੌਰ, ਦਵਿੰਦਰ ਕੋਸ਼ਲ, ਇੰਦਰਜੀਤ ਸਿੰਘ, ਵਿਜੇ ਗਰਚਾ, ਕੁਲਦੀਪ ਸਿੰਘ, ਸੁਰਿੰਦਰ ਸਿੰਘ, ਹਰਮਨਜੀਤ ਸਿੰਘ, ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ, ਅਭਿਜੀਤ ਐਲਕਸੀ, ਸੁਨੀਲ ਅਡਵਾਲ, ਇੰਦਰਜੀਤ ਕੋਸ਼ਲ, ਵਿਕਰਮਜੀਤ ਸਿੰਘ ਸੰਧੂ, ਦਇਆ ਸਿੰਘ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਨੈਸ਼ਨਲ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ 'ਚ ਸ਼ਫੀਕ ਖਾਂ ਨੇ ਸਿਲਵਰ ਤੇ ਕਾਂਸੀ ਦੇ ਮੈਡਲ ਜਿੱਤੇ

**ਮਲੇਰਕੋਟਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਤਾਮਿਲਨਾਡੂ ਦੇ ਤਰੁਣਵੈਲੀ ਵਿਖੇ ਆਯੋਜਿਤ 43ਵੀਂ ਨੈਸ਼ਨਲ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ-2024 'ਚ ਜਿਲ੍ਹਾ ਮਾਲੇਰਕੋਟਲਾ ਦੇ 74 ਸਾਲਾ ਸ਼ਫੀਕ ਖਾਂ (ਰਿਟਾਇਰਡ ਸੁਪਰਡੈਂਟ ਇਨਕਮ ਟੈਕਸ ਵਿਭਾਗ) ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਅਤੇ ਆਪਣੇ ਸੂਬੇ ਪੰਜਾਬ ਅਤੇ ਜਿਲ੍ਹਾ ਮਾਲੇਰਕੋਟਲਾ ਦਾ ਨਾਮ ਨੈਸ਼ਨਲ ਪੱਧਰ 'ਤੇ ਚਮਕਾਇਆ ਗਿਆ ਹੈ।

ਅੱਜ ਮਾਲੇਰਕੋਟਲਾ ਪਹੁੰਚਣ 'ਤੇ ਸ਼ਫੀਕ ਖਾਂ ਦਾ ਮਾਲੇਰਕੋਟਲਾ ਦੇ ਨਿਵਾਸੀਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ਼੍ਰੀ ਸ਼ਫੀਕ ਖਾਂ ਨੇ ਕਿਹਾ ਕਿ 43ਵੀਂ ਨੈਸ਼ਨਲ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ-2024 ਦਾ ਆਯੋਜਨ ਤਾਮਿਲਨਾਡੂ ਦੇ ਤਰੁਣਵੈਲੀ ਵਿਖੇ ਹੋਇਆ ਸੀ, ਜਿਸ ਵਿੱਚ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਤੋਂ 90 ਸਾਲ ਤੱਕ ਦੇ 800 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਜਿਸ ਵਿੱਚ ਉਨ੍ਹਾਂ


ਸਿਲਵਰ ਤੇ ਕਾਂਸੀ ਦਾ ਮੈਡਲ ਜਿੱਤਣ ਵਾਲੇ ਮੁਹੰਮਦ ਸ਼ਫੀਕ ਖਾਂ ਨੂੰ ਸਨਮਾਨਿਤ ਕਰਦੇ ਪ੍ਰਬੰਧਕ।

ਵੱਲੋਂ ਰਿਲੈ ਦੋੜ 'ਚ ਦੋ ਸਿਲਵਰ ਮੈਡਲ ਤੇ ਹਰਲਡ (ਰੁਕਾਵਟ) ਦੋੜ 'ਚ ਦੋ ਕਾਂਸੀ ਦੇ ਮੈਡਲ ਜਿੱਤੇ। ਉਨ੍ਹਾਂ ਕਿਹਾ ਕਿ ਹੁਣ ਤੱਕ ਮੇਰੇ ਵੱਲੋਂ ਸੋਨੇ, ਸਿਲਵਰ ਤੇ ਕਾਂਸੀ ਦੇ 250 ਤੋਂ ਵੱਧ ਮੈਡਲ ਜਿੱਤੇ ਹਨ। ਉਨ੍ਹਾਂ ਨੇ ਨੌਜਵਾਨ ਪੀੜੀ ਨੂੰ ਨਸ਼ੇ ਦੀ ਦਲਦਲ ਤੋਂ ਬਾਹਰ ਆ ਕੇ ਖੇਡਾਂ ਦੇ ਮੈਦਾਨ 'ਚ ਆਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਬੜੇ ਹੀ ਚਿੰਤਾਂ ਦੀ ਗੱਲ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨਸ਼ੇ ਦੀ ਦਲਦਲ 'ਚ ਧੱਸਦੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਨੌਜਵਾਨਾਂ ਨੂੰ ਹਮੇਸ਼ਾਂ ਹੀ ਕੋਈ ਨਾ ਕੋਈ ਟੀਚਾ ਮਿੱਥਣਾ ਚਾਹੀਦਾ ਹੈ। ਜਿਸ ਨੂੰ ਉਸ ਨੇ ਹਾਸਿਲ ਕਰਨਾ ਹੈ। ਉਹਨਾਂ ਨੇ ਨੌਜਵਾਨ ਪੀੜੀ ਨੂੰ ਮਿਹਨਤ ਕਰਨ ਲਈ ਵੀ ਪ੍ਰੇਰਿਤ ਕੀਤਾ।

# ਮਾਂ ਨੈਣਾ ਦੇਵੀ ਜੀ ਦੇ ਲਾਡਲੇ ਗਰੁੱਪ ਵਲੋਂ ਸ਼੍ਰੀ ਖਾਟੂ ਸ਼ਾਮ ਜੀ ਦੇ ਦਰਸ਼ਨਾਂ ਲਈ 64 ਭਗਤਾਂ ਦਾ ਜਥਾ ਹੋਇਆ ਰਵਾਨਾ

**ਨਾਭਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪਟਿਆਲਾ ਗੇਟ ਨਾਭਾ ਤੋ ਮਾਂ ਨੈਣਾ ਦੇਵੀ ਜੀ ਦੇ ਲਾਡਲੇ ਗਰੁੱਪ ਵੱਲੋ ਪ੍ਰਮੁੱਖ ਸਾਹਿਲ ਗੁਪਤਾ ਅਤੇ ਪ੍ਰਮੁੱਖ ਸਤੀਸ਼ ਗਰਗ ਦੀ ਅਗਵਾਈ ਵਿੱਚ 64 ਮੈਂਬਰਾਂ ਦਾ ਜਥਾ ਸ਼੍ਰੀ ਖਾਟੂ ਸ਼ਾਮ ਜੀ, ਸ਼੍ਰੀ ਸਾਲਾਸਰ ਬਾਲਾ ਜੀ ਦੇ ਦਰਸ਼ਨਾਂ ਲਈ ਰਵਾਨਾ ਹੋਇਆ, ਬੱਸ ਨੂੰ ਝੰਡੀ ਦੇਣ ਦੀ ਰਸਮ ਜੀਵਨ ਪ੍ਰਕਾਸ਼ ਬਾਂਸਲ ਪ੍ਰਧਾਨ ਅੱਗਰਵਾਲ ਸਭਾ, ਖੂਨਦਾਨੀ ਸਟੇਟ ਅਵਾਰਡੀ ਭੁਵੇਸ਼ ਬਾਂਸਲ ਭਾਸ਼ੀ ਪ੍ਰਧਾਨ ਹਰਸ਼ ਬਲੱਡ ਡੋਨਰ ਸੋਸਾਇਟੀ, ਸੁਮਿਤ ਗੋਇਲ ਸ਼ੈਂਟੀ ਪ੍ਰਧਾਨ ਸ਼ਿਆਮ ਪਰਿਵਾਰ ਸੇਵਾ ਸੰਘ ਨੇ ਸਾਂਝੇ ਤੋਰ ਤੇ ਕੀਤੀ ਅਤੇ ਨਾਰੀਅਲ ਤੋੜਨ ਦੀ ਰਸਮ ਐਡਵੋਕੇਟ ਨਰੇਸ਼ ਸਿੰਗਲਾ, ਨਿਤਿਨ ਗੁਪਤਾ ਸਮਾਜ ਸੇਵਕ ਨੇ ਸਾਂਝੇ ਤੋਰ ਤੇ ਕੀਤੀ, ਨਾਲ ਹੀ ਸਾਂਝੇ ਤੋਰ ਤੇ ਬੋਲਦੇ ਹੋਏ ਜੀਵਨ ਬਾਂਸਲ ਅਤੇ ਪ੍ਰਧਾਨ ਭੁਵੇਸ਼ ਭਾਸ਼ੀ ਨੇ ਕਿਹਾ ਕਿ ਮਾਂ ਨੈਣਾ ਦੇਵੀ ਜੀ ਦੇ ਲਾਡਲੇ ਗਰੁੱਪ ਦਾ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ।

ਇਸ ਨਾਲ ਸਮਾਜ ਦੇ ਹੋਰ ਲੋਕਾਂ ਨੂੰ ਵੀ ਸੇਧ ਮਿਲਦੀ ਹੈ ਸ਼੍ਰੀ ਖਾਟੂ ਸ਼ਾਮ ਜੀ ਇਹਨਾਂ ਦੀ ਸਾਰੀ ਟੀਮ ਤੇ ਵੀ ਕਿਰਪਾ ਬਣਾ ਕੇ ਰੱਖਣਗੇ ਜੋ ਇਹ ਸਾਰੀ ਸੰਗਤ ਨੂੰ ਸਪੈਸ਼ਲ ਦਰਸ਼ਨ ਕਰਵਾ ਕੇ ਲੈ ਆਂਦੇ ਹਨ ਅਤੇ ਸਾਰੇ ਹੀ ਭਗਤਾਂ ਦੀ ਯਾਤਰਾ ਸੁੱਖ ਸ਼ਾਂਤਮਈ ਤਰੀਕੇ ਨਾਲ ਪੂਰੀ ਹੋਏ, ਨਾਭਾ ਸ਼ਹਿਰ ਸ਼ੁਰੂ ਤੋ ਹੀ ਮਿੰਨੀ ਕਾਂਸੀ ਦੇ ਤੋਰ ਤੇ ਜਾਣਿਆ ਜਾਂਦਾ ਹੈ ਅਸੀਂ ਆਪਣੇ ਧਰਮ ਪ੍ਰਤੀ ਹਮੇਸ਼ਾ ਏਦਾਂ ਹੀ ਸੇਵਾਵਾਂ ਨਿਭਾਉਂਦੇ ਰਹੀਏ ਜੋ ਧਰਮ ਦਾ ਸਹੀ ਤਰੀਕੇ ਨਾਲ ਪ੍ਰਚਾਰ ਹੋ ਸਕੇ, ਹਰਸ਼ ਬਲੱਡ ਡੋਨਰ ਸੋਸਾਇਟੀ ਦਾ ਹਰੇਕ ਤਰਾਂ ਦਾ ਸਹਿਯੋਗ ਮਾਂ ਨੈਣਾ ਦੇਵੀ ਜੀ ਦੇ ਲਾਡਲੇ ਗਰੁੱਪ ਨੂੰ ਹਮੇਸ਼ਾ ਰਹਿੰਦਾ ਹੈ ਇਹ ਜਦੋ ਵੀ ਸਾਡੀ ਡਿਊਟੀ ਜਿਥੇ ਜਿਵੇ ਲਗਾਉਂਦੇ ਹਨ ਅਸੀਂ ਹਾਜਰ ਹੁੰਦੇ ਹਾ ,ਸਮਾਜ ਸੇਵਕ ਗੌਰਵ ਮਨੋਚਾ ਵੱਲੋ ਸਾਰੇ ਆਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ, ਭਜਨ ਗਾਇਕ ਸ਼੍ਰੀਕਾਂਤ ਸ਼ਰਮਾ ਵੱਲੋ ਬੱਸ ਰਵਾਨਾ ਕਰਨ ਤੋ ਪਹਿਲਾ ਹਨੂੰਮਾਨ ਚਾਲੀਸਾ ਦਾ ਗੁਣਗਾਨ ਕੀਤਾ ਗਿਆ, ਗਾਇਕ ਅਭਿਸ਼ੇਕ ਸਦਾਨਾ ਅਤੇ ਭਜਨ ਗਾਇਕ ਮੋਹਿਤ ਕੁਮਾਰ ਨੇ ਖਾਟੂ ਸ਼ਿਆਮ ਜੀ ਦੇ ਭਜਨ ਸੁਣਾਏ,ਉਸ ਮੌਕੇ ਭੋਲਾ ਗੋਇਲ,ਗਾਇਕ ਸ਼੍ਰੀਕਾਂਤ ਸ਼ਰਮਾ, ਅਭਿਸ਼ੇਕ ਸਦਾਨਾ, ਮੋਹਿਤ ਕੁਮਾਰ,ਜੋਤੀ, ਮੰਜੂ ਆਦਿ ਵੀ ਹਾਜਰ ਸਨ

# ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ ਨੇ 50 ਸਾਲ ਉਮਰ ਕੀਤੀ ਬੀ,ਏ ਪਾਸ

**ਮਾਛੀਵਾੜਾ ਸਾਹਿਬ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਆਂਗਣਵਾੜੀ ਵਰਕਰ ਅਤੇ ਸਮਾਜ ਸੇਵੀ ਕੁਲਵੰਤ ਕੌਰ ਨੀਲੋਂ ਨੇ ਆਪਣੀ ਜ਼ਿੰਦਗੀ ਨੂੰ ਅੱਗੇ ਤੋਰਨ ਲਈ ਅਤੇ 50 ਸਾਲ ਦੀ ਉਮਰ ਵਿੱਚ ਬੀ, ਏ ਪਾਸ ਕਰਕੇ ਮਿਸਾਲ ਪੈਦਾ ਕੀਤੀ। ਉਨ੍ਹਾਂ ਨੇ ਦੱਸਿਆ ਕਿ ਉਹ ਪਹਿਲਾਂ ਮੈਟ੍ਰਿਕ ਪਾਸ ਸੀ,ਅਤੇ ਬਤੌਰ ਆਂਗਣਵਾੜੀ ਵਰਕਰ ਭਰਤੀ ਹੋਈ। ਉਸ ਤੋਂ ਬਾਅਦ ਉਹਨਾਂ ਹੋਰ ਵਿਦਿਆ ਪੜ੍ਹਨਾਂ ਦਾ ਮਨ ਬਣਾਇਆ ਅਤੇ ਆਪਣੀ ਬੇਟੀ ਨਾਲ 10+2 ਪਾਸ ਕੀਤੀ। ਉਸ ਤੋਂ ਬਾਅਦ 50 ਸਾਲ ਦੀ ਉਮਰ ਬੀ,ਏ, ਪਾਸ ਕਰ ਲਈ ਅਤੇ ਮਿਸਾਲ ਪੈਦਾ ਕੀਤੀ। ਉਹਨਾਂ ਨੇ ਕਿਹਾ ਜੇਕਰ ਤੁਹਾਡੇ ਮਨ ਵਿੱਚ ਕੁਝ ਕਰਨ ਲਈ ਮੁਕਾਮ ਹਾਸਲ ਕਰਨ ਦਾ ਜਜਵਾ ? ਹੋਵੇ ਤਾਂ ਇਨਸਾਨ ਹਰ ਮੰਜ਼ਿਲ ਪਾਰ ਕਰ ਲੈਂਦਾ ਹੈ। ਉਹਨਾਂ ਸਮਾਜ ਸੁਨੇਹਾ ਦਿੱਤਾ ਕਿ ਵਿੱਦਿਆ ਪੜ੍ਹਨ ਦੀ ਕੋਈ ਉਮਰ ਨਹੀਂ ਹੁੰਦੀ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਤੋਂ ਉਹਨੇਂ ਬੀ, ਏ ਪਾਸ ਦੀ ਡਿਗਰੀ ਪ੍ਰਾਪਤ ਕੀਤੀ। ਜੇਕਰ ਤੁਹਾਡੇ ਮਨ ਵਿੱਚ ਕੁਝ ਕਰਨ ਦਾ ਹੋਸਲਾ ਹੋਵੇ ਤਾਂ ਹਰ ਮੰਜ਼ਿਲ ਪਾਰ ਕੀਤੀ ਜਾ ਸਕਦੀ ਹੈ। ਉਹਨਾਂ ਨੂੰ ਮੁਬਾਰਕਾਂ ਦੇਣ ਪੁੰਹਚੇ, ਸੁਰਿੰਦਰ ਕੁਮਾਰ ਛਿੰਦੀ ਸਾਬਕਾ




ਐੱਮ ਸੀ, ਇੰਸਪੈਕਟਰ ਜਗਦੇਵ ਸਿੰਘ, ਰਾਕੇਸ਼ ਕੁਮਾਰ ਛਿੰਦੂ ? ਵਾਇਸ ਚੇਅਰਮੈਨ, ਸੁਖਦੇਵ ਸਿੰਘ ਬਿੱਟੂ, ਰਣਜੀਤ ਕੌਰ ਰਾਣੀ, ਮੀਨਾ ਰਾਣੀ, ਸਵਰਨ ਸਿੰਘ ਸੰਨੀ, ਅਮਨਦੀਪ ਸਿੰਘ ਭੱਠਲ, ਸਿੰਕਦਰ ਸਿੰਘ ਭੋਲਾ, ਡਾਕਟਰ ਮਦਨਪਾਲ, ਸੂਬੇਦਾਰ ਲਾਲ ਸਿੰਘ, ਗੁਰਪ੍ਰੀਤ ਸਿੰਘ, ਕੁਲਵੀਰ ਸਿੰਘ,ਚਰਨ ਸਿੰਘ ਸੰਗੋਵਾਲ ਸੀਨੀਅਰ ਮੀਤ ਪ੍ਰਧਾਨ ਪੰਜਾਬ, ਜਸਦੇਵ ਸਿੰਘ ਜੱਸੀ, ਪਰਮਜੀਤ ਸਿੰਘ ਇਯਾਲੀ ਜ਼ਿਲ੍ਹਾ ਪ੍ਰਧਾਨ, ਸੁਰਿੰਦਰ ਸਿੰਘ ਨੰਗਲ ਕਲਾਲਾ, ਤਰਸੇਮ ਸਿੰਘ ਗਗੜਭਾਣਾ, ਦੇਵੀ ਦਾਸ ਮਿਆਣੀ, ਨਥਾ ? ਸਿੰਘ ਬੱਲ, ਹਰਦੇਵ ਸਿੰਘ ਨਿਜ਼ਾਮਪੁਰ, ਬਿੰਦਰ ਸਿੰਘ ਸੈਦ ਮੁਬਾਰਕ, ਕੁਲਵੰਤ ਸਿੰਘ ਮਾਂਗਟ, ਬਲਵੀਰ ਸਿੰਘ ਜੋੜਾਂ, ਪਿਆਰਾ ਸਿੰਘ ਖੰਡੂਰ ਸਾਹਿਬ, ਅਮਰਜੀਤ ਸਿੰਘ ਜਾਮਾਰਾਏ ਨਿਸ਼ਾਨ ਸਿੰਘ ਜਹਾਂਗੀਰ, ਗੁਰਵੇਲ ਸਿੰਘ ਕਲੇਰ, ਅਮਰਜੀਤ ਸਿੰਘ ਜਾਗਦੇ ਰਹੋ, ਰਛਪਾਲ ਸਿੰਘ ਬੰਡਰਸੋ ਦਿਲਬਾਗ ਸਿੰਘ ਨੀਤਪੁਰ, ਰਘਬੀਰ ਸਿੰਘ ਕਿਸ਼ਨਪੁਰਾ, ਗਰੀਬ ਸਿੰਘ ਪੈਨਚਾ, ਜਗਦੀਸ਼ ਸਿੰਘ ਰਾਏਕੋਟ, ਸ਼ਾਦੀ ?ਖਾਨ ਜੋਗਿੰਦਰ ਸਿੰਘ ਗਿੱਲ ਵਲੋਂ ਮੁਬਾਰਕਾਂ ਦਿੱਤੀਆਂ ਗਈਆਂ।

# ਸੀ.ਐੱਮ ਵਲੋਂ ਘਰ-ਘਰ ਰਾਸ਼ਣ ਵੰਡਣ ਮੁਹਿਮ ਦੇ ਹੁਕਮਾਂ ਦੀਆਂ ਉਡਾਈਆਂ ਜਾ ਰਹੀਆਂ ਹਨ ਧਜੀਆਂ

**ਜਲਾਲਾਬਾਦ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਜਨਤਾ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਘਰ 'ਚ ਬੈਠੇ ਹੀ ਦੇਣ ਦੇ ਆਦੇਸ਼ ਜਾਰੀ ਕੀਤੇ ਸਨ, ਜਿਨ੍ਹਾਂ 'ਚ ਇੱਕ ਸੀ ਘਰ-ਘਰ ਰਾਸ਼ਣ ਦੇਣ ਦੀ, ਜਿਸ ਦੀ ਸੰਲਾਘਾ ਘਰ-ਘਰ 'ਚ ਹੋ ਰਹੀ ਹੈ। ਪਰ ਕੁਝ ਸਰਕਾਰੀ ਬਾਬੂ ਸੀ.ਐੱਮ ਦੇ ਹੁਕਮਾਂ ਦੀਆਂ ਧੱਜੀਆਂ ਉਡਾਉਂਦੇ ਤੇ ਹੁਕਮਾਂ ਨੂੰ ਟਿਚ ਜਾਣਦੇ ਹੋਏ ਉਲੰਘਣਾ ਕਰ ਰਹੇ ਹਨ। ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ ਜਲਾਲਾਬਾਦ ਦੇ ਨਜਦੀਕੀ ਪਿੰਡ ਫੱਤੂ ਵਾਲਾ ਦਾ। ਪਿੰਡ ਫੱਤੂ ਵਾਲਾ ਦੇ ਸਰਪੰਚ ਬਲਕਾਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲੋੜਵੰਦ ਪਰਿਵਾਰਾਂ ਨੂੰ ਖੱਜਲ-ਖੁਆਰੀ ਤੋਂ ਬਚਾਉਣ ਲਈ ਇਹ ਹੁਕਮ ਜਾਰੀ ਕੀਤੇ ਗਏ ਸਨ ਕਿ ਲੋੜਵੰਦ ਪਰਿਵਰਾਂ ਦੇ ਘਰ-ਘਰ ਰਾਸ਼ਣ ਪਹੁੰਚਾਇਆ ਜਾਵੇ।

ਪਰ ਅੱਜ ਸਵੇਰ ਤੋਂ ਆਏ ਮਾਰਕਫੇਡ ਦੇ ਕਰਮਚਾਰੀਆਂ ਨੇ ਪਿੰਡ ਦੇ ਗੁਰਦੁਆਰਾ ਸਾਹਿਬ 'ਚ ਪਰਚੀਆਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਉਥੇ ਲੋਕਾਂ ਦਾ ਹਜੂਮ ਲੱਗ ਗਿਆ, ਜਿਨ੍ਹਾਂ 'ਚ ਜਿਆਦਾਤਰ ਬਜ਼ੁਰਗ ਸਨ ਤੇ ਥੋੜ੍ਹੀ ਹੀ ਦੇਰ ਬਾਅਦ ਕਰਮਚਾਰੀ ਕਹਿਣ ਲੱਗੇ ਕਿ ਮਸ਼ੀਨ ਖਰਾਬ ਹੋ ਗਈ ਹੈ ਤੇ ਫਿਰ ਦੂਜੀ ਮਸ਼ੀਨ 'ਤੇ ਪਰਚੀਆਂ ਕਟਣ ਲੱਗ ਪਏ ਤੇ ਫਿਰ ਕਹਿੰਦੇ ਹੁਣ ਰੈਂਜ ਨਹੀ ਆ ਰਹੀ ਤੇ ਸਾਡੇ ਪੁੱਛੇ ਜਾਣ 'ਤੇ ਕਿ ਸਰਕਾਰ ਦਾ ਹੁਕਮ ਹੈ ਕਿ ਘਰ-ਘਰ ਜਾ ਕੇ ਰਾਸ਼ਣ ਵੰਡਣਾ ਹੈ ਤੇ ਕਹਿਣ ਲੱਗੇ ਸਾਡੇ ਕੋਲ ਇਨਾਂ ਟਾਇਮ ਨਹੀ ਹੈ।

# ਪਠਾਨਕੋਟ ਨੂੰ ਵਿਸ਼ੇਸ਼ ਸਨਅਤੀ ਅਤੇ ਵਪਾਰਕ ਪੈਕੇਜ ਦੇਣ ਦੀ ਸੰਭਾਵਨਾ ਲੱਭਾਂਗੇ: ਮੁੱਖ ਮੰਤਰੀ

➢ ਸਰਹੱਦੀ ਕਸਬੇ ਵਿੱਚ ਉਡਾਣਾਂ ਸ਼ੁਰੂ ਕਰਨ ਅਤੇ ਸੈਰ-ਸਪਾਟੇ ਨੂੰ ਹੁਲਾਰਾ ਦੇਣ ਲਈ ਯਤਨ ਕਰਨ ਦਾ ਐਲਾਨ ➢ ਸੰਨੀ ਦਿਓਲ ਦੇ ਸੰਸਦ 'ਚ ਨਾ ਜਾਣ ਅਤੇ ਇਲਾਕੇ ਦੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਨ ਦੀ ਨਿਖੇਧੀ ➢ ਪੰਜਾਬ ਵਿੱਚ ਦੂਜੀ ਸਰਕਾਰ-ਵਪਾਰ ਮਿਲਣੀ ਕਰਵਾਈ ➢ ਸਮਾਜ ਦੇ ਹਰ ਵਰਗ ਦੀ ਭਲਾਈ ਯਕੀਨੀ ਬਣਾਉਣ ਦਾ ਲਿਆ ਅਹਿਦ

**ਪਠਾਨਕੋਟ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਠਾਨਕੋਟ ਜ਼ਿਲ੍ਹੇ ਦੇ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਦਾ ਐਲਾਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸਰਹੱਦੀ ਕਸਬੇ ਨੂੰ ਵਿਸ਼ੇਸ਼ ਉਦਯੋਗਿਕ ਅਤੇ ਵਪਾਰਕ ਪੈਕੇਜ ਦੇਣ ਦੀ ਸੰਭਾਵਨਾ ਤਲਾਸ਼ੇਗੀ। ਮੁੱਖ ਮੰਤਰੀ ਨੇ ਦੂਜੀ ਸਰਕਾਰ-ਵਪਾਰ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪਠਾਨਕੋਟ ਹਵਾਈ ਅੱਡੇ ਤੋਂ ਦਿੱਲੀ ਲਈ ਉਡਾਣਾਂ ਸ਼ੁਰੂ ਕਰਨ ਦਾ ਮੁੱਦਾ ਨਿੱਜੀ ਤੌਰ 'ਤੇ ਭਾਰਤ ਸਰਕਾਰ ਕੋਲ ਉਠਾਉਣਗੇ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿੱਚ ਸੈਰ-ਸਪਾਟਾ ਸਨਅਤ ਨੂੰ ਹੁਲਾਰਾ ਦੇਣ ਲਈ ਪਹਿਲਾਂ ਹੀ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ ਕਿਉਂਕਿ ਇਹ ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ ਅਤੇ ਇਹ ਉਦਯੋਗ ਨੂੰ ਵੱਡਾ ਹੁਲਾਰਾ ਦੇ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਖੇਤਰ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਪੈਕੇਜ ਦੇਣ ਦੀ ਸੰਭਾਵਨਾ ਵੀ ਤਲਾਸ਼ੇਗੀ।





ਭਾਜਪਾ ਆਗੂ ਅਤੇ ਸਥਾਨਕ ਸੰਸਦ ਮੈਂਬਰ ਸੰਨੀ ਦਿਓਲ ਉਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇੱਥੋਂ ਚੁਣੇ ਜਾਣ ਦੇ ਬਾਵਜੂਦ ਉਹ ਪਠਾਨਕੋਟ ਦੀ ਭੂਗੋਲਿਕਤਾ ਤੋਂ ਅਣਜਾਣ ਹੈ ਅਤੇ ਉਹ ਸ਼ਰਤ ਲਾ ਸਕਦੇ ਹਨ ਕਿ ਸੰਨੀ ਦਿਓਲ ਨੂੰ ਇਹ ਪਤਾ ਨਹੀਂ ਹੋਣਾ ਕਿ ਪਠਾਨਕੋਟ ਜ਼ਿਲ੍ਹੇ ਵਿੱਚ ਧਾਰ ਕਲਾਂ ਜਾਂ ਚਮਰੌੜ ਕਿੱਥੇ ਹੈ। ਉਨ੍ਹਾਂ ਕਿਹਾ ਕਿ ਪਠਾਨਕੋਟ ਦੇ ਲੋਕਾਂ ਨੇ ਇਸ ਬਾਲੀਵੁੱਡ ਸਟਾਰ ਨੂੰ ਚੁਣ ਕੇ ਗਲਤੀ ਕੀਤੀ ਹੈ, ਜਿਸ ਦਾ ਲੋਕਾਂ ਅਤੇ ਇਲਾਕੇ ਨਾਲ ਕੋਈ ਸਬੰਧ ਨਹੀਂ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਇਲਾਕੇ ਦੇ ਵਿਕਾਸ ਨੂੰ ਖ਼ਤਰਾ ਪੈਦਾ ਹੋਇਆ ਹੈ ਪਰ ਸੂਬਾ ਸਰਕਾਰ ਇਲਾਕੇ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਮੁੱਖ ਮੰਤਰੀ ਨੇ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਸੰਨੀ ਦਿਓਲ ਨੂੰ ਚੇਤੇ ਕਰਵਾਇਆ ਕਿ ਸਿਆਸਤ ਕੋਈ ਸਵੇਰੇ ਨੌਂ ਤੋਂ ਸ਼ਾਮੀਂ ਪੰਜ ਵਜੇ ਦਾ ਕੰਮ ਨਹੀਂ ਹੈ, ਸਗੋਂ ਸਿਆਸਤਦਾਨ ਨੂੰ ਹਮੇਸ਼ਾ ਲੋਕਾਂ ਲਈ ਉਪਲਬਧ ਹੋਣਾ ਚਾਹੀਦਾ ਹੈ। ਉਨ੍ਹਾਂ ਅਫ਼ਸੋਸ ਜਤਾਇਆ ਕਿ ਲੋਕਾਂ ਦਾ ਚੁਣਿਆ ਨੁਮਾਇੰਦਾ ਸੰਨੀ ਦਿਓਲ ਨਾ ਤਾਂ ਸੰਸਦ ਵਿਚ ਗਿਆ ਅਤੇ ਨਾ ਹੀ ਕਦੇ ਆਪਣੇ ਹਲਕੇ ਦਾ ਦੌਰਾ ਕੀਤਾ। ਭਗਵੰਤ ਸਿੰਘ ਮਾਨ ਨੇ ਵਿਅੰਗ ਕਸਦਿਆਂ ਕਿਹਾ ਕਿ ਫਿਲਮੀ ਦੁਨੀਆ ਦਾ ਚਮਕਦਾ ਸਿਤਾਰਾ ਸਰਹੱਦਾਂ ਤੋਂ ਪਾਰ ਤੱਕ ਗਿਆ ਪਰ ਉਸ ਨੇ ਕਦੇ ਵੀ ਇਸ ਸਰਹੱਦੀ ਖੇਤਰ ਦੇ ਲੋਕਾਂ ਦਾ ਹਾਲ-ਚਾਲ ਨਹੀਂ ਪੁੱਛਿਆ, ਜਿਨ੍ਹਾਂ ਨੇ ਉਸ ਨੂੰ ਚੁਣਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸੂਝਵਾਨ ਲੋਕਾਂ ਨੂੰ ਸੂਬੇ ਤੋਂ ਬਾਹਰੋਂ ਕਿਸੇ ਵੱਡੇ ਨਾਮ ਨੂੰ ਚੁਣਨ ਦੀ ਬਜਾਏ ਅਜਿਹੇ ਵਿਅਕਤੀ ਨੂੰ ਵੋਟ ਪਾਉਣੀ ਚਾਹੀਦੀ ਹੈ, ਜੋ ਸਥਾਨਕ ਹੋਵੇ ਅਤੇ ਲੋਕਾਂ ਲਈ ਹਮੇਸ਼ਾ ਉਪਲਬਧ ਹੋਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਬਹੁਤ ਸਾਰੇ ਸਮਰਪਿਤ ਆਗੂ ਹਨ, ਜੋ ਸੂਬੇ ਦੀ ਸੇਵਾ ਪੂਰੀ ਲਗਨ ਅਤੇ ਤਨਦੇਹੀ ਨਾਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਬਾਹਰੋਂ ਆਏ ਪੈਰਾਸ਼ੂਟ ਲੀਡਰਾਂ ਨੂੰ ਚੁਣਨ ਦੀ ਬਜਾਏ ਇਨ੍ਹਾਂ ਆਗੂਆਂ ਨੂੰ ਹੀ ਵੋਟਾਂ ਪਾਉਣ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ-ਵਪਾਰ ਮਿਲਣੀਆਂ ਦਾ ਉਦੇਸ਼ ਸੂਬੇ ਵਿੱਚ ਵਪਾਰੀ ਭਾਈਚਾਰੇ ਨੂੰ ਦਰਪੇਸ਼ ਸਾਰੇ ਮੁੱਦਿਆਂ ਨੂੰ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਵਪਾਰੀ ਸੂਬੇ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਜਿਸ ਕਾਰਨ ਸੂਬਾ ਸਰਕਾਰ ਨੇ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਇਹ ਇਤਿਹਾਸਕ ਪਹਿਲਕਦਮੀ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨੇਕ ਕਾਰਜ ਦਾ ਮੰਤਵ ਵਪਾਰੀਆਂ ਨੂੰ ਬਰਾਬਰ ਦਾ ਭਾਈਵਾਲ ਬਣਾ ਕੇ ਖੇਤਰ ਵਿੱਚ ਵਪਾਰ ਅਤੇ ਉਦਯੋਗ ਨੂੰ ਹੁਲਾਰਾ ਦੇਣਾ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਇਕ ਹੋਰ ਇਤਿਹਾਸਕ ਪਹਿਲਕਦਮੀ ਕਰਦਿਆਂ 'ਆਪ ਦੀ ਸਰਕਾਰ, ਆਪ ਦੇ ਦੁਆਰ' ਸਕੀਮ ਸ਼ੁਰੂ ਕੀਤੀ ਹੈ, ਜਿਸ ਦਾ ਉਦੇਸ਼ ਸਰਕਾਰ ਨੂੰ ਲੋਕਾਂ ਦੇ ਬੂਹੇ 'ਤੇ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਰਕਾਰਾਂ ਚੰਡੀਗੜ੍ਹ ਤੋਂ ਚਲਦੀਆਂ ਸਨ ਪਰ ਹੁਣ ਪਿੰਡਾਂ ਤੋਂ ਚਲਾਈਆਂ ਜਾ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰੀ ਦਫ਼ਤਰਾਂ ਵਿੱਚ ਕੰਮ ਲਈ ਲੋਕਾਂ ਨੂੰ ਇਕ ਤੋਂ ਦੂਜੀ ਥਾਂ ਘੁੰਮਾਉਣ ਦੇ ਪੁਰਾਣੇ ਰੁਝਾਨ ਦੀ ਬਜਾਏ ਅਫ਼ਸਰਾਂ ਨੂੰ ਫੀਲਡ ਵਿੱਚ ਭੇਜ ਕੇ ਲੋਕਾਂ ਨੂੰ ਅਖ਼ਤਿਆਰ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਤਹਿਤ ਸੂਬਾ ਸਰਕਾਰ ਨੇ ਦਸੰਬਰ 2023 ਵਿੱਚ ਨਾਗਰਿਕਾਂ ਨੂੰ 43 ਮਹੱਤਵਪੂਰਨ ਸੇਵਾਵਾਂ ਮੁਹੱਈਆ ਕਰਨ ਦੀ ਸ਼ੁਰੂਆਤ ਕਰ ਕੇ ਵੱਡੀਆਂ ਸਰਕਾਰੀ ਸੇਵਾਵਾਂ ਘਰ-ਘਰ ਪਹੁੰਚਾਉਣ ਲਈ ਫਲੈਗਸ਼ਿਪ ਸਕੀਮ ਸ਼ੁਰੂ ਕੀਤੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸਕੀਮ ਤਹਿਤ ਨਾਗਰਿਕ 1076 ਨੰਬਰ 'ਤੇ ਕਾਲ ਕਰ ਕੇ ਲੋਕ ਕੰਮ ਲਈ ਆਪਣੀ ਸਹੂਲਤ ਅਨੁਸਾਰ ਸਰਕਾਰੀ ਮੁਲਾਜ਼ਮਾਂ ਨੂੰ ਬੁਲਾ ਸਕਦੇ ਹਨ ਅਤੇ ਅਪਲਾਈ ਕਰ ਸਕਦੇ ਹਨ। ਇਸ ਤਹਿਤ ਨਾਗਰਿਕਾਂ ਨੂੰ ਸਬੰਧਤ ਕੰਮ ਦਾ ਸਰਟੀਫਿਕੇਟ ਵੀ ਘਰੇ ਮਿਲੇਗਾ। ਉਨ੍ਹਾਂ ਕਿਹਾ ਕਿ ਹੁਣ ਇਸ ਤੋਂ ਅੱਗੇ ਜਾ ਕੇ ਸੂਬਾ ਸਰਕਾਰ ਨੇ ਇਕ ਹੋਰ ਅਹਿਮ ਪਹਿਲਕਦਮੀ 'ਆਪ ਕੀ ਸਰਕਾਰ, ਆਪ ਕੇ ਦੁਆਰ' ਤਹਿਤ ਸੂਬੇ ਭਰ ਵਿੱਚ ਕੈਂਪ ਲਾ ਕੇ ਨਾਗਰਿਕਾਂ ਤੱਕ ਪਹੁੰਚ ਕੀਤੀ ਹੈ ਅਤੇ ਸੂਬੇ ਦੀ ਹਰ ਤਹਿਸੀਲ ਵਿੱਚ ਰੋਜ਼ਾਨਾ ਚਾਰ ਕੈਂਪ ਲਗਾਏ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਸਮਝੌਤਿਆਂ ਦੀ ਉਲੰਘਣਾ ਕਰਨ ਵਾਲੇ ਟੋਲ ਪਲਾਜ਼ਿਆਂ ਨੂੰ ਬੰਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਵੱਡੀ ਸਹੂਲਤ ਮਿਲੀ ਹੈ ਕਿਉਂਕਿ ਉਨ੍ਹਾਂ ਨੂੰ ਇਨ੍ਹਾਂ ਟੋਲ ਪਲਾਜ਼ਿਆਂ 'ਤੇ ਭਾਰੀ ਪੈਸਾ ਦੇਣਾ ਪੈਂਦਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਇੱਕੋ-ਇੱਕ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸੂਬੇ ਵਿੱਚ ਆਉਣ-ਜਾਣ ਸਮੇਂ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਦੁਹਰਾਇਆ ਕਿ ਸੂਬਾ ਸਰਕਾਰ ਨੇ ਵੱਖ-ਵੱਖ ਰੰਗਾਂ ਵਾਲੇ ਸਟੈਂਪ ਪੇਪਰਾਂ ਦੀ ਸ਼ੁਰੂਆਤ ਕਰ ਕੇ ਨਿਵੇਕਲੀ ਪਹਿਲਕਦਮੀ ਕੀਤੀ ਹੈ, ਜੋ ਸੂਬੇ ਵਿੱਚ ਉਦਯੋਗਿਕ ਕ੍ਰਾਂਤੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਵੱਲ ਇੱਕ ਕਦਮ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਅਜਿਹਾ ਪਹਿਲਾ ਸੂਬਾ ਹੈ, ਜਿਸ ਨੇ ਉੱਦਮੀਆਂ ਨੂੰ ਆਪਣੇ ਯੂਨਿਟ ਸਥਾਪਤ ਕਰਨ ਲਈ ਹਰੇ ਰੰਗ ਦੇ ਸਟੈਂਪ ਪੇਪਰ ਜਾਰੀ ਕੀਤੇ ਹਨ, ਜਿਸ ਨਾਲ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਲੋੜੀਂਦਾ ਹੁਲਾਰਾ ਮਿਲੇਗਾ। ਉਨ੍ਹਾਂ ਨੇ ਇਸ ਨੂੰ ਕ੍ਰਾਂਤੀਕਾਰੀ ਕਦਮ ਦੱਸਿਆ, ਜਿਸ ਦਾ ਉਦੇਸ਼ ਸੂਬੇ ਵਿੱਚ ਆਪਣੀਆਂ ਇਕਾਈਆਂ ਸਥਾਪਤ ਕਰਨ ਦੇ ਚਾਹਵਾਨ ਉੱਦਮੀਆਂ ਲਈ ਕਾਰੋਬਾਰ ਕਰਨ ਦੀ ਸੌਖ ਯਕੀਨੀ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਵਪਾਰੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਨੌਕਰੀਆਂ ਮੁਹੱਈਆ ਕਰਦੇ ਹਨ, ਜਿਸ ਕਾਰਨ ਉਹ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਪਾਰੀਆਂ ਦੀ ਸਹੂਲਤ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ, ਜਿਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਪਾਰੀਆਂ ਵੱਲੋਂ ਸੂਬੇ ਨੂੰ ਟੈਕਸ ਵਜੋਂ ਦਿੱਤੇ ਪੈਸੇ ਦੀ ਲੋਕਾਂ ਦੀ ਭਲਾਈ ਲਈ ਯੋਗ ਵਰਤੋਂ ਕੀਤੀ ਜਾਵੇਗੀ।

# ਮੈਡੀਕਲ ਚੈੱਕਅਪ ਕੈਂਪ 'ਚ 85 ਮਰੀਜ਼ਾਂ ਦੀ ਕੀਤੀ ਜਾਂਚ



**ਜਲਾਲਾਬਾਦ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਾਂਧੀ ਨਗਰ ਵਿਖੇ ਪਰਸਵਾਰਥ ਸਭਾ ਵਲੋਂ ਚੱਲ ਰਹੀ ਡਿਸਪੈਂਸਰੀ 'ਚ ਅੱਜ ਮੈਡੀਕਲ ਚੈੱਕਅਪ ਕੈਂਪ ਦੌਰਾਨ ਡਾ. ਓਮ ਪ੍ਰਕਾਸ਼ ਕੰਬੋਜ ਨੇ ਮਰੀਜ਼ਾ ਦਾ ਚੈੱਕਅਪ ਕੀਤਾ ਤੇ ਮੁਫ਼ਤ ਦਵਾਇਆਂ ਦਿੱਤੀਆਂ ਗਈਆਂ। ਸਭਾ ਦੇ ਆਹੁਦੇਦਾਰ ਸੁਰੇਸ਼ ਚੌਹਾਨ ਨੇ ਦੱਸਿਆ ਕਿ ਅੱਜ 85 ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਹਨ।ਇਸ ਮੌਕੇ ਪਰਸਵਾਰਥ ਸਭਾ ਦੇ ਆਹੁਦੇਦਾਰ ਸਰਪ੍ਰਸਤ ਅਨਿਲਦੀਪ ਨਾਗਪਾਲ, ਪ੍ਰਧਾਨ ਵਿਜੇ ਬਾਘਲਾ, ਮੀਤ ਪ੍ਰਧਾਨ ਗੁਰਚਰਨ ਕਮੀਰਿਆ, ਖਜਾਨਚੀ ਸੁਰੇਸ਼ ਚੌਹਾਣ, ਜਸਰਾਜ ਭਠੇਜਾ, ਮੈਡਮ ਰਮਨ, ਰੌਬਿਨ ਵਾਟਸ, ਰਾਮੇਸ਼ ਰਾਠੀ, ਮਾਨਿਕ ਚੌਹਾਨ ਆਦਿ ਹਾਜ਼ਰ ਸਨ ।

# ਪਰਿਵਾਰ ਨੇ ਸੜਕ 'ਤੇ ਲਾਸ਼ ਰੱਖ ਕੇ ਆਵਾਜਾਈ ਰੋਕੀ

**ਗੁਰਦਾਸਪੁਰ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬੱਬੇਹਾਲੀ ਦੇ ਇੱਕ ਸੈਲੂਨ ਵਿੱਚ ਕੰਮ ਕਰਦੇ ਨੌਜਵਾਨ ਸੁਨੀਲ ਮਸੀਹ (23) ਉਰਫ਼ ਦੀਪੂ ਪੁੱਤਰ ਸਲਾਮਤ ਮਸੀਹ ਦੀ ਲਾਸ਼ ਨਹਿਰ ਦੇ ਪੁਲ ਨੇੜੇ ਭੇਤਭਰੀ ਹਾਲਤ ਵਿੱਚ ਮਿਲੀ ਹੈ।

ਸੁਨੀਲ ਪਿੰਡ ਮੁਸਤਫਾਬਾਦ ਜੱਟਾਂ ਦਾ ਰਹਿਣ ਵਾਲਾ ਸੀ। ਪੁਲੀਸ ਨੇ ਤਿੰਨ ਨੌਜਵਾਨਾਂ ਨੂੰ ਇਸ ਮਾਮਲੇ ਵਿੱਚ ਨਾਮਜ਼ਦ ਕੀਤਾ ਹੈ।ਸੁਨੀਲ ਮਸੀਹ ਦੀ ਮਾਂ ਊਸ਼ਾ ਨੇ ਦੱਸਿਆ ਕਿ ਸੁਨੀਲ ਨੂੰ ਸ਼ਨਿਚਰਵਾਰ ਸ਼ਾਮ 5:30 ਵਜੇ ਕਿਸੇ ਦਾ ਫ਼ੋਨ ਆਇਆ ਸੀ, ਜਿਸ ਮਗਰੋਂ ਉਹ ਬਾਹਰ ਚਲਾ ਗਿਆ।

# ਹਰਜੋਤ ਬੈਂਸ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਨਤਮਸਤਕ ਹੋ ਮੈਗਾ ਸਫ਼ਾਈ ਮੁਹਿੰਮ ਦੀ ਕੀਤੀ ਸ਼ੁਰੂਆਤ

**➢ ਵੱਖ ਵੱਖ ਵਿਭਾਗਾਂ ਦੀਆਂ ਜਿੰਮੇਵਾਰੀਆਂ ਨਿਰਧਾਰਤ ਹਲਕਾ ਸ੍ਰੀ ਅਨੰਦਪੁਰ ਸਾਹਿਬ ਨੂੰ ਮੁਕੰਮਲ ਗੰਦਗੀ ਮੁਕਤ ਰੱਖਣ ਲਈ ਮੁਹਿੰਮ ਸੁਰੂ ➢ ਮੰਤਰੀ ਨੇ ਖ਼ੁੱਦ ਝਾੜੂ ਲਗਾ ਕੇ ਕੀਤੀ ਸੁਰੂਆਤ, ਰੰਗ ਰੋਗਨ ਦਾ ਕੰਮ ਕਰਵਾਇਆ ਅਰੰਭ**



ਸ੍ਰੀ ਅਨੰਦਪੁਰ ਸਾਹਿਬ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹੋਲਾ ਮਹੱਲਾ ਤਿਉਹਾਰ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਚ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸਮੁੱਚੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਨੂੰ ਸਰਸਾ ਨੰਗਲ ਤੋਂ ਨੰਗਲ ਤੱਕ ਮੁਕੰਮਲ ਤੌਰ ਤੇ ਗੰਦਗੀ ਮੁਕਤ ਕੀਤਾ ਜਾਵੇਗਾ, ਇਸ ਦੇ ਲਈ ਅੱਜ ਵਿਆਪਕ ਸਫਾਈ ਮੁਹਿੰਮ ਦੀ ਸੁਰੂਆਤ ਤਖਤ ਸ੍ਰੀ ਕੇਸਗੜ ਸਾਹਿਬ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਆਸੀਰਵਾਦ ਲੈ ਕੇ ਅਰੰਭ ਕਰ ਦਿੱਤੀ ਹੈ, ਜਿਸ ਵਿੱਚ ਬਾਬਾ ਭੂਰੀ ਵਾਲਿਆਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ। ਇਸ ਮੁਹਿੰਮ ਤਹਿਤ ਸਮੁੱਚੇ ਇਲਾਕੇ ਦੀ ਸਫਾਈ ਅਤੇ ਗੁਰੂ ਨਗਰੀ ਦੀਆਂ ਅੰਦਰੂਨੀ ਸੜਕਾਂ ਦੇ ਫੁੱਟਪਾਥ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਆਉਣ ਜਾਣ ਵਾਲੇ ਮਾਰਗਾਂ ਦੇ ਗੇਟ, ਗਰਿੱਲ, ਰੰਗ, ਰੋਗਨ ਕਰਨ ਦਾ ਵਿਆਪਕ ਪ੍ਰੋਗਰਾਮ ਉਲੀਕਿਆ ਹੈ।

ਇਹ ਜਾਣਕਾਰੀ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ਅੱਜ ਤਖਤ ਸ੍ਰੀ ਕੇਸਗੜ ਸਾਹਿਬ ਨਤਮਸਤਕ ਹੋਣ ਉਪਰੰਤ ਗੁਰਦੁਆਰਾ ਸਾਹਿਬ ਨੇੜੇ ਹੈਡ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ ਜੀ ਵੱਲੋਂ ਕੀਤੀ ਅਰਦਾਸ ਉਪਰੰਤ ਸਫਾਈ ਮੁਹਿੰਮ ਸੁਰੂ ਕਰਨ ਮੌਕੇ ਦਿੱਤੀ। ਉਨ੍ਹਾਂ ਨੇ ਕਿਹਾ ਕਿ ਪ੍ਰਸਾਸ਼ਨ ਅਤੇ ਵੱਖ ਵੱਖ ਵਿਭਾਗਾ ਵੱਲੋਂ ਲਗਾਤਾਰ ਆਪਣੀਆਂ ਨਿਰਧਾਰਤ ਜਿੰਮੇਵਾਰੀਆਂ ਨਿਭਾਈਆਂ ਜਾ ਰਹੀਆਂ ਹਨ, ਇਸ ਦੇ ਬਾਵਜੂਦ ਇੱਕ ਵਿਆਪਕ ਸਫਾਈ ਅਭਿਆਨ ਅੱਜ ਤੋ ਚਲਾਇਆ ਗਿਆ ਹੈ, ਜਿਸ ਵਿਚ ਬਾਬਾ ਭੂਰੀ ਵਾਲਿਆਂ ਦੇ ਮਾਨਯੋਗ ਬਾਬਾ ਸੁਖਵਿੰਦਰ ਸਿੰਘ (ਬਾਬਾ ਸੁੱਖਾ) ਆਪਣੇ ਸੇਵਾਦਾਰਾ ਸਮੇਤ ਸ਼ਾਮਿਲ ਹੋਏ ਹਨ। ਇਸ ਮੁਹਿੰਮ ਵਿੱਚ ਕੌਂਸਲਰ, ਪੰਚ, ਸਰਪੰਚ, ਯੂਥ ਕਲੱਬ, ਸਮਾਜ ਸੇਵੀ ਸੰਗਠਨ, ਧਾਰਮਿਕ ਸੰਗਠਨ, ਮਹਿਲਾ ਮੰਡਲ ਅਤੇ ਵੱਖ ਵੱਖ ਧਰਮਾਂ ਦੇ ਪ੍ਰਤੀਨਿਧੀ ਵਿਸੇਸ਼ ਤੌਰ ਤੇ ਸਹਿਯੋਗ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਸਾਝਾ ਉਪਰਾਲਾ ਸਾਡੀ ਭਾਈਚਾਰਕ ਸਾਝ ਦਾ ਪ੍ਰਤੀਕ ਹੈ, ਅਤਿ ਆਧੁਨਿਕ ਮਸ਼ੀਨਰੀ ਨਾਲ ਇਲਾਕੇ ਦੇ ਸ਼ਹਿਰਾ ਤੇ ਪਿੰਡਾਂ ਦੀ ਸਫਾਈ ਸੜਕਾਂ ਨੂੰ ਸਾਫ ਸੁਥਰਾ ਰੱਖਣਾਂ, ਰੁੱਖਾਂ ਦੀ ਕਟਾਈ, ਛਟਾਈ, ਧੁਲਾਈ, ਨਗਰ ਦੁਆਰ ਤੇ ਬਣੇ ਸਵਾਗਤੀ ਗੇਟ, ਗਰਿੱਲਾ ਤੇ ਵਰਮਾ ਨੂੰ ਰੰਗ ਰੋਗਨ ਕਰਨਾ, ਸਾਰੇ ਇਲੈਕਟ੍ਰੀਕਲ ਪੋਲਾਂ ਤੇ ਲੱਗੇ ਪੋਸਟਰ, ਬੈਨਰ ਹਟਾਉਣ ਦਾ ਕੰਮ ਸੂਰੂ ਹੋ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸ਼ਹਿਰ ਦੀਆਂ ਡਰੇਨਾਂ ਦੀ ਸਫਾਈ, ਸੀਵਰੇਜ ਦੀ ਸਫਾਈ, ਜਲ ਨਿਕਾਸੀ ਦੇ ਪ੍ਰਬੰਧ, ਪਾਰਕਾਂ ਨੂੰ ਸਾਫ ਸੁਥਰਾ ਰੱਖਣ ਅਤੇ ਗੁਰੂ ਘਰਾਂ ਨੂੰ ਜਾਣ ਵਾਲੇ ਮਾਰਗਾਂ ਦੀ ਸਾਫ ਸਫਾਈ ਤੇ ਵਿਸੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਇਸ ਤੋ ਪਹਿਲਾ ਕੈਬਨਿਟ ਮੰਤਰੀ ਹਰਜੋਤ ਬੈਂਸ ਸਿੰਘ ਨੇ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਅਮਰਜੀਤ ਸਿੰਘ ਚਾਵਲਾ ਐਸ.ਜੀ.ਪੀ.ਸੀ ਮੈਂਬਰ, ਗੁਰਪ੍ਰੀਤ ਸਿੰਘ ਰੋੜੇ ਮੈਨੇਜਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਹਰਦੇਵ ਸਿੰਘ ਵਧੀਕ ਮੈਨੇਜਰ,ਹਰਪ੍ਰੀਤ ਸਿੰਘ ਸੂਚਨਾ ਅਫਸਰ ਅਤੇ ਹੋਰ ਅਹੁਦੇਦਾਰਾ ਨਾਲ ਮੀਟਿੰਗ ਕੀਤੀ ਅਤੇ ਸਰਕਾਰ ਤੇ ਪ੍ਰਸਾਸ਼ਨ ਵੱਲੋਂ ਹੋਲਾ ਮਹੱਲਾ ਦੌਰਾਨ ਕੀਤੇ ਜਾਣ ਵਾਲੇ ਪ੍ਰਬੰਧਾਂ ਤੇ ਅਗਾਓ ਤਿਆਰੀਆਂ ਬਾਰੇ ਵਿਚਾਰ ਵਟਾਦਰਾਂ ਕੀਤਾ ਅਤੇ ਦੱਸਿਆ ਕਿ ਸਮੁੱਚੇ ਹਲਕੇ ਵਿੱਚ ਇਹ ਵਿਆਪਕ ਸਫਾਈ ਮੁਹਿੰਮ ਸੁਰੂ ਹੋ ਰਹੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਉਹ ਬਹੁਤ ਭਾਗਾ ਵਾਲੇ ਹਨ ਜਿਨ੍ਹਾਂ ਨੂੰ ਇਸ ਪਵਿੱਤਰ ਗੁਰੂ ਸਹਿਬਾਨ ਦੀ ਚਰਨ ਛੋਹ ਪ੍ਰਾਪਤ ਮੁਕੱਦਸ ਧਰਤੀ ਦੀ ਸੇਵਾ ਦਾ ਮੌਕਾ ਮਿਲਿਆ ਹੈ, ਸਮੁੱਚਾ ਇਲਾਕਾ ਧਾਰਮਿਕ ਸਥਾਨਾ ਨਾਲ ਘਿਰਿਆ ਹੋਇਆ ਹੈ, ਜਿੱਥੇ ਲੋਕ ਬਹੁਤ ਹੀ ਸ਼ਰਧਾ ਨਾਲ ਨਤਮਸਤਕ ਹੋਣ ਲਈ ਆਉਂਦੇ ਹਨ। ਸਾਡਾ ਸਭ ਦਾ ਇਹ ਫਰਜ਼ ਹੈ ਕਿ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰੀਏ ਅਤੇ ਇਲਾਕੇ ਤੇ ਸਮੁੱਚੇ ਵਾਤਾਵਰਣ ਨੂੰ ਹਰਿਆ ਭਰਿਆ, ਸਾਫ ਸੁਥਰਾ ਬਣਾਈਏ। ਇਸ ਮੌਕੇ ਬਾਬਾ ਸੁਖਵਿੰਦਰ ਸਿੰਘ (ਬਾਬਾ ਸੁੱਖਾ) ਨੇ ਦੱਸਿਆ ਕਿ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਵੱਲੋਂ ਧਾਰਮਿਕ ਅਸਥਾਨਾ ਤੇ ਇਹ ਸੇਵਾ ਸੰਭਾਲੀ ਜਾ ਰਹੀ ਹੈ, ਪਿਛਲੇ ਕਈ ਵਰਿਆਂ ਤੋ ਹੋਲਾ ਮਹੱਲਾ ਮੌਕੇ ਉਨ੍ਹਾਂ ਦੇ ਸੇਵਾਦਾਰ ਇਸ ਮੁਹਿੰਮ ਵਿਚ ਬਹੁਤ ਹੀ ਉਤਸ਼ਾਹ ਨਾਲ ਸਾਮਿਲ ਹੁੰਦੇ ਹਨ, ਇਹ ਮੁਹਿੰਮ ਨਿਰੰਤਰ ਹੋਲਾ ਮਹੱਲਾ ਉਪਰੰਤ ਵੀ ਜਾਰੀ ਰਹੇਗੀ।

ਅੱਜ ਇਸ ਮੈਗਾ ਸਫਾਈ ਮੌਕੇ ਹਰਜੋਤ ਕੌਰ ਪੀ.ਸੀ.ਐਸ ਉਪ ਮੰਡਲ ਮੈਜਿਸਟ੍ਰੇਟ, ਅਮਰਦੀਪ ਸਿੰਘ ਗੁਜਰਾਲ ਵਧੀਕ ਡਿਪਟੀ ਕਮਿਸ਼ਨਰ (ਵਿ), ਬਾਬਾ ਅਮਰਜੀਤ ਸਿੰਘ ਜੀ ਭੂਰੀ ਵਾਲੇ, ਬਾਬਾ ਸੁਖਵਿੰਦਰ ਸਿੰਘ (ਬਾਬਾ ਸੁੱਖਾ), ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ, ਤਹਿਸੀਲਦਾਰ ਸੰਦੀਪ ਕੁਮਾਰ, ਨਾਇਬ ਤਹਿਸੀਲਦਾਰ ਵਿਕਾਸਦੀਪ, ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਜਸਵੀਰ ਅਰੋੜਾ ਪ੍ਰਧਾਨ ਜਿਲ੍ਹਾ ਵਪਾਰ ਮੰਡਲ, ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ, ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ, ਜਸਪ੍ਰੀਤ ਜੇ.ਪੀ, ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ, ਦਵਿੰਦਰ ਸਿੰਘ ਸਿੱਧੂ ਬਲਾਕ ਪ੍ਰਧਾਨ ਹਾਜ਼ਰ ਸਨ।

# ਪ੍ਰੋ.ਫ਼ੈਸਰ ਗੁਰਬਖਸ਼ੀਸ਼ ਸਿੰਘ ਅੰਟਾਲ ਨੂੰ ਮਿਲਿਆ ਵਿਸ਼ੇਸ਼ ਸਨਮਾਨ



ਪ੍ਰੋ.ਗੁਰਬਖਸ਼ੀਸ਼ ਸਿੰਘ ਅੰਟਾਲ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕਰਦੇ ਹੋਏ ਪਰਮਵੀਰ ਸਿੰਘ ਮੱਤੇਵਾਲ, ਮਨੋਜ਼ ਕੁਮਾਰ,ਰਾਮ ਸਰੂਪ, ਨਰਿੰਦਰ ਢੀਂਡਸਾ ਤੇ ਹੋਰ।

ਪਟਿਆਲਾ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਤਕਨੀਕੀ ਸਿੱਖਿਆ ਸੰਸਥਾਂ ਵੱਲੋਂ ਹਰਪਾਲ ਟਿਵਾਣਾ ਕਲਾ ਕੇਂਦਰ ਪਟਿਆਲਾ ਵਿਖੇ ਆਯੋਜਿਤ ਅੰਤਰ ਤਕਨੀਕੀ ਯੁਵਕ ਮੇਲੇ ਦੌਰਾਨ ਨਿਭਾਈਆਂ ਸ਼ਲਾਘਾਯੋਗ ਸੇਵਾਵਾਂ ਲਈ ਕਾਰਜਕਾਰੀ ਮੈਂਬਰ ਪੀ.ਟੀ.ਆਈ.ਐਸ ਪ੍ਰੋਫੈਸਰ ਗੁਰਬਖਸ਼ੀਸ਼ ਸਿੰਘ ਅਨਟਾਲ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਇਹ ਸਨਮਾਨ ਪੀ.ਟੀ.ਆਈ.ਐਸ ਦੇ ਪ੍ਰਧਾਨ ਪਰਮਵੀਰ ਸਿੰਘ ਮੱਤੇਵਾਲ ਪ੍ਰਿੰਸੀਪਲ ਮਾਈ ਭਾਗੋ ਸਰਕਾਰੀ ਬਹੁ ਤਕਨੀਕੀ ਕਾਲਜ ਅਮ੍ਰਿਤਸਰ ਨੇ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਸੁਰੇਸ਼ ਕੁਮਾਰ, ਪ੍ਰਿੰਸੀਪਲ ਮਨੋਜ ਕੁਮਾਰ ਜਾਬਲਾ, ਸਕੱਤਰ ਜਨਰਲ ਪੀ.ਟੀ.ਆਈ. ਐਸ ਰਾਮ ਸਰੂਪ ਅਤੇ ਪ੍ਰੋਫੈਸਰ ਨਰਿੰਦਰ ਸਿੰਘ ਢੀਂਡਸਾ ਹਾਜ਼ਰ ਸਨ।

# ਗੁਰਜੰਟ ਸਿੰਘ ਸਿਵੀਆਂ ਨੂੰ ਸ਼ਡਿਊਲ ਕਾਸਟ ਲੈਂਡ ਡਿਵੈਲਪਮੈਂਟ ਅਤੇ ਫਾਈਨੈਂਸ ਕਾਰਪੋਰੇਸ਼ਨ ਦਾ ਵਾਈਸ ਚੇਅਰਮੈਨ ਲਗਾਉਂਣ ਤੇ ਦਿੱਤੀਆਂ ਵਾਧਾਈਆਂ



ਬਠਿੰਡਾ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਗੁਰਜੰਟ ਸਿੰਘ ਸਿਵੀਆਂ ਜੌਂ ਕੇ ਪਾਰਟੀ ਦੇ ਲਈ ਬਹੁਤ ਮਿਹਨਤ ਕਰਨ ਵਾਲੇ ਅਤੇ ਬਠਿੰਡਾ ਜਿਲੇ ਦੇ ਪ੍ਰਧਾਨ ਦੇ ਆਹੁਦੇ ਤੇ ਰਹਿੰਦਿਆਂ ਪਾਰਟੀ ਵਾਸਤੇ ਦਿਨ ਰਾਤ ਇੱਕ ਕਰਕੇ ਆਪਣੀ ਇਕ ਵੱਖਰੀ ਪਹਿਚਾਣ ਅਤੇ ਇਮਾਨਦਾਰ ਛਵੀ ਬਣਾਉਣ ਵਿੱਚ ਕਾਮਯਾਬ ਰਹਿਣ ਵਾਲੇ ਸਰਦਾਰ ਗੁਰਜੰਟ ਸਿੰਘ ਸਿਵੀਆਂ ਨੂੰ

ਪੰਜਾਬ ਸ਼ਡਿਊਲ ਕਾਸਟ ਲੈਂਡ ਡਿਵੈਲਪਮੈਂਟ ਅਤੇ ਫਾਈਨੈਂਸ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਲਗਾ ਕੇ ਓਹਨਾ ਦੇ ਮਾਨ ਸਨਮਾਨ ਵਿੱਚ ਜਿੱਥੇ ਵਾਧਾ ਕੀਤਾ ਗਿਆ ਉੱਥੇ ਹੀ ਓਹਨਾ ਨੂੰ ਇਕ ਪੰਜਾਬ ਪੱਧਰ ਦੀ ਵੱਡੀ ਜਿੰਮੇਵਾਰੀ ਵੀ ਦਿੱਤੀ ਗਈ।

ਇਸ ਦੇ ਨਾਲ ਆਮ ਆਦਮੀ ਪਾਰਟੀ ਦੇ ਜਿਲ੍ਹਾ ਮੀਡੀਆ ਇੰਚਾਰਜ ਸਰਦਾਰ ਬਲਕਾਰ ਸਿੰਘ ਭੋਖੜਾ ਜੀ ਨੂੰ ਪੰਜਾਬ ਮੰਡੀਕਰਨ ਬੋਰਡ ਦਾ ਮੈਂਬਰ ਬਣਾ ਕੇ ਪਾਰਟੀ ਨੇ ਵਰਕਰਾ ਨੂੰ ਬਹੁਤ ਮਾਣ ਬਖਸਿਆ ਹੈ।

ਇਸ ਮੌਕੇ ਤੇ ਜਿਥੇ ਪੂਰੇ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਵਰਕਰਾਂ, ਅਹੁਦੇਦਾਰਾਂ ਨੇ ਓਹਨਾ ਨੂੰ ਵਧਾਈਆਂ ਦਿੱਤੀਆਂ ਓਥੇ ਹੀ ਆਮ ਆਦਮੀਂ ਪਾਰਟੀ ਦੇ ਬਲਾਕ ਪ੍ਰਧਾਨ ਰਜਨੀਸ਼ ਕੁਮਾਰ ਰਾਜੂ ਅਤੇ ਨਗਰ ਕੌਂਸਲ ਗੋਨੇਆਣਾ ਦੇ ਪ੍ਰਧਾਨ ਕਸ਼ਮੀਰੀ ਲਾਲ ਗਰਗ ਨੇ ਓਹਨਾ ਨੂੰ ਗੁਲਦਸਤਾ ਭੇਂਟ ਕੀਤਾ ਅਤੇ ਓਹਨਾਂ ਦਾ ਮੂੰਹ ਮਿੱਠਾ ਕਰਵਾਕੇ ਓਹਨਾ ਦੇ ਚੰਗੇ ਭਵਿੱਖ ਵਾਸਤੇ ਸ਼ੁੱਭ ਕਾਮਨਾਵਾਂ ਦਿੱਤੀਆਂ

ਇਸ ਮੌਕੇ ਓਹਨਾ ਦੇ ਨਾਲ ਬੂਟਾ ਸਿੰਘ ਸਿਵੀਆਂ, ਰਾਮ ਸਿੰਘ ਨੇਹੀਆਂ ਵਾਲਾ, ਹਰਪ੍ਰੀਤ ਸਿੰਘ ਪ੍ਰਧਾਨ ਟਰੱਕ ਯੂਨੀਅਨ, ਸੋਨੀ ਜਵੰਧਾ, ਲਖਵਿੰਦਰ ਸਿੰਘ ਲੱਖਾ ਆਦਿ ਹਾਜਰ ਸਨ।

# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦਾ 16ਵਾਂ ਸਾਲਾਨਾ ਪ੍ਰੋਗਰਾਮ ਅੱਜ, ਸਾਰੀਆਂ ਤਿਆਰੀਆਂ ਮੁਕੰਮਲ: ਪਵਨ ਗੁਪਤਾ

**ਸ਼ੰਕਰਾਚਾਰੀਆ ਵਾਸੂਦੇਵਾਨੰਦ ਮਹਾਰਾਜ ਅਤੇ ਰਿਤੇਸ਼ਵਰਾਨੰਦ ਮਹਾਰਾਜ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਪੁੱਜੇ ਪਟਿਆਲਾ**



ਪਟਿਆਲਾ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦਾ 16ਵਾਂ ਸਲਾਨਾ ਸਮਾਗਮ ਅੱਜ ਪਟਿਆਲਾ ਦੇ ਸ਼੍ਰੀ ਕਾਲੀ ਮਾਤਾ ਮੰਦਿਰ ਵਿਖੇ ਹੋਣ ਜਾ ਰਿਹਾ ਹੈ, ਜਿਸ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਪ੍ਰੋਗਰਾਮ ਵਾਲੀ ਥਾਂ ਦਾ ਦੌਰਾ ਕਰਨ ਉਪਰੰਤ ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਪਵਨ ਕੁਮਾਰ ਗੁਪਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਹੋਣ ਜਾ ਰਹੇ ਇਸ ਵਿਸ਼ਾਲ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਬਦਰੀਨਾਥ ਸਥਿਤ ਜੋਤਿਸ਼ ਪੀਠ ਦੇ ਸ਼ੰਕਰਾਚਾਰੀਆ ਵਾਸੂਦੇਵਾਨੰਦ ਮਹਾਰਾਜ ਅਤੇ ਸਵਾਮੀ ਰਿਤੇਸ਼ਵਰਾਨੰਦ ਮਹਾਰਾਜ ਜੀ ਮਹਾਰਾਜ ਪਟਿਆਲਾ ਪਹੁੰਚੇ ਗਏ ਹਨ ਅਤੇ ਹੋਰ ਵੀ ਸੰਤ ਮਹਾਤਮਾ ਪ੍ਰੋਗਰਾਮ ਵਾਲੀ ਥਾਂ *ਤੇ ਪਹੁੰਚ ਰਹੇ ਹਨ। ਪਵਨ ਕੁਮਨ ਗੁਪਤਾ ਨੇ ਦੱਸਿਆ ਕਿ ਵੱਖ ਵੱਖ ਰਾਜਾਂ ਤੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਆਗੂ ਅਤੇ ਵਰਕਰ ਪਟਿਆਲਾ ਪਹੁੰਚ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਅੱਜ ਹੋਣ ਵਾਲੇ ਇਸ ਪ੍ਰੋਗਰਾਮ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਸ਼ੰਕਰਾਚਾਰੀਆ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਪ੍ਰਵਚਨਾਂ ਦਾ ਲਾਭ ਉਠਾਉਣਗੇ, ਉਥੇ ਹੀ ਵੱਖ ਵੱਖ ਅਖਾੜਿਆਂ ਤੋਂ ਪਹੁੰਚੇ ਮਹਾਤਮਾ, ਮਹਾਂ ਮੰਡਲੇਸ਼ਵਰ ਅਤੇ ਹੋਰ ਸੰਤ ਆਦਿ ਆਪਣੇ ਪ੍ਰਵਚਨਾਂ ਨਾਲ ਸਨਾਤਨੀਆਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸੰਗਤਾਂ ਲਈ ਦੇਸੀ ਘਿਓ ਦੇ ਵੱਖ ਵੱਖ ਪ੍ਰਕਾਰ ਦੇ ਪਕਵਾਨ ਅਤੇ ਲੰਗਰ ਅਟੁੱਟ ਵਰਤਾਏ ਜਾਣਗੇ।

# ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦਾ ਜੇਈ ਤੇ ਕਲਰਕ 50,000 ਰੁਪਏ ਰਿਸ਼ਵਤ ਲੈਂਦੇ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਵਿਖੇ ਤਾਇਨਾਤ ਜਗਜੀਤ ਸਿੰਘ, ਜੂਨੀਅਰ ਇੰਜੀਨੀਅਰ ਅਤੇ ਸੰਜੀਵ ਕੁਮਾਰ, ਵਿੱਕਰੀ ਕਲਰਕ, ਦੋਵਾਂ ਨੂੰ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਹ ਪ੍ਰਗਟਾਵਾ ਕਰਦਿਆਂ ਅੱਜ ਇਥੇ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਕਰਮਚਾਰੀਆਂ ਨੂੰ ਇੰਦਰਜੀਤ ਸਿੰਘ, ਨਵਾਂ ਕੋਟ, ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਅੰਮ੍ਰਿਤਸਰ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਕਰਮਚਾਰੀ ਰੇਲਵੇ ਲਿੰਕ ਰੋਡ, ਅੰਮ੍ਰਿਤਸਰ ਵਿਖੇ ਇੱਕ ਪਲਾਟ ਦੀ ਮਾਲਕੀ ਸਬੰਧੀ ਕੋਈ ਇਤਰਾਜ਼ ਨਹੀਂ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕਰਨ ਦੇ ਬਦਲੇ 50,000 ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਹੇ ਹਨ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਅੰਮ੍ਰਿਤਸਰ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਜਿਸ ਵਿੱਚ ਜੇਈ ਜਗਜੀਤ ਸਿੰਘ ਅਤੇ ਕਲਰਕ ਸੰਜੀਵ ਕੁਮਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਜਾਰੀ ਹੈ।

# ਸਰਕਾਰੀ ਆਈ.ਟੀ.ਆਈ ਲੜਕਿਆਂ ਵਿਖੇ ਨੌਜਵਾਨਾਂ ਨੂੰ ਫੋਜ ਵਿਚ ਅਗਨੀ ਵੀਰ ਭਰਤੀ ਲਈ ਕੀਤਾ ਜਾਗਰੂਕ



ਸਰਕਾਰੀ ਆਈ ਟੀ ਆਈ ਲੜਕਿਆਂ ਵਿਖੇ ਮੇਜਰ ਮੱਥੂ ਨੋਜਵਾਨਾਂ ਨੂੰ ਅਗਨੀ ਵੀਰ ਵਿਚ ਭਰਤੀ ਹੋਣ ਲਈ ਜਾਗਰੂਕ ਕਰਦੇ ਹੋਏ।

ਪਟਿਆਲਾ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਆਈ ਟੀ ਆਈ ਲੜਕੀਆਂ ਵਿਖੇ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ ਦੀ ਸਰਪ੍ਰਸਤੀ ਅਤੇ ਐਨ ਸੀ ਸੀ ਦੇ ਗਰੁੱਪ ਹੈਡਕੁਆਰਟਰ ਬ੍ਰਿਗੇਡੀਅਰ ਰਾਹੁਲ ਗੁਪਤਾ ਅਤੇ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ ਦੇ ਕਮਾਡਿੰਗ ਅਫ਼ਸਰ ਸੰਦੀਪ ਰੋਅਏ, ਕਰਨਲ ਜੇ ਐਸ ਆਹਲੂਵਾਲੀਆ ਹੇਠ ਐਨ ਸੀ ਸੀ ਕੈਡਿਟਸ ਅਤੇ ਆਈ ਟੀ ਆਈ ਦੇ ਵਿਦਿਆਰਥੀਆਂ ਨੂੰ ਭਾਰਤੀ ਫੌਜ ਦੇ ਲਈ ਅਗਨੀ ਵੀਰ ਵਿਚ ਭਰਤੀ ਹੋਣ ਲਈ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਮੇਜਰ ਮੱਥੂ, ਸੂਬੇਦਾਰ ਮੇਜਰ ਦਵਿੰਦਰ ਸਿੰਘ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ,ਟੇਰਨਿੰਗ ਅਫ਼ਸਰ ਸੁਖਵੰਤ ਸਿੰਘ, ਵਿਨੇ ਕੁਮਾਰ ਵੈਲਡਰ ਇੰਸਟਕਟਰ, ਬਚਿੱਤਰ ਸਿੰਘ ਕਾਰਪੇਂਟਰ ਇੰਸਟਕਟਰ, ਹਰੀਸ਼ ਕੁਮਾਰ ਸਰਵੇਅਰ, ਗੁਰਪ੍ਰੀਤ ਸਿੰਘ ਚੈਹਿਲ, ਜ਼ਿਲ੍ਹਾ ਰੁਜ਼ਗਾਰ ਦਫ਼ਤਰ ਤੋਂ ਡਾ ਰੁਪਸੀ,ਵੀ ਹਾਜ਼ਰ ਸਨ, ਇਸ ਮੌਕੇ ਮੇਜਰ ਮੱਥੂ ਨੇ ਨੋਜਵਾਨਾਂ ਨੂੰ ਭਾਰਤੀ ਫੌਜ ਵਿੱਚ ਭਰਤੀ ਹੋਣ ਲਈ ਪ੍ਰੇਰਿਆ ਅਤੇ ਉਨ੍ਹਾਂ ਕਿਹਾ ਕਿ ਨੋਜਵਾਨ ਵੱਧ ਤੋਂ ਵੱਧ ਗਿਣਤੀ ਵਿੱਚ ਅਗਨੀ ਵੀਰ ਵਿਚ ਭਰਤੀ ਹੋ ਕੇ ਦੇਸ਼ ਸੇਵਾ ਲਈ ਅੱਗੇ ਆਉਣ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਵਿਚ ਆਪਣਾ ਯੋਗਦਾਨ ਪਾਉਣ।

# ਟੀਮ ਵਰਕ ਆਰਟ ਦੁਆਰਾ ਆਯੋਜਿਤ ਸਲੀਪਵੈੱਲ ਦ ਸੇਕਰਡ ਅੰਮ੍ਰਿਤਸਰ ਦੀ ਸਮਾਪਤੀ ਹੋਈ

ਲੁਧਿਆਣਾ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਲੀਪਵੈੱਲ, ਟੀਮ ਵਰਕ ਆਰਟਸ ਅਤੇ ਰੰਗਲਾ ਪੰਜਾਬ ਦੁਆਰਾ ਪੇਸ਼ ਕੀਤਾ ਗਿਆ ਸੇਕਰਡ ਅੰਮ੍ਰਿਤਸਰ 2024 ਦੋ ਦਿਨਾਂ ਦੇ ਬੇਮਿਸਾਲ ਪ੍ਰਦਰਸ਼ਨਾਂ, ਉਤਸ਼ਾਹਜਨਕ ਗੱਲਬਾਤ, ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਵਿਰਾਸਤੀ ਸੈਰ ਅਤੇ ਹੋਰ ਬਹੁਤ ਕੁਝ ਤੋਂ ਬਾਅਦ ਸ਼ੁਰੂ ਹੋਇਆ! ਇਹ ਸਭ ਕੁਝ ਅੰਮ੍ਰਿਤਸਰ ਦੇ ਸ਼ਾਨਦਾਰ ਸ਼ਹਿਰ ਦੇ ਤਿੰਨ ਮੁੱਖ ਸਥਾਨਾਂ 'ਤੇ ਹੋਇਆ: ਧਰਤੀ, ਅੰਮ੍ਰਿਤਸਰ; ਟਾਊਨ ਹਾਲ ਵਿੱਚ ਪਾਰਟੀਸ਼ਨ ਮਿਊਜ਼ੀਅਮ; ਅਤੇ ਗੋਬਿੰਦਗੜ੍ਹ ਕਿਲਾ।

ਰਾਏ, ਅਰਵਿੰਦਰ ਚਮਕ, ਜਸਮੀਤ ਕੌਰ ਨਈਅਰ, ਸਰਬਜੋਤ ਸਿੰਘ ਬਹਿਲ, ਅਤੇ ਹੋਰ।ਫੈਸਟੀਵਲ ਦੀ ਸਮਾਪਤੀ ਰਾਤ ਵਿੱਚ ਫਰੀਦਕੋਟ ਅਤੇ ਦਿ ਮੁਰਸ਼ਿਦਾਬਾਦੀ ਪ੍ਰੋਜੈਕਟ ਬੈਂਡ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਨਮਿਤਾ ਗੌਤਮ, ਡਾਇਰੈਕਟਰ – ਮੈਨੇਜਿੰਗ ਟਰੱਸਟੀ, ਸਲੀਪਵੈਲ ਫਾਊਂਡੇਸ਼ਨ, ਨੇ ਕਿਹਾ ਕਿ ਜਿਵੇਂ ਕਿ ਅਸੀਂ ਸਲੀਪਵੈਲ ਪ੍ਰੈਜ਼ੇਂਟਸ ਦ ਸੇਕਰਡ ਅੰਮ੍ਰਿਤਸਰ 2024 ਦੇ ਅਭੁੱਲ ਪਲਾਂ 'ਤੇ ਪ੍ਰਤੀਬਿੰਬਤ ਕਰਦੇ ਹਾਂ, ਮੈਂ ਸਾਨੂੰ ਮਿਲੇ ਸ਼ਾਨਦਾਰ ਹੁੰਗਾਰੇ ਲਈ ਧੰਨਵਾਦੀ ਹਾਂ। ਫੈਸਟੀਵਲ ਵਿਚ ਕਵਿਤਾ, ਸੰਗੀਤ ਅਤੇ ਜਾਣਕਾਰੀ ਭਰਪੂਰ ਵਿਚਾਰ-ਵਟਾਂਦਰੇ ਦੇ ਜੀਵੰਤ ਮਿਸ਼ਰਣ ਨੇ ਸਾਡੇ ਸਾਰਿਆਂ 'ਤੇ ਡੂੰਘਾ ਪ੍ਰਭਾਵ ਛੱਡਿਆ। ਮੈਂ ਸਾਰੇ ਕਲਾਕਾਰਾਂ, ਕਲਾਕਾਰਾਂ, ਹਾਜ਼ਰੀਨ, ਮੀਡੀਆ ਭਾਈਚਾਰੇ ਅਤੇ ਟੀਮ ਵਰਕ ਆਰਟਸ ਦਾ ਉਨ੍ਹਾਂ ਦੇ ਅਮੁੱਲ ਯੋਗਦਾਨ ਲਈ ਤਹਿ ਦਿਲੋਂ ਧੰਨਵਾਦ ਕਰਨਾ ਚਾਹਾਂਗਾ। ਹਾਜ਼ਰੀਨ ਨੂੰ ਸੰਬੋਧਿਤ ਕਰਦੇ ਹੋਏ, ਸੰਜੋਏ ਕੇ ਰਾਏ, ਮੈਨੇਜਿੰਗ ਡਾਇਰੈਕਟਰ-ਟੀਮਵਰਕ ਆਰਟਸ ਨੇ ਕਿਹਾ, ਸਲੀਪਵੈਲ ਪ੍ਰੈਜ਼ੇਂਟਸ ਦ ਸੇਕਰਡ ਅੰਮ੍ਰਿਤਸਰ ਦੇ ਦੂਜੇ ਐਡੀਸ਼ਨ ਦੀ ਸਮਾਪਤੀ 'ਤੇ, ਅਸੀਂ ਕਵੀਆਂ, ਲੇਖਕਾਂ, ਸੰਗੀਤਕਾਰਾਂ, ਥੀਏਟਰ ਅਤੇ ਕਲਾਕਾਰਾਂ ਦੁਆਰਾ ਅਸਾਧਾਰਨ ਪ੍ਰਦਰਸ਼ਨਾਂ ਅਤੇ ਪੇਸ਼ਕਾਰੀਆਂ ਦੀਆਂ ਯਾਦਾਂ ਨੂੰ ਯਾਦ ਕਰਦੇ ਹਾਂ। ਸਾਡੇ ਮਹਿਮਾਨ ਸਾਰੇ ਭਾਰਤ, ਸਿੰਗਾਪੁਰ, ਮਲੇਸ਼ੀਆ, ਸ਼੍ਰੀਲੰਕਾ, ਦੁਬਈ ਤੋਂ ਇਸ ਪਵਿੱਤਰ ਸ਼ਹਿਰ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਦਾ ਆਨੰਦ ਲੈਣ ਲਈ ਆਉਂਦੇ ਹਨ।

# ਕਿਸਾਨ ਵੀਰ ਸਘੰਰਸ਼ ਦਾ ਰਾਹ ਛੱਡ ਕੇ ਮੋਦੀ ਸਰਕਾਰ ਨਾਲ ਗੱਲਬਾਤ ਰਾਹੀਂ ਮਾਮਲੇ ਨੂੰ ਨਜਿੱਠਣ ਦਾ ਰਾਹ ਅਖਤਿਆਰ ਕਰਨ : ਕਰਨਵੀਰ ਟੌਹੜਾ



ਬਰਨਾਲਾ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਨਹੀਂ ਤਾਂ ਕੱਲ ਸਾਰੇ ਤੱਥ ਸਾਹਮਣੇ ਆ ਜਾਣਗੇ ਪੰਜਾਬ ਵਿੱਚ ਮੌਜੂਦਾ ਸਥਿਤੀ ਬਹੁਤ ਮਾੜੀ ਹੈ ਕਿਸਾਨ ਵੀਰਾ ਨੂੰ ਪੰਜਾਬ ਦੇ ਵਧੇਰੇ ਹਿੱਤਾਂ ਲਈ ਸਰਕਾਰਾ ਨਾਲ ਟਕਰਾਅ ਦੀ ਨੀਤੀ ਤਿਆਗ ਕੇ ਗੱਲਬਾਤ ਰਾਹੀਂ ਮਾਮਲੇ ਨੂੰ ਨਜਿੱਠਣ ਦੀ ਕੋਸਿਸ ਕਰਨੀ ਚਾਹੀਦੀ ਹੈ ਇਹ ਅਪੀਲ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਇਕ ਪ੍ਰੈਸ ਨੋਟ ਜਾਰੀ ਕਰਦਿਆਂ ਪੰਜਾਬ ਭਾਜਪਾ ਯੁਵਾ ਮੋਰਚਾ ਦੇ ਸਾਬਕਾ ਪ੍ਰਧਾਨ ਸ੍. ਕਰਨਵੀਰ ਸਿੰਘ ਟੌਹੜਾ ਨੇ ਸੰਘਰਸ ਕਰ ਰਹੀਆਂ ਕਿਸਾਨ ਜਥਬੰਦੀਆਂ ਨੂੰ ਕੀਤੀ ਤਣਾਅਪੂਰਨ ਸਥਿਤੀਆਂ ਕਾਰਨ ਕੋਈ ਭੀ ਵੱਡਾ ਇੰਡਸਟਰੀ ਮਾਲਕ ਪੰਜਾਬ ਵਿੱਚ ਨਿਵੇਸ਼ ਕਰਨ ਨੂੰ ਤਿਆਰ ਨਹੀਂ ਸੂਬੇ ਦਾ ਪੜ੍ਹਿਆ ਲਿਖਿਆ ਨੌਜਵਾਨ ਵਿਦੇਸ਼ਾਂ ਵੱਲ ਰੁੱਖ ਕਰ ਰਿਹਾ ਹੈ ਕਰੋੜਾ ਰੁਪਏ ਪੰਜਾਬ ਦੇ ਵਿਦੇਸਾ ਨੂੰ ਜਾ ਰਹੇ ਹਨ ਨਸ਼ੇ ਨੌਜਵਾਨੀ ਦਾ ਘਾਣ ਕਰ ਰਹੇ ਹਨ ਗੇਂਗਸਟਰ ਬੇਖੌਫ ਘੁੰਮ ਰਹੇ ਹਨ ਅਜਿਹੇ ਹਾਲਤਾਂ ਵਿੱਚ ਸੂਬੇ ਨੂੰ ਅਜਿਹੇ ਮਹੌਲ ਵਿੱਚ ਧੱਕਣਾ ਕੋਈ ਬਹੁਤੀ ਸਿਆਣੀ ਗੱਲ ਨਹੀਂ ਸਘੰਰਸ਼ ਕਰਨਾ ਹਰ ਇਕ ਨਾਗਰਿਕ ਦਾ ਹੱਕ ਹੈ ਪਰ ਜੰਗ ਵਰਗਾ ਮਹੌਲ ਨਹੀਂ ਜਿਵੇਂ ਕਿਸਾਨ ਵੀਰ ਕੇਂਦਰ ਨਾਲ ਲੜਾਈ ਲੜਨ ਜਾ ਰਹੇ ਹੋਣ ਜੇਕਰ ਕਿਸਾਨ ਵੀਰਾ ਨੂੰ ਸਭੁ ਜਾ ਖਨੌਰੀ ਵਾਡਰਾ ਤੇ ਸੁਰੱਖਿਆ ਦਲਾਂ ਨੇ ਰੋਕ ਦਿੱਤਾ ਤਾਂ ਚਾਹੀਦਾ ਤਾਂ ਇਹ ਸੀ ਕੇ ਕਿਸਾਨ ਵੀਰ ਸਾਤੀ ਪੂਰਵਕ ਉਥੇ ਹੀ ਬੈਠ ਜਾਂਦੇ ਅਤੇ ਆਪਣਾ ਸਘੰਰਸ਼ ਜਾਰੀ ਰੱਖਦੇ ਅਤੇ ਕੇਂਦਰ ਸਰਕਾਰ ਨਾਲ ਮੀਟਿੰਗ ਲਈ ਸਮਾ ਮੰਗਦੇ ਤੇ ਆਪਣੀਆਂ ਮੰਗਾ ਰੱਖਦੇ ਅਤੇ ਹੱਲ ਹੋਣ ਤੱਕ ਸਾਂਤੀ ਪੂਰਵਕ ਧਰਨਾ ਜਾਰੀ ਰੱਖਦੇ। ਇਹ ਸਘੰਰਸ਼ ਇਹੋ ਜਿਹੇ ਨਹੀਂ ਹੋਣੇ ਚਾਹੀਦੇ ਜਿੰਨਾ ਕਰਕੇ ਸਾਡੇ ਨੌਜਵਾਨ ਪੁੱਤਾ ਦੀ ਸੁਭਕਰਨ ਵਾਗ ਜਾਨ ਚਲੀ ਜਾਵੇ ਇਸ ਮੌਕੇ ਸਿੱਧੂ ਨੇ ਕਿਹਾ ਕਿ ਸਿੱਖ ਕੌਮ ਪੂਰੇ ਦੇਸ ਦਾ ਤਾਜ ਰਹੇ ਹਨ ਤਾਜ ਹਨ ਤੇ ਤਾਜ ਰਹਿਣਗੇ ਪੂਰੇ ਭਾਰਤ ਵਿੱਚ ਹੀ ਨਹੀਂ ਬਲਕਿ ਸਾਰੀ ਦੁਨੀਆ ਵਿੱਚ ਸਿੱਖਾਂ ਦੀ ਸ਼ਾਨ ਵੱਖਰੀ ਹੈ ਸਿੱਖ ਭਾਈਚਾਰੇ ਨੂੰ ਸਿੱਖ ਦੋਖੀ ਤਾਕਤਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਕਿਸਾਨ ਵੀਰਾ ਨੂੰ ਕੋਈ ਭੀ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਸਿੱਖਾਂ ਦੀ ਸ਼ਾਨ ਨੂੰ ਠੇਸ ਪਹੁੰਚੇ।

ਇਸ ਮੌਕੇ ਐਡਵੋਕੇਟ ਵਿਸ਼ਾਲ ਸ਼ਰਮਾ ਐਡਵੋਕੇਟ ਹਰਮਨਪ੍ਰੀਤ ਸਿੰਘ ਚਹਿਲ ਦਰਸਨ ਸਿੰਘ ਗੁਰਦੇਵ ਸਿੰਘ ਮੱਕੜ ਅਤੇ ਬੀਬੀ ਸਰਬਜੀਤ ਕੌਰ ਹਾਜਰ ਸਨ।

# ਵਿਧਾਇਕ ਰਮਨ ਅਰੋੜਾ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



ਜਲੰਧਰ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਲੰਧਰ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਹਰ ਰੋਜ਼ ਵੱਡੇ ਵੱਡੇ ਕੰਮ ਕੀਤੇ ਜਾ ਰਹੇ ਹਨ। ਜਿਸ ਕਾਰਨ ਲੋਕਾਂ ਦਾ ਸਰਕਾਰ ਪ੍ਰਤੀ ਭਰੋਸਾ ਲਗਾਤਾਰ ਵਧਦਾ ਜਾ ਰਿਹਾ ਹੈ। ÷ਆਪ ਕੀ ਸਰਕਾਰ ਆਪ ਕੇ ਦੁਆਰ÷ ਮੁਹਿੰਮ ਸ਼ੁਰੂ ਕਰਕੇ ਆਮ ਆਦਮੀ ਪਾਰਟੀ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮਾਨਯੋਗ ਮੁੱਖ ਮੰਤਰੀ ਲੋਕਾਂ ਦੀ ਦੁਰਦਸ਼ਾ ਨੂੰ ਚੰਗੀ ਤਰ੍ਹਾਂ ਸਮਝਦੇ ਹਨ।ਇਹ ਗੱਲ ਕੇਂਦਰੀ ਹਲਕੇ ਦੇ ਵਿਧਾਇਕ ਰਮਨ ਅਰੋੜਾ ਨੇ ਸਰਸਵਤੀ ਵਿਹਾਰ ਦੇ ਕਮਿਊਨਿਟੀ ਹਾਲ ਵਿੱਚ ਗੱਲਬਾਤ ਕਰਦਿਆਂ ਕਹੀ।

ਵਾਰਡ ਨੰ.68 ਨੇ ਲੋਕਾਂ ਨੂੰ ਮਿਲ ਕੇ ਕਿਹਾ ਕਿ ਤੁਹਾਡੀ ਸਰਕਾਰ ਦੇ ਤਹਿਤ ਲੋਕਾਂ ਨੂੰ ਕੈਂਪ ਦਾ ਵੱਧ ਤੋਂ ਵੱਧ ਲਾਭ ਮਿਲ ਰਿਹਾ ਹੈ।

# ਸਿਡਬੀ ਅਤੇ ਪਟਿਆਲਾ ਹੈਂਡੀਕਰਾਫਟ ਸੁਸਾਇਟੀ ਵਲੋਂ 30 ਪਰਿਵਾਰਾਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ



ਪਟਿਆਲਾ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿਡਬੀ ਦੁਆਰਾ ਸਪਾਂਸਰਡ ਹੁਨਰ ਵਿਕਾਸ ਪ੍ਰੋਜੈਕਟ ਤਹਿਤ ਮਹਿਲਾ ਸ਼ਕਤੀਕਰਨ ਪੰਜਾਬ ਫੁਲਕਾਰੀ ਅਤੇ ਡਰੈਸ ਡਿਜ਼ਾਈਨਿੰਗ ਦੀ ਰਵਾਇਤੀ ਹੱਥ ਕਢਾਈ ਦਾ ਕੋਰਸ ਪਿੰਡ ਬਠੋਨੀਆ ਕਲਾਂ ਰਾਜਪੁਰਾ ਪਟਿਆਲਾ ਵਿਖੇ ਚਲਾਇਆ ਗਿਆ ਸੀ। ਜੋ ਕਿ ਛੇ ਮਹੀਨਿਆਂ ਦਾ ਕੋਰਸ ਸੀ। ਇਹ ਪ੍ਰੋਜੈਕਟ ਸ੍ਰੀਮਤੀ ਰੇਖਾ ਮਾਨ (ਨੈਸ਼ਨਲ ਐਵਾਰਡੀ) ਦੀ ਦੇਖ ਰੇਖ ਵਿੱਚ ਚਲਾਇਆ ਗਿਆ ਸੀ। ਇਸ ਟਰੇਨਿੰਗ ਵਿੱਚ ਕੁੜੀਆਂ ਨੂੰ ਆਤਮਨਿਰਭਰ ਬਣਾਇਆ ਗਿਆ। ਇਸ ਮੌਕੇ ਸਿਲਾਈ ਸਿਖਣ ਵਾਲੀਆਂ 30 ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੀ ਵੰਡੀਆਂ ਗਈਆਂ। ਇਸ ਮੌਕੇ ਤੇ ਮੁੱਖ ਮਹਿਮਾਨ ਸ੍ਰੀ ਟੀ.ਐਚ.ਆਰ. ਸਮਦ (ਡਿਪਟੀ ਜਨਰਲ ਮੈਨੇਜਰ ਸਿਡਬੀ), ਮੁੱਖ ਮਹਿਮਾਨ ਵਜੋਂ ਪੁੱਜੇ।

ਵਿਸ਼ੇਸ਼ ਮਹਿਮਾਨ ਰੋਟੇਰੀਅਨ ਭਾਗ ਸਿੰਘ ਪੰਨੂ, (ਪੀ.ਡੀ.ਜੀ. ਰੋਟਰੀ ਜਿਲਾ 3090) ਅਤੇ ਇਸ ਤੋਂ ਇਲਾਵਾ ਸ੍ਰੀ ਅਭਿਨਵ ਪ੍ਰਤਾਪ ਸਿੰਘ (ਸਿਡਬੀ ਵਿਕਾਸ ਕਾਰਜਕਾਰੀ), ਸ੍ਰੀਮਤੀ ਹਰਜੋਤ ਪੰਨੂ, ਸ੍ਰੀਮਤੀ ਰੇਖਾ ਮਾਨ (ਚੇਅਰਪਰਸਨ ਟੀ ਪੀ ਐੱਚ ਐੱਲ), ਸ੍ਰੀ ਰਾਕੇਸ਼ ਠਾਕੁਰ (ਡਾਇਰੈਕਟਰ ਰਾਸ਼ਟਰੀ ਜਯੋਤੀ ਕਲਾਂ ਮੰਚ), ਟੀ ਪੀ ਐੱਚ ਐਲ. ਟੀਮ ਮੌਜੂਦ ਸਨ। ਇਸ ਮੌਕੇ ਤੇ ਸਿੱਖਿਆਰਥੀਆ ਦੁਆਰਾ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਕਿ ਸਿਡਬੀ ਦੁਆਰਾ ਸਾਡੇ ਪਿੰਡ ਵਿੱਚ ਇਹ ਕੋਰਸ ਕਰਵਾਇਆ ਗਿਆ ਜੋ ਕਿ ਸਿੱਖਿਆਰਥੀਆਂ ਲਈ ਲਾਹੇਵੰਦ ਹੋਇਆ। ਇਸ ਤੋਂ ਪਹਿਲਾਂ ਇਸ ਪਿੰਡ ਵਿੱਚ ਕੋਈ ਵੀ ਸਰਕਾਰੀ ਅਤੇ ਗੈਰ ਸਰਕਾਰੀ ਕੋਰਸ ਨਹੀਂ ਕਰਵਾਇਆ ਗਿਆ। ਮੁੱਖ ਮਹਿਮਾਨ ਦੁਆਰਾ ਸਿੱਖਿਆਰਥੀ ਦੇ ਕੰਮ ਅਤੇ ਹੌਂਸਲੇ ਦੀ ਬਹੁਤ ਤਾਰੀਫ ਕੀਤਾ। ਉਹਨਾਂ ਦੱਸਿਆ ਸਿਡਬੀ ਦਾ ਟਰੇਨਿੰਗ ਦੇਣ ਦਾ ਮਕਸਦ ਸਿੱਖਿਆਰਥੀਆਂ ਨੂੰ ਆਤਮਨਿਰਭਰ ਬਣਾਨਾ ਸੀ। ਰੋਟੇਰੀਅਨ ਭਾਗ ਸਿੰਘ ਪੰਨੂ ਜੀ ਨੇ ਕਿਹਾ ਕਿ ਇਹ ਨਾਰੀ ਸ਼ਕਤੀ ਉੱਤੇ ਇਹ ਜਿੰਦਾ ਜਾਗਦਾ ਉਦਾਹਰਨ ਹੈ।

# ਮਹਾਸ਼ਿਵਰਾਤਰੀ ਮੌਕੇ ਭੱਟਵਾਲਾ ਸ਼ਿਵਾਲਾ ਤੋਂ ਸਵੇਰੇ ਪ੍ਰਭਾਤ ਫੇਰੀ ਕੱਢੀ



ਸ੍ਰੀ ਅਨੰਦਪੁਰ ਸਾਹਿਬ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭੱਟ ਸੰਕੀਰਤਨ ਮੰਡਲ ਵੱਲੋਂ ਦੂਜੀ ਪ੍ਰਭਾਤ ਫੇਰੀ ਸਵ: ਹਰੀਸ਼ ਚੰਦਰ ਲਾਦੀ ਦੇ ਘਰ ਪੁੱਜੀ ਜਿੱਥੇ ਉਨ੍ਹਾਂ ਦੀ ਪਤਨੀ ਰੇਨੂ ਬਾਲਾ ਅਤੇ ਸਪੁੱਤਰ ਮੁਨੀਸ਼ ਸੋਨੀ ਵਲੋਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਜਿੱਥੇ ਮੰਦਰ ਕਮੇਟੀ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦੇ ਭਜਨ ਗਾਇਕ ਨਰੇਸ਼ ਕੰਚਨ ਨੇ ਸਵੇਰੇ ਭੋਲੇ ਸ਼ੰਕਰ ਦਾ ਗੁਣਗਾਨ ਕੀਤਾ।

ਇਸ ਮੌਕੇ ਤਰਸੇਮ ਲਾਲ, ਅਸ਼ਵਨੀ ਕੁਮਾਰ, ਜੁਗਲ ਕਿਸ਼ੋਰ ਸੋਨੀ ਪਵਨ ਸੋਨੀ, ਸ਼ਾਮ ਸੁੰਦਰ ਸੋਨੀ, ਰਵੀ ਲਟਾਵਾ, ਨਰੇਸ਼ ਕੰਚਨ, ਰਜਨੀਸ਼ ਵੈਦਿਆ, ਮੁਨੀਸ਼, ਅਖਿਲ ਕੌਸ਼ਲ, ਆਸ਼ੂ ਧੀਮਾਨ, ਸੰਜੀਵ ਗੌਤਮ, ਹਰੀ ਓਮ ਨਰਗਿਸ, ਮਨੋਹਰ ਲਾਲ, ਗੋਵਿੰਦ ਸਾਗਰ ਗਰੋਵਰ, ਭੁਪਿੰਦਰ ਕੁਮਾਰ ਬਿੰਦੀ, ਮੁਨੀਸ਼ ਕੇਅਰ ਪਾਲ, ਨਿਰੰਜਨ ਸਿੰਘ ਆਦਿ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਪੰਜਾਬ ਸਰਕਾਰ ਮਜਦੂਰਾਂ-ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਤੁਰੰਤ ਵਾਧੇ ਦਾ ਐਲਾਨ ਕਰੇ : ਬਰਾੜ

ਪਟਿਆਲਾ, 29 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਇੱਥੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਪੰਜਾਬ ਏਟਕ ਦੇ ਪ੍ਰਧਾਨ ਸ੍ਰੀ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਸ੍ਰੀ ਨਿਰਮਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਏਟਕ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਅਤੇ ਲੇਬਰ ਮਨਿਸਟਰ ਨੂੰ ਸਖਤ ਸ਼ਬਦਾਂ ਵਿੱਚ ਪੱਤਰ ਲਿਖਕੇ ਕਿਹਾ ਗਿਆ ਹੈ ਕਿ ਪੰਜਾਬ ਦੇ ਮਜਦੂਰਾਂ-ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਤੁਰੰਤ ਵਾਧੇ ਦਾ ਐਲਾਨ ਕਰਕੇ ਘੱਟੋ-ਘੱਟ ਉਜਰਤ 26000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ ਅਤੇ ਨਾਲ ਹੀ ਸਰਕਾਰ ਐਲਾਨ ਕਰੇ ਕਿ ਪੰਜਾਬ ਵਿੱਚ ਮੋਦੀ ਸਰਕਾਰ ਵਲੋਂ 44 ਕਿਰਤ ਕਾਨੂੰਨਾਂ ਨੂੰ ਤੋੜਕੇ ਬਣਾਏ ਗਏ। 4 ਲੇਬਰ ਕੋਡਜ਼ ਨੂੰ ਪੰਜਾਬ ਵਿੱਚ ਲਾਗੂ ਨਹੀਂ ਕੀਤਾ ਜਾਵੇਗਾ। ਪੰਜਾਬ ਸਰਕਾਰ ਵਲੋਂ ਕੰਮ ਦੇ ਘੰਟੇ 8 ਦੀ ਬਜਾਏ 12 ਕੀਤੇ ਜਾਣ ਵਾਲਾ ਨੋਟੀਫਿਕੇਸ਼ਨ ਵੀ ਵਾਪਸ ਲਿਆ ਜਾਵੇ।

ਬਰਾੜ ਅਤੇ ਧਾਲੀਵਾਲ ਨੇ ਪੰਜਾਬ ਸਰਕਾਰ ਨੂੰ ਮੁਲਾਜਮ—ਮਜਦੂਰ ਅਤੇ ਗਰੀਬ ਵਿਰੋਧੀ ਗਰਦਾਨਦਿਆ ਕਿਹਾ ਕਿ ਜੇਕਰ ਇਹ ਸਰਕਾਰ ਮਜਦੂਰਾਂ ਦੇ ਦਰਦ ਅਤੇ ਹਾਲਾਤਾਂ ਨੂੰ ਸਮਝਣ ਵਾਲੀ ਹੁੰਦੀ ਤਾਂ ਮਜਦੂਰਾਂ ਦੀਆਂ ਘੱਟੋ—ਘੱਟ ਉਜਰਤ ਵਿੱਚ ਵਾਧਾ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਤੁਰੰਤ ਬਾਅਦ ਕੀਤਾ ਗਿਆ ਹੁੰਦਾ। ਕਿਉਂਕਿ ਸੰਨ 2012 ਤੋਂ ਅਜੇ ਤੱਕ ਉਜਰਤਾ ਨਹੀਂ ਸੋਧੀਆ ਗਈਆਂ। ਪਿਛਲੇ ਸਾਲ 7 ਨਵੰਬਰ ਨੂੰ ਪੰਜਾਬ ਦੀ ਲੇਬਰ ਮਨਿਸਟਰ ਗਗਨ ਅਨਮੋਲ ਮਾਨ ਨਾਲ ਮਿਨੀਮਮ ਵੇਜ ਅਡਵਾਈਜਰੀ ਬੋਰਡ ਦੀ ਹੋਈ ਮੀਟਿੰਗ ਵਿੱਚ ਤੱਥਾਂ ਦੇ ਆਧਾਰ ਤੇ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਵਲੋਂ ਸਾਬਤ ਕੀਤਾ ਗਿਆ ਸੀ ਕਿ ਘੱਟੋ—ਘੱਟ ਉਜਰਤ 26000/— ਰੁਪਏ ਕਰਨੀ ਬਣਦੀ ਹੈ। ਮਾਲਕਾਂ ਵੱਲੋਂ ਬੇਤੁਕਾ ਵਿਰੋਧ ਤਾਂ ਕੀਤਾ ਗਿਆ ਸੀ ਪਰ ਉਹਨਾਂ ਦੇ ਤਰਕ ਵਿੱਚ ਕੋਈ ਵਜਨ ਨਹੀਂ ਸੀ। ਜੋ ਲੇਬਰ ਮੰਤਰੀ ਵਲੋਂ ਵੀ ਮਹਿਸੂਸ ਕੀਤਾ ਗਿਆ ਸੀ ਅਤੇ ਉਹਨਾਂ ਵਲੋਂ ਤੁਰੰਤ ਯੋਗ ਵਾਧਾ ਕਰਨ ਦਾ ਵਿਸ਼ਵਾਸ਼ ਦਿਵਾਇਆ ਗਿਆ ਸੀ ਅਤੇ ਇੱਕ ਸਬ ਕਮੇਟੀ ਬਣਾਕੇ 15 ਦਿਨਾਂ ਵਿੱਚ ਸਿਫਾਰਸ਼ ਕਰਨ ਲਈ ਸਮਾਂਬੱਧ ਕੀਤਾ ਗਿਆ ਸੀ। ਪਰ ਅਫਸੋਸ ਹੈ ਕਿ ਸਰਕਾਰ ਵੱਡੇ ਸਨਅਤਕਾਰਾਂ ਦੇ ਦਬਾਅ ਹੇਠ ਚੁੱਪ ਵੱਟੀ ਬੈਠੀ ਹੈ। ਸਗੋਂ ਸਨਅੱਤਕਾਰ—ਸਰਕਾਰ ਮਿਲਣੀ ਅਤੇ ਵਪਾਰ—ਸਰਕਾਰ ਮਿਲਣੀ ਲਈ ਤਾਂ ਵਾਰ—ਵਾਰ ਮਿਲਣ ਦਾ ਸਮਾਂ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਕੋਲ ਹੈ। ਪਰ ਸ਼ਹੀਦ—ਏ—ਆਜ਼ਮ ਸ੍. ਭਗਤ ਸਿੰਘ ਦੇ ਨਾਂ ਦੀ ਵਰਤੋਂ ਕਰਕੇ ਗਰੀਬਾਂ ਦੇ ਨਾਂ ਤੇ ਸਿਆਸਤ ਕਰਨ ਵਾਲੇ ਇਸ ਮੁੱਖ ਮੰਤਰੀ ਨੂੰ ਭਗਤ ਸਿੰਘ ਦੀ ਲੁੱਟੇ ਜਾਣ ਵਾਲਿਆਂ ਦੇ ਨਾਲ ਖੜਨ ਦੀ ਵਿਚਾਰਧਾਰਾ ਨਾਲ ਕੋਈ ਸਰੋਕਾਰ ਨਹੀਂ। ਏਟਕ ਆਗੂਆਂ ਨੇ ਕਿਹਾ ਕਿ ਜੇਕਰ ਘੱਟੋ—ਘੱਟ ਉਜਰਤਾ ਵਧਾਉਣ ਦਾ ਅਤੇ ਮੁਲਾਜਮਾਂ ਮਜਦੂਰਾਂ ਦੇ ਹੋਰ ਮਸਲੇ ਤੁਰੰਤ ਹੱਲ ਕਰਨ ਲਈ ਕੋਈ ਕਦਮ ਨਾ ਚੁੱਕੇ ਗਏ ਤਾਂ ਸਖਤ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

# ਜੁਝਾਰਵਾਦੀ ਸਾਹਿਤ ਦਾ ਮੇਰੇ 'ਤੇ ਡੂੰਘਾ ਪ੍ਰਭਾਵ

## ਜਸਵਿੰਦਰ

ਰੂਬਰੂ



• ਕੁਲਦੀਪ ਸਿੰਘ ਬੰਗੀ
94174-07778

ਪੰਜਾਬੀ ਸਾਹਿਤ ਵਿਚ ਗ਼ਜ਼ਲ ਵਿਧਾ ਦਾ ਆਪਣਾ ਇਕ ਵੱਖਰਾ ਮੁਕਾਮ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਗ਼ਜ਼ਲ ਦੇ ਖੇਤਰ ਵਿਚ ਆਏ ਸਮਰੱਥ ਕਵੀਆਂ ਨੇ ਇਸ ਸਿਨਫ਼ ਨੂੰ ਹੋਰ ਵਿਲੱਖਣ ਵਿਸਥਾਰ ਦਿੱਤਾ ਹੈ, ਜੋ ਰਸ਼ਕ ਕਰਨ ਯੋਗ ਹੈ, ਸਾਹਿਤ ਅਕਾਦਮੀ ਇਨਾਮ ਪ੍ਰਾਪਤ ਜਸਵਿੰਦਰ, ਪੰਜਾਬੀ ਗ਼ਜ਼ਲ ਦੀ ਇਕ ਮਾਣਮੱਤੀ ਪ੍ਰਾਪਤੀ ਦਾ ਨਾਂ ਹੈ। ਜਿਸ ਦੇ ਜ਼ਿਕਰ ਬਿਨਾਂ ਗ਼ਜ਼ਲ ਅਧੂਰੀ ਹੈ। ਪਿਛਲੇ ਦਿਨੀਂ ਜਸਵਿੰਦਰ ਨਾਲ ਰੂ-ਬ-ਰੂ ਹੋਣ ਦਾ ਮੌਕਾ ਮਿਲਿਆ ਪੇਸ਼ ਹੈ ਉਨ੍ਹਾਂ ਨਾਲ ਹੋਏ ਸਵਾਲ-ਜਵਾਬ।

**• ਆਪਣੇ ਪਰਿਵਾਰ ਤੇ ਪਿਛੋਕੜ ਬਾਰੇ ਜਾਣਕਾਰੀ ਦਿਓ।**

ਮੇਰਾ ਜਨਮ 15 ਦਸੰਬਰ, 1956 ਈਸਵੀ ਨੂੰ ਪਿੰਡ ਕਲਾਲ ਵਾਲਾ, ਤਹਿਸੀਲ ਤਲਵੰਡੀ ਸਾਬੋ , ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਅਸੀਂ ਪੰਜ ਭੈਣ ਭਰਾ ਹਾਂ ਜਿਸ ਵਿੱਚੋਂ ਤਿੰਨ ਭੈਣਾਂ ਤੇ ਅਸੀਂ ਦੋ ਭਰਾ ਹਾਂ।

**• ਆਪਣੀ ਵਿੱਦਿਅਕ ਯੋਗਤਾ ਅਤੇ ਨੌਕਰੀ ਬਾਰੇ ਵੀ ਜਾਣਕਾਰੀ ਦਿਓ।**

ਮੇਰੀ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਆਪਣੇ ਜੱਦੀ ਪਿੰਡ ਕਲਾਲ ਵਾਲਾ ਦੀ ਹੈ। ਫਿਰ ਨਜ਼ਦੀਕ ਪੈਂਦੇ ਪਿੰਡ ਨਥੇਹਾ ਤੋਂ ਨੌਵੀਂ ਤਕ ਦੀ ਪੜ੍ਹਾਈ ਕੀਤੀ ਤੇ ਦਸਵੀਂ ਜਮਾਤ ਬਲਬੀਰ ਸਕੂਲ ਫ਼ਰੀਦਕੋਟ ਤੋਂ ਪਾਸ ਕੀਤੀ। ਰੋੜੇ ਕਾਲਜ ਤੋਂ ਡਿਪਲੋਮਾ ਕਰ ਕੇ ਥਰਮਲ ਪਲਾਂਟ ਰੋਪੜ ਵਿਖੇ ਨੌਕਰੀ ਕੀਤੀ।

**• ਤੁਹਾਨੂੰ ਸਾਹਿਤ ਦੀ ਚੇਟਕ ਕਿਵੇਂ ਲੱਗੀ?**

ਅਸਲ ਵਿਚ ਸਾਹਿਤ ਦਾ ਬੀਜ ਮੇਰੇ ਅੰਦਰੋਂ ਹੀ ਪੁੰਗਰਿਆ। ਮੈਂ ਛੇਵੀਂ ਤੋਂ ਨੌਵੀਂ ਜਮਾਤ ਤਕ ਪਹੁੰਚਦੇ ਸਰਕਾਰੀ ਸਕੂਲ ਨਥੇਹਾ ਦੀ ਲਾਇਬ੍ਰੇਰੀ ਦੀਆਂ ਸਾਰੀਆਂ ਕਿਤਾਬਾਂ ਚਾਰ ਪੰਜ ਸੌ ਤਿੰਨ ਸਾਲਾਂ ਵਿਚ ਪੜ੍ਹ ਦਿੱਤੀਆਂ। ਇਸ ਤੋਂ ਇਲਾਵਾ ਕਿੱਸਾ ਕਾਵਿ, ਹੀਰ ਵਾਰਿਸ, ਜ਼ਿੰਦਗੀ ਬਿਲਾਸ ਆਦਿ ਰਸਾਲੇ ਨਿਰੰਤਰ ਪੜ੍ਹਦਾ ਰਿਹਾ ਹਾਂ।

**• ਤੁਹਾਡੇ ਪਰਿਵਾਰ ਵਿਚ ਵੀ ਸਾਹਿਤਕ ਮਾਹੌਲ ਸੀ?**

ਨਹੀਂ ਸਾਡਾ ਘਰੇਲੂ ਮਾਹੌਲ ਸਾਹਿਤਕ ਨਹੀਂ ਸੀ। ਪਿਤਾ ਖੇਤੀਬਾੜੀ ਕਰਦੇ ਸਨ ਪਰ ਮੇਰੇ ਤੋਂ ਪ੍ਰੇਰਿਤ ਹੋ ਕੇ ਮੇਰੀ ਇਕ ਭੈਣ ਜਗਦੀਪ ਕੌਰ ਬਰਾੜ ਕਵਿਤਾ ਲਿਖਣ ਲੱਗੀ। ਉਸ ਦੀ ਵੀ ਇਕ ਕਿਤਾਬ ਆਈ ਹੈ। ਮੇਰਾ ਛੋਟਾ ਭਰਾ ਗੁਰਦੀਪ ਵੀ ਅਮਰੀਕਾ ਸੈੱਟ ਹੈ ਤੇ ਮੇਰੇ ਤੋਂ ਪ੍ਰੇਰਿਤ ਹੋ ਕੇ ਕਵਿਤਾ ਤੇ ਗੀਤ ਲਿਖਦਾ ਹੈ। ਉੱਥੋਂ ਦੀਆਂ ਸਾਹਿਤ ਸਭਾਵਾਂ ਵਿਚ ਵੀ ਹਾਜ਼ਰੀ ਭਰਦਾ ਹੈ।

**• ਸਾਹਿਤਕ ਖੇਤਰ ਵਿਚ ਤੁਹਾਡਾ ਉਸਤਾਦ?**

ਸਾਹਿਤਕ ਖੇਤਰ ਵਿਚ ਕਿਤਾਬਾਂ ਹੀ ਮੇਰੀਆਂ ਉਸਤਾਦ ਤੇ ਰਾਹ ਦਸੇਰਾ ਹਨ। ਕਿਤਾਬਾਂ ਹੀ ਮੇਰੀਆਂ ਸੱਚੀਆਂ ਦੋਸਤ ਹਨ। ਮੇਰੀ ਸਾਹਿਤਕ ਦੋਸਤੀ ਦਾ ਦਾਇਰਾ ਵੀ ਬਹੁਤ ਜ਼ਿਆਦਾ ਲੰਮਾ ਚੌੜਾ ਨਹੀਂ ਹੈ। ਸਿਰਫ਼ ਕਿਤਾਬਾਂ ਹੀ ਮੇਰਾ ਮਾਰਗ ਦਰਸ਼ਕ ਹਨ।

**• ਤੁਹਾਡੀ ਲੇਖਣੀ ਤੇ ਕਿਸੇ ਖ਼ਾਸ ਸਾਹਿਤ ਦਾ ਪ੍ਰਭਾਵ?**

ਤੁਸੀਂ ਜਿਹੋ ਜਿਹਾ ਸਾਹਿਤ ਪੜ੍ਹਦੇ ਹੋ ਤੁਹਾਡੀ ਲੇਖਣੀ ਅਤੇ ਸ਼ਖ਼ਸੀਅਤ ਦਾ ਉਸ ਉੱਪਰ ਪ੍ਰਭਾਵ ਜ਼ਰੂਰ ਪੈਂਦਾ ਹੈ। ਮੇਰੇ ਉੱਪਰ ਵੀ ਇਹ ਪ੍ਰਭਾਵ ਹੈ। ਜੁਝਾਰਵਾਦੀ ਲਹਿਰ ਦੇ ਸਾਹਿਤ ਦਾ ਮੇਰੇ 'ਤੇ ਕਾਫ਼ੀ ਪ੍ਰਭਾਵ ਰਿਹਾ। ਸੰਤ ਰਾਮ ਉਦਾਸੀ, ਜਗਰੂਪ ਝੁਨੀਰ, ਨਿਰੰਜਨ ਸਿੰਘ ਨੂਰ, ਪ੍ਰਿੰਸੀਪਲ ਤਖ਼ਤ ਸਿੰਘ ਤੋਂ ਇਲਾਵਾ ਜਸਵੰਤ ਸਿੰਘ ਕੰਵਲ, ਈਸ਼ਵਰ ਚਿੱਤਰਕਾਰ, ਪ੍ਰੋਫੈਸਰ ਗੁਰਦਿਆਲ ਸਿੰਘ ਦੇ ਨਾਵਲ ਤੇ ਹੋਰ ਵੀ ਮੈਂ ਆਪਣੀ ਸਮਰੱਥਾ ਅਨੁਸਾਰ ਕਾਫ਼ੀ ਸਾਰਾ ਸਾਹਿਤ ਪੜ੍ਹਿਆ ਜਿਸ ਦਾ ਪ੍ਰਭਾਵ ਹੈ।

**• ਤੁਸੀਂ ਗ਼ਜ਼ਲ ਵਿਧਾ ਹੀ ਕਿਉਂ ਚੁਣੀ?**

ਸੀਮਤ ਸ਼ਬਦਾਂ 'ਚ ਵੱਡੀ ਗੱਲ ਕਰਨੀ ਮੇਰੇ ਦਿਲ ਨੂੰ ਟੁੰਬਦੀ ਹੈ ਜੋ ਗ਼ਜ਼ਲ ਵਿਧਾ ਵਿਚ ਹੀ ਕਹੀ ਜਾ ਸਕਦੀ ਹੈ। ਇਸ ਲਈ ਮੈਂ ਗ਼ਜ਼ਲ ਲਿਖਦਾ ਹਾਂ। ਨਮੂਨੇ ਵਜੋਂ ਕੁਝ ਸ਼ਿਅਰ :

*ਨਮੋਸ਼ੀ ਹਾਰ ਦੀ ਤੇ ਜਿੱਤ ਦਾ*
*ਹੰਕਾਰ ਲਾਹ ਦੇਈਏ*
*ਚਲੋ ਹੁਣ ਫ਼ਾਲਤੂ ਚੀਜ਼ਾਂ ਦਾ ਰੂਹ ਤੋਂ*
*ਭਾਰ ਲਾਹ ਦੇਈਏ*
*ਦੋ ਦਿਨ ਦੀ ਖ਼ੁਸ਼ੀ ਮਗਰੋਂ ਤੁੜਨਗੇ*
*ਬਦਨ ਤੇਰਾ*
*ਗੋਟਾ ਇਹ ਦੁਪੱਟੇ ਦਾ ਇਹ ਲੌਣ*
*ਗਰਾਰੇ ਦੀ*
*ਸਾੜ ਕੇ ਮੇਰਾ ਲਹੂ ਮਹਿਕਾਂ ਫ਼ਿਜ਼ਾ ਵਿਚ*
*ਵੰਡਦੀ*
*ਮੇਰੇ ਅੰਦਰ ਧੁਖ ਰਹੀ ਇਹ ਅਗਰਬੱਤੀ*
*ਕੌਣ ਹੈ*
*ਇੱਕ ਪਰਿੰਦਾ ਗੁਟਕਦਾ ਇੱਕਲਾਪੇ*
*ਨੂੰ ਤੋੜਦਾ*
*ਬਾਰੀ ਵਿਚ ਦੀ ਆ ਗਿਆ ਦਿਲਬਰ*
*ਅੱਧੀ ਰਾਤ ਨੂੰ*

**• ਆਪਣੀ ਲਿਖਣ ਤੇ ਛਪਣ ਪ੍ਰਕਿਰਿਆ ਬਾਰੇ ਜਾਣਕਾਰੀ ਦਿਓ।**

ਅਸਲ 'ਚ ਮੈਂ ਇਕ ਪਾਠਕ ਸੀ ਪਰ ਜਦ ਮੈਂ ਮੈਗਜ਼ੀਨ ਅਖ਼ਬਾਰਾਂ 'ਚ ਕਵਿਤਾਵਾਂ ਬਗੈਰਾ ਪੜ੍ਹਦਾ ਤਾਂ ਮੈਨੂੰ ਲੱਗਦਾ ਇਸ ਤੋਂ ਵਧੀਆ ਤਾਂ ਮੈਂ ਲਿਖ ਸਕਦਾ ਹਾਂ ਫਿਰ ਮੈਂ ਅਖ਼ਬਾਰਾਂ ਮੈਗਜ਼ੀਨਾਂ ਵਿਚ ਵੀ ਛਪਿਆ ਤੇ ਮੇਰੀ ਪਹਿਲੀ ਕਿਤਾਬ 1978 ਵਿੱਚ ਗੀਤਾਂ ਦੀ 'ਕਾਫ਼ਲੇ' ਨਾਂ ਹੇਠ ਛਪੀ। ਉਸ ਤੋਂ ਬਾਅਦ ਗੁਰਸ਼ਰਨ ਭਾਅ ਜੀ ਨੇ 'ਲੇਖ ਸਿਆੜਾਂ' ਨਾਂ ਹੇਠ ਕਿਤਾਬ ਛਾਪੀ ਜਿਸ ਵਿਚ ਗੀਤ ਅਤੇ ਗ਼ਜ਼ਲਾਂ ਸ਼ਾਮਿਲ ਸਨ। ਉਸ ਤੋਂ ਬਾਅਦ ਨਿਰੋਲ ਗ਼ਜ਼ਲ ਲਿਖਣ ਲੱਗਾ ਤੇ ਤਿੰਨ ਕਿਤਾਬਾਂ ਗ਼ਜ਼ਲ ਦੀਆਂ ਆਈਆਂ ਹਨ। ਪਹਿਲੀ ਕਿਤਾਬ 'ਕਾਲੇ ਹਰਫ਼ਾਂ ਦੀ ਲੋਅ' ਦੂਸਰੀ 'ਕੱਕੀ ਰੇਤ ਦੇ ਵਰਕੇ' ਤੀਸਰੀ 'ਅਗਰਬੱਤੀ।'

**• ਤੁਹਾਡੀ ਇਨਾਮਾਂ ਬਾਰੇ ਕੀ ਰਾਇ ਹੈ? ਤੁਹਾਨੂੰ ਖ਼ੁਦ ਨੂੰ ਵੀ ਸਾਹਿਤ ਅਕਾਦਮੀ ਵੱਲੋਂ ਇਨਾਮ ਮਿਲਿਆ ਹੈ।**

ਕਿਸੇ ਲੇਖਕ ਨੂੰ ਕਿਸੇ ਸੰਸਥਾ ਵੱਲੋਂ ਇਨਾਮ ਮਿਲਣਾ ਚੰਗੀ ਗੱਲ ਹੈ। ਹਰੇਕ ਸੰਸਥਾ ਦੇ ਆਪਣੇ ਨਿਯਮ ਹਨ। ਉਨ੍ਹਾਂ ਦਾ ਆਪਣਾ ਮਿਆਰ ਹੁੰਦਾ ਹੈ ਪਰ ਮੈਂ ਕਿਸੇ ਇਨਾਮ ਮਿਲਣ ਵਾਲੇ ਲੇਖਕ ਨੂੰ ਵੱਖਰੀ ਨਜ਼ਰ ਨਾਲ ਨਹੀਂ ਵੇਖਦਾ। ਮੈਨੂੰ ਸਾਹਿਤ ਅਕਾਦਮੀ ਵੱਲੋਂ ਇਨਾਮ ਮਿਲਿਆ ਸੀ ਜਿਸ ਨੂੰ ਦੂਸਰੇ ਸਾਹਿਤਕਾਰਾਂ ਦੀ ਤਰ੍ਹਾਂ ਜ਼ੁਬਾਨਬੰਦੀ ਸਬੰਧੀ ਆਪਣਾ ਵਿਰੋਧ ਦਰਜ ਕਰਵਾਉਂਦੇ ਹੋਏ ਮੈਂ ਵੀ ਵਾਪਸ ਕਰ ਦਿੱਤਾ।



ਮੈਂ ਗਿਣਾਤਮਕ ਨਾਲੋਂ ਗੁਣਾਤਮਕ ਵਿਚ ਜ਼ਿਆਦਾ ਵਿਸ਼ਵਾਸ ਰੱਖਦਾ ਹਾਂ। ਮੇਰੀ ਲਿਖਣ ਪ੍ਰਕਿਰਿਆ ਧੀਮੀ ਚਾਲੇ ਹੈ ਪਰ ਨਿਰੰਤਰ ਹੈ...

**• ਸਾਹਿਤਕ ਸਭਾਵਾਂ ਸਬੰਧੀ ਤੁਹਾਡਾ ਕੀ ਨਜ਼ਰੀਆ?**

ਸਾਹਿਤਕ ਸਭਾਵਾਂ ਦਾ ਹੋਣਾ ਸਾਹਿਤ ਲਈ ਸ਼ੁੱਭ ਸ਼ਗਨ ਹੈ। ਜੇਕਰ ਉਹ ਆਪਣੇ ਖੇਤਰ ਵਿਚ ਉਸਾਰੂ ਭੂਮਿਕਾ ਨਿਭਾਉਂਦੀਆਂ ਹਨ ਚਾਹੇ ਉਹ ਇਕ ਸ਼ਹਿਰ ਵਿਚ ਕਿੰਨੀਆਂ ਵੀ ਕਿਉਂ ਨਾ ਹੋਣ।

**• ਸਾਹਿਤ ਸਿਰਜਣਾ ਤੋਂ ਇਲਾਵਾ ਤੁਹਾਡੀਆਂ ਹੋਰ ਗਤੀਵਿਧੀਆਂ?**

ਅਸਲ ਵਿਚ ਮੈਂ ਸਾਹਿਤ ਨਾਲ ਹੀ ਜੁੜਿਆ ਹੋਇਆ ਹਾਂ। ਕੁਝ ਨਾਟਕਾਂ ਤੇ ਟੈਲੀ ਫ਼ਿਲਮਾਂ ਦੇ ਗੀਤ ਵੀ ਮੇਰੇ ਵੱਲੋਂ ਲਿਖੇ ਗਏ ਹਨ ਜੋ ਇਕ ਵਧੀਆ ਤਜਰਬਾ ਰਿਹਾ। ਮੈਨੂੰ ਅੱਛਾ ਲੱਗਾ ਤੇ ਮਨ ਨੂੰ ਤਸੱਲੀ ਵੀ ਮਿਲੀ।

**• ਤੁਹਾਡੀ ਨਵੀਂ ਕਿਤਾਬ ਕਦੋਂ ਆ ਰਹੀ ਹੈ ਪਾਠਕਾਂ ਵਿਚ ਬੜੀ ਬੇਸਬਰੀ ਹੈ?**

ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ। ਮੈਂ ਗਿਣਾਤਮਕ ਨਾਲੋਂ ਗੁਣਾਤਮਕ ਵਿਚ ਜ਼ਿਆਦਾ ਵਿਸ਼ਵਾਸ ਰੱਖਦਾ ਹਾਂ ਮੇਰੀ ਲਿਖਣ ਪ੍ਰਕਿਰਿਆ ਧੀਮੀ ਚਾਲ ਹੈ ਪਰ ਮੈਂ ਨਿਰੰਤਰ ਲਿਖ ਰਿਹਾ ਹਾਂ।

**• ਤੁਹਾਡੀ ਲੇਖਣ ਪ੍ਰਕਿਰਿਆ ਵਿਚ ਪਰਿਵਾਰ ਦਾ ਸਹਿਯੋਗ ਕਿਵੇਂ ਹੈ?**

ਪਰਿਵਾਰ ਵੱਲੋਂ ਪੂਰਾ ਸਹਿਯੋਗ ਹੈ। ਮੈਂ 2014 ਵਿਚ ਥਰਮਲ ਪਲਾਂਟ ਰੋਪੜ ਤੋਂ ਸੇਵਾ ਮੁਕਤ ਹੋਇਆ, ਮੇਰੀਆਂ ਦੋਨੋਂ ਬੇਟੀਆਂ, ਸਰੀ, ਕੈਨੇਡਾ ਸੈੱਟ ਹਨ। ਅੱਜ ਕੱਲ੍ਹ ਮੈਂ ਅਤੇ ਪਤਨੀ ਵੀ ਉਨ੍ਹਾਂ ਕੋਲ ਰਹਿ ਰਹੇ ਹਾਂ।

**• ਤੁਹਾਡੇ ਚਾਹੁੰਣ ਵਾਲੇ ਪਾਠਕਾਂ ਦਾ ਵਸੀਹ ਘੇਰਾ ਤਾਂ ਪੰਜਾਬ ਵਿਚ ਹੈ, ਪਰ ਤੁਸੀਂ ਪਰਵਾਸ ਕਰ ਗਏ ਅਜਿਹਾ ਕਿਉਂ?**

ਘਰੇਲੂ ਜ਼ਿੰਮੇਵਾਰੀਆਂ ਲਈ ਪਰਵਾਸ ਜ਼ਰੂਰੀ ਸੀ। ਸਾਡੀ ਬੱਚਿਆਂ ਨੂੰ ਜ਼ਰੂਰਤ ਸੀ ਜਿਸ ਕਰਕੇ ਕੈਨੇਡਾ ਜਾਣਾ ਲਾਜ਼ਮੀ ਹੋ ਗਿਆ। ਵੈਸੇ ਫਿਰ ਵੀ ਹਰ ਸਾਲ ਪੰਜਾਬ ਦਾ ਚੱਕਰ ਲਾਈਦਾ ਹੈ।

**• ਤੁਹਾਡੀਆਂ ਬੇਟੀਆਂ ਵਿੱਚੋਂ ਕੋਈ ਬੇਟੀ ਸਾਹਿਤਕ ਰੁਚੀ ਰੱਖਦੀ ਹੈ?**

ਮੇਰੀਆਂ ਬੇਟੀਆਂ ਤੇ ਪਤਨੀ ਮੇਰੀਆਂ ਕਿਤਾਬਾਂ ਜ਼ਰੂਰ ਪੜ੍ਹਦੀਆਂ ਤੇ ਪਸੰਦ ਕਰਦੀਆਂ ਹਨ। ਵੈਸੇ ਉਨ੍ਹਾਂ ਦਾ ਸਾਹਿਤ ਵੱਲ ਜ਼ਿਆਦਾ ਝੁਕਾਅ ਨਹੀਂ ਹੈ।

**• ਪਾਠਕਾਂ ਨੂੰ ਕੋਈ ਸੰਦੇਸ਼?**

ਮੈਂ ਪਾਠਕਾਂ ਨੂੰ ਸੰਦੇਸ਼ ਤਾਂ ਕੀ ਦੇ ਸਕਦਾ ਹਾਂ ਜੀ, ਸਲਾਹ ਦੇਵਾਂਗਾ ਕਿ ਵੱਧ ਤੋਂ ਵੱਧ ਸਾਹਿਤ ਨਾਲ ਜੁੜਨ। ਸਾਹਿਤ ਹੀ ਸਾਨੂੰ ਸੰਵੇਦਨਸ਼ੀਲਤਾ ਪ੍ਰਦਾਨ ਕਰਦਾ ਹੈ ਤੇ ਸਾਹਿਤ ਨਾਲ ਹੀ ਅਸੀਂ ਆਪਣੀ ਜ਼ਿੰਦਗੀ ਨੂੰ ਵਧੀਆ ਢੰਗ ਨਾਲ ਜੀਣ ਦੇ ਸਮਰੱਥ ਹੋ ਸਕਦੇ ਹਾਂ।

# ਦਬੈਲ ਧਿਰ ਦੀ ਬਾਤ ਪਾਉਂਦੀ ਪੁਸਤਕ

## ਲੂਣਾ ਦੇ ਜਿਨਸੀ ਸਰੋਕਾਰ

• ਪਰਮਜੀਤ ਕੌਰ ਸਰਹਿੰਦ
98728-98599

'ਲੂਣਾ ਦੇ ਜਿਨਸੀ ਸਰੋਕਾਰ', (ਜਾਗੀਰਦਾਰੀ ਨਿਜ਼ਾਮ ਵਿਚ ਔਰਤ ਦੀ ਹੈਸੀਅਤ), ਡਾ. ਸਰਵਨ ਸਿੰਘ ਪਰਦੇਸੀ ਦੀ ਇਕ ਵੱਡਆਕਾਰੀ ਤੇ ਵੱਡਮੁੱਲੀ ਸਾਹਿਤਕ ਕਿਰਤ ਹੈ। ਉਨ੍ਹਾਂ ਆਪਣੇ ਵੱਲੋਂ ਲਿਖੇ ਮੁੱਢਲੇ ਸ਼ਬਦਾਂ ਵਿਚ ਹੀ ਦੱਸ ਦਿੱਤਾ ਹੈ ਕਿ ਕਿੱਸਾ ਜਾਗੀਰਦਾਰੀ ਨਿਜ਼ਾਮ ਦੀ ਪੈਦਾਵਾਰ ਹੈ। ਰਾਜੇ-ਮਹਾਰਾਜਿਆਂ ਨੇ ਆਪਣੇ ਮਨੋਰੰਜਨ ਲਈ ਕਾਲਪਨਿਕ ਜਾਂ ਪ੍ਰਚਲਿਤ ਪ੍ਰੇਮ ਕਥਾਵਾਂ ਲਿਖਵਾਈਆਂ ਇਨ੍ਹਾਂ ਵਿਚ ਹੋਰ ਜੋੜ-ਤੋੜ ਵੀ ਹੁੰਦੀ ਗਈ। ਮੁੱਖ ਤੌਰ 'ਤੇ ਕਿੱਸਿਆਂ ਵਿਚ ਪ੍ਰੇਮ ਕਹਾਣੀਆਂ ਦੀ ਭਰਮਾਰ ਹੈ ਪਰ ਕਾਦਰਯਾਰ ਨੇ ਪਹਿਲੀ ਵਾਰ 'ਪੂਰਨ ਭਗਤ' ਵਰਗਾ ਸਦਾਚਾਰਕ ਕਿੱਸਾ ਲਿਖ ਕੇ ਵਿਲੱਖਣ ਕੰਮ ਕੀਤਾ ਪਰ ਇਸ ਵਿਚਲੇ ਕਥਾ ਬਿਰਤਾਂਤ ਨੇ ਜਾਗੀਰਦਾਰੀ ਨਿਜ਼ਾਮ ਦੀ ਅੰਦਰਲੀ ਤਹਿ ਵਿਚਲੇ ਵਰਤਾਰੇ ਨੂੰ ਲੋਕਾਂ ਅੱਗੇ ਪ੍ਰਗਟ ਕਰ ਦਿੱਤਾ। ਲੇਖਕ ਅਨੁਸਾਰ ਲੂਣਾ ਤੇ ਪੂਰਨ ਦੇ ਦੁਖਾਂਤ ਦੀ ਅਸਲ ਜੜ੍ਹ ਜਾਗੀਰਦਾਰੀ ਨਿਜ਼ਾਮ ਹੈ।

ਰਾਣੀ ਇੱਛਰਾਂ ਜਾਗੀਰਦਾਰੀ ਨਿਜ਼ਾਮ ਦੀ ਮਾਰ ਕਾਰਨ ਆਪਣੇ ਪਤੀ ਨੂੰ ਦੂਜਾ ਵਿਆਹ ਕਰਨ ਤੋਂ ਨਹੀਂ ਰੋਕ ਸਕਦੀ ਆਪਣੇ ਮਾਸੂਮ ਪੁੱਤਰ ਪੂਰਨ ਨੂੰ ਪਤੀ ਰਾਜੇ ਸਲਵਾਨ ਵੱਲੋਂ ਭੋਰੇ ਪਾਉਣੋਂ ਨਹੀਂ ਵਰਜ ਸਕਦੀ ਅੱਗੋਂ ਪੂਰਨ ਪੁੱਤਰ ਇਸੇ ਨਿਜ਼ਾਮ ਦੇ ਅਧੀਨ ਹੈ ਜੋ ਇਸ ਦੇ ਪਾਏ ਪੂਰਨਿਆਂ ਤੋਂ ਪਿੱਛੇ ਨਹੀਂ ਹਟ ਸਕਦਾ। ਤੀਜੇ ਥਾਂ ਲੂਣਾ ਹੈ ਜਿਸ ਨੂੰ ਉਤਾਰ ਉਮਰੇ ਰਾਜਾ ਸਲਵਾਨ ਰਾਣੀ ਇੱਛਰਾਂ ਦੇ ਹੁੰਦਿਆਂ ਵਿਆਹ ਲਿਆਉਂਦਾ ਹੈ ਜੋ ਉਸਦੀ ਔਲਾਦ ਦੀ ਹਾਣੀ ਹੁੰਦੀ ਹੈ। ਸਲਵਾਨ ਕੇਵਲ ਜਰ ਤੇ ਸਮਾਜਕ ਜ਼ੋਰ ਸਦਕਾ ਕੇਵਲ ਆਪਣੇ ਮਨ ਦੀ ਮੌਜ ਲਈ ਆਪਣੀਆਂ ਇੱਛਾਵਾਂ ਦੀ ਅਮੁੱਕ ਭੁੱਖ ਦੀ ਪੂਰਤੀ ਲਈ ਲੂਣਾ ਨੂੰ ਵਿਆਹ ਲੈਂਦਾ ਹੈ।

ਇਸ ਸਾਰੇ ਕਿੱਸੇ ਦੇ ਦੁਖਾਂਤ ਦਾ ਕਾਰਨ ਮੂਲ ਰੂਪ ਵਿਚ ਹਾਕਮ ਧਿਰ ਯਾਨੀ ਕਿ ਰਾਜਾ ਸਲਵਾਨ ਜਾਂ ਸਮੁੱਚੀ ਵਿਵਸਥਾ ਹੈ। ਪੂਰਨ ਬਾਰ੍ਹਾਂ ਸਾਲ ਕੇਵਲ ਗੋਲੀਆਂ-ਚਾਕਰਾਂ ਦੀ ਦੇਖ-ਰੇਖ ਵਿਚ ਰਹਿੰਦਾ ਦੁਨੀਆਂ ਤੋਂ ਅਟੰਕ ਰਹਿੰਦਾ ਹੈ। ਜਦੋਂ ਬਾਹਰ ਆਉਂਦਾ ਹੈ ਤਾਂ ਮਾਂ ਇੱਛਰਾਂ ਤੇ ਲੂਣਾ ਨੂੰ ਮਿਲਦਾ ਹੈ। ਜੋ ਹਰਕਤ ਲੂਣਾ ਕਰਦੀ ਹੈ ਉਹ ਪੂਰਨ ਆਪਣੇ ਮਾਂ-ਪਿਓ ਜਾਂ ਕਿਸੇ ਨੂੰ ਵੀ ਦੱਸਣੋਂ ਸ਼ਾਇਦ ਇਸੇ ਸੋਚ ਅਧੀਨ ਰੁਕ ਜਾਂਦਾ ਹੈ ਕਿ ਇਹ ਅਣਹੋਣੀ ਕਿਵੇਂ ਬਿਆਨਾਂ ਕਿ ਮੇਰੀ ਮਾਂ ਲੂਣਾ ਨੇ ਮੇਰੇ 'ਤੇ ਮੈਲੀ ਨਜ਼ਰ ਰੱਖੀ ਜਦੋਂ ਕਿ ਲੂਣਾ ਝੂਠੀ ਤੁਹਮਤ ਲਾ ਕੇ ਇਹ ਦਾਅ ਖੇਡ ਕੇ ਉਸ ਨੂੰ ਮੌਤ ਦੀ ਸਜ਼ਾ ਦਿਵਾਉਂਦੀ ਹੈ।

ਲੇਖਕ ਅਨੁਸਾਰ ਕਾਦਰਯਾਰ ਇੱਥੇ ਲੂਣਾ ਦੇ 'ਘਟੀਆ' ਕਿਰਦਾਰ ਨੂੰ ਉਸ ਅੰਦਰਲੀ ਔਰਤ ਦੇ ਦੁਖਾਂਤ ਜਾਂ ਜਜ਼ਬਾਤ ਨਾਲ ਜੋੜਨ ਜਾਂ ਸਮਝਣ ਦੀ ਥਾਂ ਉਸ ਨੂੰ ਸਮਾਜ ਦੇ ਪੈਦਾ ਕੀਤੇ ਹੋਏ ਜਾਤ-ਪਾਤ ਪ੍ਰਬੰਧ ਦੇ ਸਭ ਤੋਂ ਨੀਵੇਂ ਦਰਜੇ ਨਾਲ ਜੋੜਦਾ ਹੈ। ਲੂਣਾ ਨਾਲ ਇਹ ਸਭ ਤੋਂ ਵੱਡੀ ਬੇਇਨਸਾਫ਼ੀ ਹੋਈ ਹੈ। ਮੁੱਢ ਕਦੀਮ ਤੋਂ ਲੂਣਾ ਨੂੰ ਨੀਵੇਂ ਥਾਂ 'ਤੇ ਰੱਖ ਕੇ ਹੀ ਸੋਚਿਆ-ਲਿਖਿਆ ਗਿਆ ਜੋ 'ਉੱਚੇ ਥਾਂ ਵਾਲਿਆਂ' ਉਸ ਨਾਲ ਕੀਤੀ ਉਸ ਨੂੰ ਅਣਗੌਲਿਆਂ ਹੀ ਰੱਖਿਆ। ਉਸ ਦੇ ਅੰਦਰ ਦੀ ਥਾਹ ਪਾਉਂਦਿਆਂ ਉਸ ਦੇ ਬੁਨਿਆਦੀ ਹੱਕਾਂ ਜਾਂ ਇੱਛਾਵਾਂ ਦੇ ਹੱਕ ਵਿਚ ਕਿਸੇ ਹਾਅ ਦਾ ਨਾਅਰਾ ਮਾਰਨ ਬਾਰੇ ਨਹੀਂ ਸੋਚਿਆ। ਬਦਲਦੇ ਸਮੇਂ ਨਾਲ ਇਹ ਸਵਾਲ ਉੱਠ ਰਿਹਾ ਹੈ। ਕਾਦਰਯਾਰ ਤੋਂ ਬਾਅਦ ਕਾਲੀਦਾਸ ਨੇ ਵੀ ਲੂਣਾ ਨੂੰ ਚਰਿੱਤਰਹੀਣ ਤੇ ਉਸ ਦੇ ਗੁਨਾਹ ਨੂੰ ਨਾਕਾਬਿਲੇ ਮਾਫ਼ੀ ਕਿਹਾ ਹੈ ਤੇ ਪ੍ਰੋ.ਪੂਰਨ ਸਿੰਘ ਆਪਣੀਆਂ ਲਿਖਤਾਂ ਵਿਚ ਉਨ੍ਹਾਂ ਦਾ ਹੀ ਸਮਰਥਨ ਕਰਦਾ ਹੈ। ਜਿੱਥੇ ਸ਼ਿਵ ਕੁਮਾਰ ਬਟਾਲਵੀ ਨੇ ਲੂਣਾ ਦੀਆਂ ਭਾਵਨਾਵਾਂ ਨੂੰ ਥੋੜ੍ਹਾ-ਬਹੁਤਾ ਸਮਝਿਆ ਹੈ ਉਹ ਵੀ ਉਸ ਨੂੰ 'ਅੱਗ' ਦਾ ਨਾਂ ਦੇ ਕੇ ਉਸੇ ਕਤਾਰ ਵਿਚ ਜਾ ਖੜ੍ਹਦਾ ਹੈ।

ਪੁਸਤਕ ਵਿਚ ਰਾਜਾ ਸਲਵਾਨ, ਰਾਣੀ ਇੱਛਰਾਂ, ਲੂਣਾ ਤੇ ਪੂਰਨ ਤੋਂ ਇਲਾਵਾ ਦੋ ਅਹਿਮ ਕਿਰਦਾਰ ਹਨ ਉਹ ਹਨ ਜੋਗ ਮਤ ਦਾ ਮੁਖੀ ਗੋਰਖ ਨਾਥ ਅਤੇ ਰਾਣੀ ਸੁੰਦਰਾਂ। ਪੁਸਤਕ ਵਿਚ ਦੱਸਿਆ ਗਿਆ ਹੈ ਕਿ ਜੋਗ ਮਤ ਵੀ ਰਜਵਾੜਾਸ਼ਾਹੀ ਦੀ ਘੁਟਨ ਤੋਂ ਬਾਗ਼ੀ ਹੋਏ ਲੋਕਾਂ ਦਾ ਸਮੂਹ ਸੀ ਜੋ ਜਥੇਬੰਦਕ ਰੂਪ ਵਿਚ ਉਸ ਦੇ ਖ਼ਿਲਾਫ਼ ਸੋਚਦੇ ਸਨ। ਗੋਰਖ ਨਾਥ ਉਸ ਸਮੇਂ ਦਾ ਵਿਰੋਧੀ ਧਿਰ ਦਾ ਸਿਰ ਕੱਢ ਆਗੂ ਹੋ ਨਿੱਬੜਦਾ ਹੈ।

ਕਿੱਸਿਆਂ ਅਨੁਸਾਰ ਜਦੋਂ ਪੂਰਨ ਨੂੰ ਕੱਟ-ਵੱਢ ਕੇ ਖੂਹ ਵਿਚ ਸੁੱਟਿਆ ਜਾਂਦਾ ਹੈ ਤੇ ਲੂਣਾ ਨੂੰ ਉਸ ਦੀ ਰੱਤ ਸਬੂਤ ਵਜੋਂ ਪੇਸ਼ ਕੀਤੀ ਜਾਂਦੀ ਹੈ ਉਹ ਪੂਰਨ ਨੂੰ ਮਰਿਆ ਸਮਝ ਲੈਂਦੇ ਹਨ। ਅਰਸੇ ਪਿੱਛੋਂ ਜਦੋਂ ਸਹਿਬਨ ਹੀ ਗੋਰਖ ਨਾਥ ਖੂਹ ਕੋਲੋਂ ਗੁਜ਼ਰਦਾ ਹੈ ਤਾਂ ਪੂਰਨ ਦੀ ਆਵਾਜ਼ ਸੁਣ ਕੇ ਉਸ ਨੂੰ ਉੱਥੋਂ ਕੱਢਦਾ ਹੈ ਤੇ ਪੂਰਨ ਉਸ ਦਾ ਹੀ ਹੋ ਕੇ ਰਹਿ ਜਾਂਦਾ ਹੈ ਅੱਗੋਂ ਜਾ ਕੇ ਉਸ ਦਾ ਪੈਰੋਕਾਰ ਬਣਦਾ ਹੈ। ਪੂਰਨ ਨਾਲ ਹੋਏ ਜ਼ੁਲਮ ਤੇ ਉਸ ਦੇ ਸੁਭਾਅ ਦੀ ਪਕਿਆਈ ਤੇ ਵਫ਼ਾਦਾਰੀ ਗੋਰਖ ਨਾਥ ਸਮਝਦਾ ਹੈ। ਪੂਰਨ ਜੋਗੀ ਬਣ ਜਾਂਦਾ ਹੈ। ਇੱਥੇ ਦੂਜਾ ਕਿਰਦਾਰ ਖ਼ੁਦਮੁਖ਼ਤਿਆਰ ਰਾਣੀ ਸੁੰਦਰਾਂ ਹੈ ਜੋ ਸੂਰਤ ਤੇ ਸੀਰਤ ਤੋਂ




ਬੇਹੱਦ ਸੁਹੱਪਣ ਦੀ ਮਾਲਕ ਹੈ ਉਸ ਨੂੰ ਕੋਈ ਆਮ ਮਰਦ ਪਸੰਦ ਨਹੀਂ ਆਉਂਦਾ ਉਹ ਮਰਦ ਦੇ ਮੱਥੇ ਹੀ ਨਹੀਂ ਲੱਗਦੀ ਇੱਥੋਂ ਤਕ ਕਿ ਜੋਗੀਆਂ ਤਕ ਨੂੰ ਭੀਖ ਵੀ ਆਪ ਨਹੀਂ ਪਾਉਂਦੀ। ਲੇਖਕ ਅਨੁਸਾਰ ਇੱਥੇ ਸੁੰਦਰਾਂ ਜੋਗੀਆਂ ਦੇ ਕਿਰਦਾਰ ਦੀ ਪਰਖ ਦਾ ਪੈਮਾਨਾ ਜਾਂ ਕਸਵੱਟੀ ਬਣ ਕੇ ਉੱਭਰਦੀ ਹੈ। ਜੋਗੀਆਂ ਦੇ ਕਿਰਦਾਰ ਦੀ ਉਸਾਰੀ ਗੁਰੂ ਗੋਰਖ ਨਾਥ ਕਰਦਾ ਹੈ ਤੇ ਜੋਗੀਆਂ ਦੀ ਪਰਖ ਦਾ ਪੈਮਾਨਾ ਗੋਰਖ ਦੇ ਟਿੱਲੇ ਤੇ ਜੋਗਮਤ ਦੀ ਜੂਹ ਤੋਂ ਬਾਹਰ ਹੈ। ਪੂਰਨ ਜੋਗੀ ਦੀ ਵਿਲੱਖਣਤਾ ਨੂੰ ਭਾਂਪਦਿਆਂ ਉਸ ਦੇ ਸੁਨੇਹੇ ਤੋਂ ਸੁੰਦਰਾਂ ਆਪ ਉਸ ਨੂੰ ਭਿੱਖਿਆ ਦੇਣ ਜਾਂਦੀ ਖ਼ੁਦ ਉਸ ਦੀ ਸਵਾਲੀ ਬਣ ਕੇ ਰਹਿ ਜਾਂਦੀ ਹੈ। ਦੂਜੀ ਵਾਰ ਫਿਰ ਗੋਰਖ ਨਾਥ, ਪੂਰਨ ਨੂੰ ਸੁੰਦਰਾਂ ਦੇ ਦਰ 'ਤੇ ਹੀਰੇ-ਮੋਤੀਆਂ ਦੀ ਭਿੱਖਿਆ ਵਾਪਸ ਕਰਨ ਭੇਜਦਾ ਤੇ ਆਮ ਭਿੱਖਿਆ ਖਾਣ-ਪੀਣ ਦੇ ਰੂਪ ਵਿਚ ਮੰਗਣ ਲਈ ਕਹਿੰਦਾ ਹੈ ਤੇ ਸੁੰਦਰਾਂ ਸਾਰੇ ਪਕਵਾਨ ਲੈ ਕੇ ਉਸ ਨਾਲ ਗੋਰਖ ਨਾਥ ਦੇ ਟਿੱਲੇ 'ਤੇ ਜਾਂਦੀ ਹੈ। ਗੋਰਖ ਨਾਥ ਸਾਰੀ ਗੱਲ ਸਮਝਦਾ ਹੈ। ਸੁੰਦਰਾਂ ਦੇ ਮੰਗਣ 'ਤੇ ਆਪਣੇ ਵਫ਼ਾਦਾਰ ਪਿਆਰੇ ਚੇਲੇ ਨੂੰ ਉਸ ਨਾਲ ਤੋਰ ਦਿੰਦਾ ਹੈ।

ਗੋਰਖ ਨਾਥ ਪੂਰਨ ਨੂੰ ਨਵਾਂ ਜੀਵਨ ਦਿੰਦਾ ਹੈ। ਜੀਵਨ ਦਾ ਫ਼ਲਸਫ਼ਾ ਸਿਖਾਉਂਦਾ ਹੈ ਪਰ ਉਹ ਚਾਹੁੰਦਾ ਹੈ ਪੂਰਨ ਮੁੜ ਆਪਣਾ ਨਵਾਂ ਜੀਵਨ ਸ਼ੁਰੂ ਕਰੇ। ਉਹ ਉਸ ਨੂੰ ਜੀਵਨ ਦੀ ਮੁੱਖ ਧਾਰਾ ਨਾਲੋਂ ਤੋੜਨਾ ਨਹੀਂ ਬਲਕਿ ਜੋੜਨਾ ਚਾਹੁੰਦਾ ਹੈ ਪਰ ਪੂਰਨ ਅਜਿਹੀ ਉੱਚੀ ਫ਼ਿਤਰਤ ਦਾ ਮਾਲਕ ਹੈ ਜੋ ਅਸਰ ਗਹਿਰ-ਗੰਭੀਰ ਹੋ ਕੇ ਕਬੂਲਦਾ ਹੈ ਉਸ ਨੂੰ ਤੋੜ ਨਿਭਾਉਂਦਾ ਹੈ। ਰਾਜੇ ਪਿਤਾ ਸਲਵਾਨ ਨਾਲ ਵਫ਼ਾਦਾਰੀ ਨਿਭਾਉਂਦਿਆਂ ਉਸ ਦਾ ਇਮਾਨ ਨਹੀਂ ਡੋਲਦਾ ਉਹ ਆਪਣੇ ਆਚਰਣ ਦੀ ਪ੍ਰਪੱਕਤਾ ਕਾਇਮ ਰੱਖਦਿਆਂ ਮਰਨ ਕਬੂਲ ਕਰਦਾ ਹੈ। ਜਦੋਂ ਉਹ ਗੋਰਖ ਨਾਥ ਦਾ ਚੇਲਾ ਬਣਦਾ ਹੈ ਤਾਂ ਵੀ ਆਚਰਣ ਦੀ ਪਕਿਆਈ ਨੂੰ ਸਾਬਤ-ਸਬੂਤ ਰੱਖਦਾ ਹੈ। ਪੂਰਨ ਦਾ ਕਿਰਦਾਰ ਮੁੱਢ ਤੋਂ ਹੀ ਨਿੱਗਰ ਰਹਿੰਦਾ ਹੈ। ਲੇਖਕ ਅਨੁਸਾਰ ਜਦੋਂ ਪੂਰਨ ਦੇ ਵਾਪਸ ਟਿੱਲੇ 'ਤੇ ਜਾਣ ਮਗਰੋਂ ਸੁੰਦਰਾਂ ਜਾਨ ਦੇ ਦਿੰਦੀ ਹੈ, ਮਹਿਲ ਤੋਂ ਛਾਲ ਮਾਰ ਦਿੰਦੀ ਹੈ ਤਾਂ ਗੋਰਖ ਨਾਥ ਬਹੁਤ ਉਦਾਸ ਹੁੰਦਾ ਹੈ। ਪੂਰਨ ਗ਼ਮਗੀਨ ਨਹੀਂ ਹੁੰਦਾ ਕਿਉਂਕਿ ਉਸਦੀ ਵਫ਼ਾਦਾਰੀ ਗੋਰਖ ਨਾਲ ਹੈ ਸੁੰਦਰਾਂ ਨਾਲ ਨਹੀਂ। ਗੋਰਖ ਨਾਥ ਕਹਿੰਦਾ ਹੈ "ਪੂਰਨਾ! ਸੁੰਦਰਾਂ ਦੀ ਜਾਨ ਤਾਂ ਤੂੰ ਲੈ ਹੀ ਲਈ ਹੈ, ਜਾਹ ਹੁਣ ਆਪਣੇ ਮਾਂ-ਬਾਪ ਨੂੰ ਮਿਲ ਆ! ਉਨ੍ਹਾਂ ਦਾ ਦਿਲ ਹੀ ਠੰਢਾ ਕਰ ਜਾ ਕੇ, ਹੋ ਸਕਦਾ ਹੈ ਇਸ ਤਰ੍ਹਾਂ ਤੇਰੇ ਮਨ ਨੂੰ ਵੀ ਚੈਨ ਆ ਜਾਵੇ" ਗੁਰੂ ਦਾ ਹੁਕਮ ਮੰਨ ਕੇ ਪੂਰਨ ਆਪਣੇ ਵਤਨ ਸਿਆਲਕੋਟ ਵੱਲ ਤੁਰ ਪੈਂਦਾ ਹੈ। ਹਰ ਅਗਨੀ ਪ੍ਰੀਖਿਆ ਵਿੱਚੋਂ ਸਾਬਤ ਨਿਕਲ ਆਉਣ ਵਾਲਾ ਪੂਰਨ ਅਸਲ ਵਿਚ ਪੂਰਨ ਮਨੁੱਖ ਜਾਪਦਾ ਹੈ ਜੋ ਹਰ ਔਖੇ-ਬਿਖੜੇ ਪੈਂਡੇ 'ਤੇ ਅਡੋਲ ਤੁਰਦਾ ਜਾਂਦਾ ਹੈ। ਭਗਤ ਪੂਰਨ ਨਾਇਕ ਬਣ ਕੇ ਉੱਭਰਿਆ ਹੈ।

ਯੂਨੀਸਟਾਰ ਬੁਕਸ ਮੋਹਾਲੀ ਵੱਲੋਂ ਪ੍ਰਕਾਸ਼ਤ ਇਸ ਪੁਸਤਕ ਦੀ ਕੀਮਤ 495 ਰੁਪਏ ਹੈ। ਡਾ. ਪਰਦੇਸੀ ਧੰਨਵਾਦ ਤੇ ਮੁਬਾਰਕ ਦੇ ਹੱਕਦਾਰ ਹਨ। •

# ਵਿਗਿਆਨਕ ਗਲਪ ਦੀ ਪੱਕੀ ਪੈੜ ਰੰਗ ਦੀ ਬਾਜ਼ੀ

• ਜਸਬੀਰ ਕਲਸੀ
81468-13291

ਚੌਥੀ ਪੀੜ੍ਹੀ ਦਾ ਪ੍ਰਤੀਬੱਧ ਅਤੇ ਪ੍ਰਤੀਨਿੱਧ ਕਹਾਣੀਕਾਰ ਅਜਮੇਰ ਸਿੱਧੂ ਦੋ ਦਹਾਕਿਆਂ ਦੌਰਾਨ ਪੰਜਾਬੀ ਕਹਾਣੀ ਨੂੰ ਵਿਭਿੰਨਤਾ ਦੇ ਪੱਖੋਂ ਅਮੀਰ ਕਰ ਰਿਹਾ ਹੈ। ਹੁਣ ਉਸ ਦਾ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਰੰਗ ਦੀ ਬਾਜ਼ੀ' ਰਾਹੀਂ ਇਕ ਨਵੀਂ ਸ਼ਾਖ 'ਵਿਗਿਆਨਕ ਕਲਪਨਾ ਦੇ ਗਲਪ ਤਕ ਪਹੁੰਚ' ਲੈ ਕੇ ਹਾਜ਼ਰ ਹੈ :

ਕਹਾਣੀ 'ਕਿਊਟਾ ਕਿਊਟਾ ਤਾਰੇ ਤਾਰੇ' ਰੋਮਨ ਸਟਾਕਰ ਅਤੇ ਸਾਥੀ ਵਿਗਿਆਨੀ ਨੇ ਅੱਧੀ ਰਾਤ ਤਕ ਪ੍ਰਯੋਗਸ਼ਾਲਾ ਵਿਚ ਪਾਲਤੂ ਜਾਨਵਰ ਬਿੱਲੀ ਅਤੇ ਕੁੱਤੇ ਦੇ ਵੱਖ-ਵੱਖ ਢੰਗ ਤਰੀਕੇ ਨਾਲ ਤਰਲ ਪੀਣ ਬਾਰੇ ਖੋਜ ਕਰ ਸਿਧਾਂਤ ਲੱਭਿਆ, ਜੋ ਵਾਰਤਕ ਸ਼ੈਲੀ ਵਿਚ ਕਹਾਣੀ ਤੇ ਵਾਰਤਕ ਦਾ ਸੁਮਿਸ਼ਰਣ ਹੈ। ਇਸ ਬੰਦ ਅੰਤ ਵਾਲੀ ਰਚਨ ਦਾ ਵਿਚਲਾ ਹਿੱਸਾ ਕੁਝ ਕੁ ਬੀਤੇ ਸਮੇਂ ਦਾ ਤੇ ਬਾਕੀ ਵਰਤਮਾਨ ਹੈ।

'ਅੰਨ੍ਹੇ ਸੁਜਾਖੇ' ਦਾ ਡਾ. ਏਐੱਸ. ਬਾਠ ਮੂਲ ਰੂਪ ਪੰਜਾਬੀ ਹੈ। ਵਿਦੇਸ਼ ਵਿਚ 'ਡੌਲੀ' ਨਾਂ ਦੀ ਭੇਡ ਦਾ ਕਲੋਨ ਤਿਆਰ ਕਰਨ ਵਾਲੀ ਟੀਮ ਵਿਚ ਕੰਮ ਕਰ ਰਿਟਾਇਰਮੈਂਟ ਤੋਂ ਬਾਅਦ ਪੰਜਾਬ ਵਿਚ ਪ੍ਰਯੋਗਸ਼ਾਲਾ ਬਣਾ ਕੇ ਆਲੇ ਦੁਆਲੇ ਦੇ ਲੋਕਾਂ ਨਾਲ ਜੁੜਦਾ ਹੈ। ਪਰ ਲੋਕ ਉਸ ਦੀਆਂ ਪ੍ਰਯੋਗੀ ਕਹਾਣੀਆਂ ਸੁਣ ਕੇ ਗੱਪਾਂ ਛੱਡੀ ਜਾਂਦੇ, ਮਨਮੁਖ ਬੰਦਾ, ਕੂੜ ਪ੍ਰਚਾਰ ਕਰਨ ਵਾਲਾ ਤੇ ਇਹ ਗੱਲਾਂ ਹੋ ਨਹੀਂ ਸਕਦੀਆਂ ਕਹਿੰਦੇ ਹਨ । ਅੰਤ ਡਾ. ਨੂੰ ਉਹੀ ਸਮੁੰਦਰ ਉੱਤੇ ਬਣੇ ਸ਼ਹਿਰ ਵਾਲੀ ਗੱਲ ਯਾਦ ਆਈ ਤਾਂ ਅੱਖਾਂ ਕਿਤਾਬਾਂ ਦੇ ਰੈਕ ਵੱਲ ਗਈਆਂ ਤਾਂ ਕਹਾਣੀ ਦਾ ਕੌਨਟਰੀ ਆਫ ਬਲਾਈਂਡ ਯਾਦ ਆਈ ਤਾਂ ਉਹ ਸਕਾਟਲੈਂਡ ਵਾਪਸ ਪਰਤ ਜਾਣ ਦਾ ਫ਼ੈਸਲਾ ਕਰ ਲੈਂਦਾ ਹੈ ਵਿਗਿਆਨਕ ਜਾਣਕਾਰੀ ਬਣ ਉਭਰਦੀ ਕਹਾਣੀ ਆਦਿ ਬੰਦ ਅੰਤ ਵਾਲੀ ਹੈ।

'ਦਿ ਲੈਨਿਨਜ਼ ਫਰੌਮ ਕਲੋਨ ਵੈਲੀ' ਕਹਾਣੀ 'ਵਿਗਿਆਨੀਆਂ ਨੂੰ ਮਿਲੀ ਮਨੁੱਖੀ ਕਲੋਨ ਬਣਾਉਣ ਦੀ ਇਜਾਜ਼ਤ ' ਖ਼ਬਰ ਨਾਲ ਸ਼ੁਰੂ ਹੋ 25 ਜਨਵਰੀ 2021 ਦੀ ਪੱਟੀ ਵਿਖਾਉਂਦੀ ਨੂੰ ਵੇਖ ਰਹੇ ਪਾਤਰ ਨੇ ਅੱਗੇ ਕੰਪਿਊਟਰ ਚਲਾ ਕੇ ਕਈ ਸਾਈਟਾਂ ਵੇਖੀਆਂ ਤੋਂ 2002, 1997, 1996 ਅਤੇ 2001 ਦੇ ਕਲੋਨ ਦੀ ਖੋਜ ਵੇਖਦਿਆਂ ਪਾਤਰ 'ਬਲੈਕ ਸ਼ੀਪ' ਨਾਂ ਦੀ ਕਵਿਤਾ ਯਾਦ ਆਉਣ ਤੇ ਬਚਪਨ ਵਿਚ ਚਲਾ ਜਾਂਦਾ ਹੈ ਤਾਂ ਫ਼ਲੈਸ਼ਬੈਕ ਰਾਹੀਂ ਪਾਤਰ ਦਾ ਸੰਖੇਪ ਪਿਛੋਕੜ ਅਤੇ ਪਾਤਰ ਦੀ ਨਿਗ੍ਹਾ ਜ਼ਰੀਏ ਸੁਰਤੀ ਕੰਧਾਂ 'ਤੇ ਲੱਗੇ ਪੋਸਟਰਾਂ ਉੱਤੇ ਜੰਮਦੀ ਹੈ। ਮੁੜ ਵਰਤਮਾਨ ਕੰਪਿਊਟਰ ਚਲਦਾ ਹੈ, ਡੈਸਕਟੌਪ 'ਤੇ ਲੱਗੀ ਦੂਜੇ ਪਾਤਰ ਦੇ ਚਿਹਰੇ ਦੀ ਤਸਵੀਰ ਰਾਹੀਂ ਸੁਰਤੀ ਮੁੜ ਪਿਛਲੇ ਸਮੇਂ ਵਿਚ ਮਾਸਕੋ ਯੂਨੀਵਰਸਿਟੀ ਦੀ 2014 ਪੜ੍ਹਾਈ ਸਮੇਂ ਦੀ ਰਾਜਨੀਤਿਕ ਤਬਦੀਲੀ ਆਦਿ ਦੀ ਸੂਚਨਾ ਹੈ। ਮਾਸਕੋ ਤੋਂ ਅੱਗੇ ਸਕਾਟਲੈਂਡ ਵਿਖੇ ਪੜ੍ਹਾਈ ਤੇ 2018 ਵਿਚ ਭਾਰਤ ਵਾਪਸੀ ਦੀ ਸੂਚਨਾ ਹੈ। ਇੰਡੀਅਨ ਰੈਵੋਲਿਊਸ਼ਨਰੀ ਪਾਰਟੀ ਵਿਚ ਕੰਮ ਕਰਨ ਦੇ ਵੇਰਵੇ ਲੈਨਿਨ ਦੇ ਸਰੀਰ ਦੀ ਸੰਭਾਲ ਦੇ ਜ਼ਿਕਰ ਤੋਂ ਅੱਗੇ ਇਨ੍ਹਾਂ ਪਾਤਰਾਂ ਦੁਆਰਾ ਖੋਜਾਂ ਕਰਨ ਦੇ ਵੇਰਵੇ ਹਨ । 2021, 2025, 2030 ਤੇ 2057 ਦੀਆਂ ਮਿਤੀਆਂ ਦੇ ਸਿਰਲੇਖ ਹੇਠ ਲੈਨਿਨ ਦਾ ਕਲੋਨ ਤਿਆਰ ਕਰਨ ਦੀ ਕਹਾਣੀ ਭਾਰਤ ਵਿਚ ਕ੍ਰਾਂਤੀ ਦੀ ਯੋਜਨਾ ਹੈ ਪਰ ਬਣਾਏ ਕਲੋਨ ਦੇ ਵਾਰਿਸ ਬੱਚਿਆਂ ਦਾ ਸੰਤੁਲਿਤ ਜਨਮ ਸੰਭਵ ਨਾ ਹੋਣ ਦੇ ਕਾਰਨ ਦੀ ਕਹਾਣੀ ਬਹੁਤ ਰੌਚਿਕ ਫ਼ਲੈਸ਼ਬੈਕ ਜੁਗਤਾਂ ਨਾਲ ਸਬੰਧਤ ਸੰਭਾਵਨਾਵਾਂ ਭਰਪੂਰ ਯਥਾਰਥ ਜ਼ਰੀਏ ਭਾਰਤ ਦੀ ਕਮਿਊਨਿਸਟ ਪਾਰਟੀ ਦਾ ਸੰਸਾਰ ਦੇ ਸੰਦਰਭ ਵਿਚ ਵਿਸ਼ਲੇਸ਼ਣ ਵਾਲੀ ਕਹਾਣੀ ਹੈ।

'ਮੈਂ ਮਾਂ' ਇਕ ਬੱਚੇ ਦੀਆਂ ਦੋ ਮਾਵਾਂ ਹਨ । ਇਸ ਰੁੱਝਲ ਦੇ ਪਿਛੋਕੜ ਨੂੰ ਫ਼ਲੈਸ਼ਬੈਕ ਰਾਹੀਂ, ਇਕ ਮਾਂ-ਪਿਉ ਪੈਸੇ ਵੱਲੋਂ ਅਮੀਰ ਪਰ ਬੱਚੇ ਦੀ ਘਾਟ ਸੀ। ਦੂਜੇ ਮਾਂ-ਪਿਉ ਦੇ ਤਿੰਨ ਬੇਟੀਆਂ ਸਨ ਕਿ ਪਿਉ ਕਾਰੋਬਾਰ ਦੇ ਘਾਟੇ ਕਾਰਨ ਗਰੀਬ ਹੋਇਆ ਕਿ ਬੇਟੀਆਂ ਦੀ ਉਚੇਰੀ ਸਿੱਖਿਆ ਦਾ ਪਿਉ ਦਾ ਸੁਪਨਾ ਟੁੱਟ ਗਿਆ, ਫਿਰ ਪਿਉ ਦੀ ਤਾਂ ਐਕਸੀਡੈਂਟ ਵਿਚ ਮੌਤ ਵੀ ਹੋ ਗਈ। ਇਕ ਬੇਟੀ ਨੇ ਪਿਉ ਦਾ ਸੁਪਨਾ ਪੂਰਾ ਕਰਨ ਲਈ ਭਾਰਤ ਆਏ ਅਮਰੀਕਨ ਗੋਰੇ ਅਮੀਰ ਮਾਂ ਪਿਉ ਵੱਲੋਂ ਔਲਾਦ ਲਈ ਇਕ ਸਰਗੇਟ ਮਦਰ ਭਾਵ ਕਿਰਾਏ ਉੱਤੇ ਕੁੱਖ ਦੇਣ ਵਾਲੀ ਮਾਂ ਬਣ ਗਈ ਸੀ, ਇਸ ਕਿਰਾਏ ਦੀ ਕੁੱਖ ਨੇ ਅਧੂਰੀ ਪੜ੍ਹਾਈ ਪੂਰੀ ਕਰਾਈ। ਅਮਰੀਕਾ ਵਿਚ ਨੌਕਰੀ ਦਿਵਾਈ। ਮੈਰਿਜ ਲਾਈਫ਼ ਮਿਲੀ ਪਰ ਦਸ ਸਾਲ ਬੱਚਾ ਨਾ ਜੰਮਣ ਦੀ ਸ਼ਰਤ ਜ਼ਰੀਏ ਤਰੱਕੀ ਲਈ। ਇੰਨੇ ਲੰਮੇ ਸਮੇਂ ਵਿਚਕਾਰ ਪਤੀ ਵੀ ਸਾਥ ਛੱਡ ਗਿਆ। ਸਮਾਂ ਲੰਘ ਚੁੱਕਾ ਹੋਣ ਕਰਕੇ ਤੇ ਅਬੌਰਸ਼ਨ ਕਰਵਾਉਣ ਕਰਕੇ ਆਪਣੇ ਬੱਚੇ ਨੂੰ ਜਨਮ ਦੇਣ ਦਾ ਮੌਕਾ ਖ਼ਤਮ ਹੋ ਗਿਆ ਤਾਂ ਜਿਸ ਮਾਂ ਨੂੰ, ਭੈਣਾਂ ਨੂੰ ਸਹਾਰਾ ਦਿੱਤਾ ਅੰਤ ਉਹ ਵੀ ਦੂਰ ਹੋ ਗਈਆਂ ਸਨ। ਕਿਰਾਏ ਦੀ ਕੁੱਖ ਜ਼ਰੀਏ ਪੈਦਾ ਕਰਕੇ ਗੋਰੇ ਜੋੜੇ ਨੂੰ ਦਿੱਤੇ ਬੱਚੇ ਉੱਤੇ ਚੌਵੀ ਸਾਲ ਬਾਅਦ ਮੁੜ ਮਿਲਣ ਤੇ ਕੋਰਟ ਰਾਹੀਂ ਮਾਂ ਦਾ ਹੱਕ ਲੈਣ ਦੇ ਕੇਸ ਵਿਚ ਸ਼ਾਮਲ ਹੋਈ ਤੇ ਫ਼ੈਸਲਾ ਸੁਣਿਆ, 'ਬੱਚੇ ਦੀਆਂ ਖ਼ੁਸ਼ੀਆਂ ਵਿਚ ਰੁਕਾਵਟ ਨਾ ਪਾਵੇ ਤੇ ਆਪਣੀ ਮਮਤਾ




ਦੀ ਪੂਰਤੀ ਲਈ ਕੋਈ ਅਲਟਰਨੇਟਿਵ ਦੇਖੋ' ਫ਼ਲੈਸ਼ਬੈਕ ਜ਼ਰੀਏ ਪੇਸ਼ ਕਹਾਣੀ ਅੰਤ ਸੰਵੇਦਨਸ਼ੀਲਤਾ ਤੇ ਡਾਕਟਰੀ ਵਿਗਿਆਨ ਦੀਆਂ ਖੋਜਾਂ ਅਤੇ ਕੁਦਰਤੀ ਜੀਵਨ ਨੂੰ ਮੁੱਖ ਕਰਕੇ ਨਵ ਯਥਾਰਥ ਦੀ ਵਿਲੱਖਣਤਾ ਬੰਦ ਅੰਤ ਤੋਂ ਖੁੱਲ੍ਹੇ ਅੰਤ ਦਾ ਪ੍ਰਸ਼ਨ ਦੇ ਕੇ ਖ਼ਤਮ ਹੁੰਦੀ ਹੈ।

ਉਪਰੋਕਤ ਚਾਰ ਗਲਪ ਕਹਾਣੀਆਂ ਤੋਂ ਇਲਾਵਾ ਸਮਕਾਲ ਦੇ ਸਮਾਜਿਕ ਸਰੋਕਾਰਾਂ ਦੇ ਗੂੜ੍ਹੇ-ਫਿੱਕੇ ਰੰਗਾਂ ਦੀ ਪੇਸ਼ਕਾਰੀ ਕਰਦੀ 'ਰੰਗ ਦੀ ਬਾਜ਼ੀ ' ਯਾਰ ਮਾਰ ਦੀ ਕਹਾਣੀ ਹੈ। ਸਕੂਲ ਅਧਿਆਪਕ ਵਰਗ ਵਿਚ ਪ੍ਰਤੀਬੱਧ ਅਤੇ ਚਾਪਲੂਸ ਮਨੁੱਖੀ ਸੁਭਾਅ ਵਿੱਚੋਂ ਭ੍ਰਿਸ਼ਟ ਢੰਗ ਨਾਲ ਚਾਪਲੂਸ ਪਾਸ ਹੈ। ਅਖ਼ੀਰ ਸਟੇਟ ਐਵਾਰਡ ਚਾਪਲੂਸ ਲੈ ਜਾਂਦਾ ਹੈ।

'ਕੁਰੁਕਸ਼ੇਤਰ ਤੋਂ ਪਾਰ' ਪੰਜਾਬ '84 ਦੇ ਨਜਾਇਜ਼ ਫਸਾਏ ਤੇ ਦੋ ਨੰਬਰ ਵਿਚ ਵਿਦੇਸ਼ ਪਹੁੰਚੇ, 13-14 ਸਾਲ ਸੰਘਰਸ਼ਸ਼ੀਲ ਗੁਜ਼ਾਰਦਿਆਂ ਪਿੱਛੋਂ ਨੂੰਹ-ਸਹੁਰੇ ਦੀਆਂ ਬੁਰੀਆਂ ਆਦਤਾਂ ਦੀਆਂ ਖ਼ਬਰਾਂ ਨੇ ਇੰਡੀਆ ਲੈ ਆਂਦਾ।

'ਲਿਫ਼ੀ ਲਗਰ ਦੇ ਫੁੱਲ' ਦਸਵੀਂ ਜਮਾਤ ਦੀ ਟੀਨ ਏਜਰ ਕੁੜੀ ਦੀ ਵਰਤਮਾਨ ਮਾਨਸਿਕਤਾ ਤੋਂ ਬੀਤ ਚੁੱਕੇ ਰਾਹੀਂ ਮੁੜ ਵਰਤਮਾਨ ਰਾਹੀਂ ਕਿਰਾਏਦਾਰ ਮਾਪੇ ਮੁੰਡੇ ਦੇ ਕੱਪੜੇ, ਸਾਈਕਲ ਆਦਿ ਦੀ ਪਹਿਲਾਂ ਵਰਤੋਂ ਤੋਂ ਬਾਅਦ ਦੂਸਰੇ ਬੱਚੇ ਕੁੜੀ ਨੂੰ ਵਰਤਣ ਲਈ ਦਿੰਦੇ ਹਨ। ਪਰ ਉਹ ਖ਼ੁਸ਼ ਹਨ। ਇਸ ਬਾਰੇ ਮਕਾਨ ਮਾਲਕ ਕੁੜੀ ਕਿਰਾਏਦਾਰ ਅੰਕਲ ਨਾਲ ਵਿਚਾਰ ਵੀ ਸਾਂਝੇ ਕਰਦੀ ਹੈ। ਪਰ ਉਹ ਕੁੜੀ ਸਮਝ ਜਾਂਦੀ ਹੈ ਤੇ ਆਪਣੇ ਭਰਾ ਦੇ ਪਹਿਨਣ ਤੋਂ ਬਾਅਦ ਮਿਲਦੇ ਕੱਪੜੇ ਪਾਉਣ ਤੋਂ ਇਨਕਾਰ ਨਹੀਂ ਕਰਨਾ ਬਲਕਿ ਘਰ ਦੇ ਗੇਟ ਉੱਤੇ ਪਿਉ ਅਤੇ ਭਰਾ ਦੇ ਨਾਂ ਦੀ ਨੇਮ ਪਲੇਟ ਵਿਚ ਜੋੜ-ਤੋੜ ਕਰ ਕੇ ਭਰਾ ਅਤੇ ਭੈਣ ਦਾ ਸਾਂਝਾ ਨਾਂ ਲਿਖ ਦਿੰਦੀ ਹੈ। ਫ਼ਲੈਸ਼ਬੈਕ ਨੇ ਖੁੱਲ੍ਹੇ ਅੰਤ ਰਾਹੀਂ ਕੁੜੀ ਮੁੰਡਾ ਬਰਾਬਰ ਹਨ ਜਾਂ ਨਹੀਂ ਪ੍ਰਸ਼ਨ ਉਭਾਰਿਆ ਹੈ।

'ਜ਼ਖ਼ਮੀ ਖੰਭਾਂ ਦੀ ਫੜਫੜਾਹਟ' ਸ਼ਹਿਰੀ ਵਿਅਕਤੀ ਦੀ ਐਕਸੀਡੈਂਟ ਜ਼ਰੀਏ ਇਕੱਲਤਾ ਪਤਨੀ ਵੱਲੋਂ ਭਰਾ ਦੇ ਵਿਆਹ ਵਿਚ ਸ਼ਮੂਲੀਅਤ ਕਰਕੇ ਤੇ ਦੂਸਰੀ ਸਵੇਰ ਨੂੰ ਪਿੰਡ ਤੋਂ ਭਰਾ ਦੇ ਆ ਜਾਣ ਤੋਂ ਮਰਦਾਨਗੀ ਮਾਨਸਿਕਤਾ ਵਿਰੋਧੀ-ਜੁੱਟ ਦਾ ਯਥਾਰਥ ਖੁੱਲ੍ਹੇ ਅੰਤ ਵਾਲਾ ਹੈ। ਅਜਮੇਰ ਸਿੱਧੂ ਨੇ ਆਧੁਨਿਕ ਪੰਜਾਬੀ ਬਿਰਤਾਂਤ ਨੂੰ ਨਵ-ਪੂੰਜੀਵਾਦੀ ਤੇ ਵਿਗਿਆਨਕ ਯੁੱਗ-ਵਿਸ਼ੇਸ਼ ਦੇ ਸੁਭਾਅ ਅਨੁਕੂਲ ਗਲਪੀ-ਵਾਰਤਕ ਦੇ ਮਾਧਿਅਮ ਰਾਹੀਂ ਜਟਿਲ ਸੰਰਚਨਾ ਵਾਲਾ ਬਣਾਉਂਦਿਆਂ ਆਪਣਾ ਨਿਵੇਕਲਾ ਕਥਾ-ਮਾਡਲ ਉਸਾਰਿਆ ਹੈ। ਉਸ ਨੇ ਵਿਗਿਆਨਕ ਖੋਜਾਂ ਦੇ ਰਾਹ ਤੁਰੇ ਲੋਕਾਂ ਦੀ ਜਟਿਲ ਅਵਸਥਾ ਨੂੰ ਆਪਣੇ ਕਥਾ-ਬਿਰਤਾਂਤ ਵਿਚ ਪੇਸ਼ ਕੀਤਾ ਹੈ। ਅਜਮੇਰ ਦੀ ਪੁਸਤਕ ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ। ਇਸ ਜ਼ਰੀਏ ਪਾਠਕ ਦੀ ਵਿਗਿਆਨਕ ਕਲਪਨਾ ਦੇ ਗਲਪ ਤਕ ਪਹੁੰਚ ਹੋਈ ਹੈ। ਇਹ ਪਹੁੰਚ ਉਸ ਦੀ ਕਥਾ-ਰਚਨਾ ਦਾ ਵਿਸ਼ੇਸ਼ ਹਾਸਿਲ ਹੈ। ਪੰਜਾਬੀ ਸਾਹਿਤ ਵਿਚ ਵਿਗਿਆਨਕ ਗਲਪ ਦੀ ਪੱਕੀ ਪੈੜ ਦੇ ਨਿਸ਼ਾਨ ਅਜਮੇਰ ਸਿੱਧੂ ਦੀ ਗਲਪ ਚੇਤਨਾ ਰਾਹੀਂ ਪੇਸ਼ ਹੋ ਕੇ ਇਤਿਹਾਸਕ ਅਤੇ ਨਿਵੇਕਲੀ ਪਛਾਣ ਵਜੋਂ ਦਰਜ ਹੋਣਗੀ। •

# ਪੁਸਤਕ ਚਰਚਾ

ਮੋਹਨ ਗਿੱਲ ਦੀ ਵਿਚਾਰ ਚਰਚਾ ਅਧੀਨ ਪੁਸਤਕ ਵਿਚ ਉਸ ਨੇ 86 ਕਵਿਤਾਵਾਂ 15 ਟੱਪੇ ਅਤੇ ਪੰਜਾਬੀ ਸਾਹਿਤ ਦੀ ਨਵੀਂ ਵੰਨਗੀ ਹਾਇਕੂ ਸ਼ੁਮਾਰ ਕੀਤੇ ਹਨ। ਕਵੀ ਨੇ ਪ੍ਰੌੜ ਵਾਰਤਕਾਰ ਵਜੋਂ ਸੈਲਫ਼ੀ ਤੇ ਹਾਇਕੂ ਬਾਬਤ ਕੀਮਤੀ ਜਾਣਕਾਰੀ ਪੇਸ਼ ਕੀਤੀ ਹੈ।

ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਛੋਟੀਆਂ ਤੇ ਬੁਝਾਰਤ ਵਰਗੀਆਂ ਹਨ। ਇਨਸਾਨੀ ਜ਼ਿੰਦਗੀ ਦੇ ਸੁਭਾਅ ਅਤੇ ਕੁਦਰਤ ਦੀ ਕਾਇਆ ਤੋਂ ਲੈ ਕੇ ਇਨਸਾਨੀ ਸੁਭਾਅ 'ਤੇ ਭਾਰੂ ਪੈ ਰਹੀ ਖ਼ੁਦਗਰਜ਼ੀ ਤਕ ਸ਼ਾਇਦ ਹੀ ਇਨਸਾਨੀ ਜ਼ਿੰਦਗੀ ਦਾ ਕੋਈ ਪੱਖ ਹੋਵੇ ਜਿਸ ਨੂੰ ਲੇਖਕ ਨੇ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਨਾ ਬਣਾਇਆ ਹੋਵੇ। ਕਵੀ ਨੇ ਕਵਿਤਾ ਸੈਲਫ਼ੀ ਵਿਚ ਸਾਹਿਤਕ ਮਨ ਦੀ ਵਿਸ਼ਾਲ ਉਡਾਰੀ ਸਮਰੱਥਾ ਦਾ ਪ੍ਰਤੱਖ ਪ੍ਰਮਾਣ ਦਿੱਤਾ ਹੈ। ਸੈਲਫ਼ੀ ਦਾ ਭੂਤ ਅੱਜਕੱਲ੍ਹ ਭਲਾ ਕਿਸ 'ਤੇ ਸਵਾਰ ਨਹੀਂ? ਪਰ ਅਸਲ ਵਿਚ ਸੈਲਫ਼ੀ ਇਨਸਾਨ 'ਤੇ ਭਾਰੂ ਹੋ ਰਹੀ ਇਕੱਲਤਾ ਦਾ ਸਬੂਤ ਹੈ:

*ਹੁਣ ਤਾਂ*
*ਆਪਣੀ ਫੋਟੋ ਵੀ*
*ਆਪ ਖਿੱਚਦਾ ਹੈ-*
*ਕਿੰਨਾ ਇਕੱਲਾ*
*ਹੋ ਗਿਆ ਹੈ ਆਦਮੀ।*

ਪੰਜਾਬ 'ਚ ਵਗ ਰਹੇ ਨਸ਼ਿਆਂ ਦੇ ਦਰਿਆ ਦਾ ਫ਼ਿਕਰ ਕਵੀ ਨੇ ਕਵਿਤਾ 'ਕੱਲਰ' ਵਿਚ ਕੀਤਾ ਹੈ। ਬਰਾਂਡਿਡ ਪਹਿਰਾਵਿਆਂ, ਡਰਾਮੇਬਾਜ਼ੀ ਅਤੇ ਦੂਜਿਆਂ ਸਹਾਰੇ ਪਛਾਣ ਬਣਾਉਣ ਦੇ ਰੁਝਾਨ ਤੋਂ ਲੈ ਕੇ ਇਨਸਾਨ ਦੇ ਦੋਗਲੇ ਕਿਰਦਾਰ, ਰੁੱਖਾਂ ਦੀ ਅਹਿਮੀਅਤ, ਰਾਜਸੀ ਲੋਕਾਂ ਦੇ ਮਤਲਬੀ ਕਿਰਦਾਰ, ਰਿਸ਼ਤਿਆਂ ਦੇ ਘਟ ਰਹੇ ਮੋਹ , ਔਥਰੇ ਫੈਸ਼ਨ ਅਤੇ ਜਵਾਨੀ ਦੇ ਵਧ ਰਹੇ ਪ੍ਰਵਾਸ ਆਦਿ ਤਕ ਸਭ ਦਾ ਬਾਖ਼ੂਬੀ ਵਰਣਨ ਕੀਤਾ ਹੈ। ਕਵੀ ਨੇ ਅਸਲ ਸ਼ਾਂਤੀ ਦੀ ਪ੍ਰਾਪਤੀ ਦਾ ਵਰਣਨ ਕਵਿਤਾ 'ਸ਼ਾਂਤੀ' ਵਿਚ ਕੀਤਾ ਹੈ। ਇਨਸਾਨ ਦੀ ਮਤਲਬ ਪ੍ਰਸਤੀ ਦੇ ਬਖੀਏ ਕਵਿਤਾ 'ਲੋੜਾਂ' ਵਿਚ ਉਧੇੜੇ ਹਨ। ਆਪਣਿਆਂ ਨਾਲ ਮਿਲ ਕੇ ਰੂਹ ਨੂੰ ਮਿਲਣ ਵਾਲੀ ਖ਼ੁਸ਼ੀ ਦੀ ਗੱਲ ਕਵਿਤਾ 'ਖ਼ੁਸ਼ਬੂ' ਵਿਚ ਕੀਤੀ ਹੈ। ਕਿਹਾ ਜਾ ਸਕਦਾ ਹੈ ਕਿ ਕਵੀ ਨੇ ਛੋਟੀਆਂ ਕਵਿਤਾਵਾਂ ਰਾਹੀਂ ਵੱਡੇ ਅਤੇ ਨਿਵੇਕਲੇ ਸੁਨੇਹੇ ਦਿੱਤੇ ਹਨ। ਦੁਆ ਹੈ ਕਵੀ ਦੀ ਕਲਮ ਇਸੇ ਤਰ੍ਹਾਂ ਪੰਜਾਬੀ ਸਾਹਿਤ ਦੀ ਸੇਵਾ ਵਿਚ ਸਰਗਰਮੀ ਨਾਲ ਵਿਚਰਦੀ ਰਹੇ।




ਜੱਗੀ ਬਰਾੜ ਸਮਾਲਸਰ ਪਰਵਾਸੀ ਲੇਖਿਕਾ ਹੈ। ਵਿਚਾਰ ਚਰਚਾ ਅਧੀਨ ਪੁਸਤਕ ਵਿਚ ਲੇਖਿਕਾ ਵੱਲੋਂ 127 ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਬਹੁਤੀਆਂ ਕਵਿਤਾਵਾਂ ਵਿਚ ਵਿਦੇਸ਼ ਦੀ ਜ਼ਿੰਦਗੀ ਜਾਂ ਫਿਰ ਵਿਦੇਸ਼ ਜਾਣ ਦੀ ਲਾਲਸਾ ਨਾਲ ਸਬੰਧਤ ਵਿਸ਼ੇ ਛੋਹੇ ਹਨ। ਕਵਿਤਾ ਇਸ਼ਤਿਹਾਰ ਵਿਚ ਮਾਪਿਆਂ ਵੱਲੋਂ ਹਰ ਹਾਲਤ ਵਿਚ ਆਪਣੇ ਪੁੱਤਰ ਦੀ ਸ਼ਾਦੀ ਵਿਦੇਸ਼ੀ ਕੰਨਿਆ ਨਾਲ ਕਰਨ ਦੇ ਆਲਮ ਦਾ ਜ਼ਿਕਰ ਕੀਤਾ ਹੈ। ਕਵਿਤਾ ਅੱਜਕੱਲ੍ਹ ਕੈਨੇਡਾ ਵਿਚ ਕੈਨੇਡਾ ਦੀ ਜ਼ਿੰਦਗੀ ਦਾ ਬਾਖ਼ੂਬੀ ਵਰਣਨ ਕੀਤਾ ਹੈ। ਕਵਿਤਾਵਾਂ ਗਰੀਟਿੰਗ ਕਾਰਡ, ਪਰਦੇਸੀ ਲੋਥਾਂ, ਵਲਗਣ ਅਤੇ 'ਵਿਚ ਕੈਨੇਡਾ' ਆਦਿ 'ਚ ਵੀ ਵਿਦੇਸ਼ੀ ਜ਼ਿੰਦਗੀ ਦਾ ਵਰਣਨ ਕੀਤਾ ਗਿਆ ਹੈ। ਰੋਜ਼ੀ ਰੋਟੀ ਲਈ ਪਰਦੇਸਾਂ ਵਿਚ ਗਏ ਨੌਜਵਾਨਾਂ ਦੀਆਂ ਅਣਹੋਈਆਂ ਮੌਤਾਂ ਦਾ ਕਾਲਜੇ ਨੂੰ ਧੂਹ ਪਾਉਣ ਵਾਲਾ ਜ਼ਿਕਰ ਵੀ ਇਨ੍ਹਾਂ ਕਵਿਤਾਵਾਂ 'ਚ ਕੀਤਾ ਗਿਆ ਹੈ।

ਪੰਜਾਬ ਵਿਚ ਵਧ ਰਹੇ ਨਸ਼ਿਆਂ ਦੇ ਪ੍ਰਕੋਪ ਦਾ ਦਰਦ ਲੇਖਕਾ ਨੇ ਕਵਿਤਾ 'ਨਵ-ਵਿਆਹੀ ਦੀ ਜ਼ੁਬਾਨੀ' ਵਿਚ ਕੀਤਾ ਹੈ। ਆਪਣੇ ਪਿੰਡ ਦੇ ਬੱਸ ਅੱਡੇ ਦਾ ਵਿਸਥਾਰਤ ਦ੍ਰਿਸ਼ ਕਵਿਤਾ 'ਮੈਂ ਬੱਸ ਅੱਡਾ ਹਾਂ ਸਮਾਲਸਰ ਦਾਂ' ਵਿਚ ਦਿਲਚਸਪ ਤਰੀਕੇ ਨਾਲ ਕੀਤਾ ਹੈ। ਪੰਜਾਬ ਦੀ ਪ੍ਰਦੂਸ਼ਿਤ ਹੋ ਰਹੀ ਧਰਤੀ ਤੋਂ ਲੈ ਕੇ ਵਿਕਾਊ ਹੋ ਰਹੀ ਪੈਲੀ, ਖ਼ਤਮ ਹੋ ਰਹੀ ਭਾਈਚਾਰਕ ਸਾਂਝ, ਕਿਸਾਨ




ਖ਼ੁਦਕੁਸ਼ੀਆਂ, ਅਲੋਪ ਹੋ ਰਹੀ ਸ਼ਰਮ ਹਯਾ,ਦੁੱਧ ਦਹੀ ਦੀ ਜਗ੍ਹਾ ਵਗ ਰਹੇ ਨਸ਼ਿਆਂ ਦੇ ਦਰਿਆ, ਨੌਜਵਾਨਾਂ ਦੀਆਂ ਬੇਵਕਤੀ ਮੌਤਾਂ, ਕੁੜੀਆਂ 'ਤੇ ਹੋ ਰਹੇ ਤੇਜ਼ਾਬੀ ਹਮਲੇ ਅਤੇ ਪੈਦਾ ਹੋ ਰਹੀ ਪੰਜਾਬੀ ਭਾਸ਼ਾ ਤੋਂ ਬੇਮੁਖਤਾ ਤਕ ਦਾ ਹਰ ਫ਼ਿਕਰ ਕਵਿਤਾ 'ਹੈ ਕੋਈ ਵੀਰ' ਵਿਚ ਕੀਤਾ ਗਿਆ ਹੈ।

ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਜ਼ਿੰਦਗੀ ਦੇ ਅੰਗ ਸੰਗ ਤੁਰਦੀਆਂ ਤਲਖ਼ ਹਕੀਕਤਾਂ ਨਾਲ ਖਹਿ ਕੇ ਲੰਘਦੀਆਂ ਪ੍ਰਤੀਤ ਹੁੰਦੀਆਂ ਹਨ। ਸ਼ਾਇਦ ਇਸੇ ਕਾਰਨ ਹੀ ਪਾਠਕ ਦੀ ਦਿਲਚਸਪੀ ਪੁਸਤਕ ਦੇ ਸ਼ੁਰੂ ਤੋਂ ਅਖ਼ੀਰ ਤੱਕ ਬਣੀ ਰਹਿੰਦੀ ਹੈ।

• ਬਿੰਦਰ ਸਿੰਘ ਖੁੱਡੀ ਕਲਾਂ

ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਦੀ ਸਮੁੱਚੀ ਰਚਨਾਕਾਰੀ ਤੇ ਜੀਵਨ ਯਾਦਾਂ ਬਾਰੇ ਸੰਪਾਦਿਤ ਪੁਸਤਕ ਦਾ ਇਹ ਨਵਾਂ ਸੰਸਕਰਣ ਹੈ। ਪੰਜਾਬੀ ਜਗਤ ਜਾਣਦਾ ਹੈ ਕਿ ਨਾਨਕ ਸਿੰਘ (1897-1971) ਨੇ ਆਪਣੀ ਸਾਰੀ ਹਯਾਤੀ ਸਾਹਿਤ ਰਚਨਾ ਦੇ ਲੇਖੇ ਲਾਈ। ਉਸ ਦੀ ਆਪਣੀ ਉਮਰ ਦੇ ਵਰ੍ਹਿਆਂ ਬਰਾਬਰ ਕਿਤਾਬਾਂ ਦੀ ਲੰਮੀ ਸੂਚੀ ਹੈ।

ਇਸ ਪੁਸਤਕ ਵਿਚ ਸੁਝਵਾਨ ਸੰਪਾਦਕਾਂ ਨੇ ਢੁਕਵੀਂ ਤਰਤੀਬ ਦਿੱਤੀ ਹੈ। ਪੁਸਤਕ ਦੇ ਤਿੰਨ ਭਾਗ ਹਨ। ਰਚਨਾ ਵੰਨਗੀ ਵਿਚ ਨਾਨਕ ਸਿੰਘ ਦੀਆਂ ਕਵਿਤਾਵਾਂ ਬੈਂਤ, ਸੀਹਰਫੀਆਂ ਧਾਰਮਿਕ ਕਵਿਤਾਵਾਂ, ਨਾਨਕ ਸਿੰਘ ਦੇ ਲਿਖੇ ਆਖ਼ਰੀ ਨਾਵਲ ਦਾ ਕਾਂਡ, ਕਹਾਣੀ ਕੱਲੋ, ਵਾਰਤਕ ਰਚਨਾਵਾਂ ਮਹਾਨ ਵਿਚਾਰ, ਨਾਟਕ ਚੌੜ ਚਾਨਣ ਨਾਨਕ ਸਿੰਘ ਦੇ ਜੀਵਨ ਕਾਲ ਤੇ ਪੁਰਸਕਾਰ ਪ੍ਰਾਪਤੀ, ਬੱਚਿਆਂ ਨਾਲ ਪ੍ਰੋ. ਮੋਹਨ ਸਿੰਘ ਨਾਲ ਦੁਰਲਭ ਤਸਵੀਰਾਂ ਹਨ। ਦੂਸਰੇ ਭਾਗ ਵਿਚ ਨਾਨਕ ਸਿੰਘ ਦੀ ਅਜ਼ੀਮ ਸ਼ਖ਼ਸੀਅਤ ਨੂੰ ਰੌਸ਼ਨ ਕਰਦੇ 13 ਵਿਦਵਾਨਾਂ ਦੇ ਲੇਖ ਹਨ ਜਿਨ੍ਹਾਂ ਵਿਚ ਬਰਜਿੰਦਰ ਸਿੰਘ ਹਮਦਰਦ, ਵਰਿੰਦਰ ਵਾਲੀਆ, ਮੁਖਤਾਰ ਗਿੱਲ, ਸ਼ਿੰਗਾਰਾ ਸਿੰਘ ਭੁੱਲਰ, ਡਾ. ਕੁਲਦੀਪ ਸਿੰਘ ਧੀਰ, ਸਤਿੰਦਰ ਸਿੰਘ ਨੂਰ, ਡਾ ਮੋਹਨਜੀਤ ਤੇ ਕਰਮਜੀਤ ਸਿੰਘ ਸੂਰੀ ਦੀਆਂ ਨਾਨਕ ਸਿੰਘ ਨਾਲ ਜੁੜੀਆਂ ਮਿੱਠੀਆਂ ਯਾਦਾਂ ਹਨ। ਤੀਸਰੇ ਭਾਗ ਵਿਚ ਨਾਨਕ ਸਿੰਘ ਦੇ ਨਾਵਲਾਂ ਵਿੱਚੋਂ ਲਏ ਪ੍ਰਸਿੱਧ ਪਾਤਰ ਕਿਦਾਰ (ਪਵਿੱਤਰ ਪਾਪੀ), ਬਾਬਾ ਰੇਡੂ ਸਰੋਜ ਦੇਸ਼ ਵੰਡ ਬਾਰੇ ਨਾਵਲ, ਕਹਾਣੀ ਸੰਗ੍ਰਹਿ ਸੁਨਹਿਰੀ ਜਿਲਦ, ਨਾਨਕ ਸਿੰਘ ਦੀ ਕਵੀਸ਼ਰੀ ਬਾਰੇ ਡਾ ਕੁਲਦੀਪ ਸਿੰਘ ਧੀਰ, ਸਤੀਸ਼ ਕੁਮਾਰ ਵਰਮਾ, ਹਰਬੰਸ ਸਿੰਘ ਧੀਮਾਨ, ਡਾ. ਜਗਦੀਸ਼ ਕੌਰ ਵਾਡੀਆ, ਪ੍ਰੋ ਸ ਸੋਚ , ਨਾਵਲ ਮਤਰੇਈ ਮਾਂ ਦਾ ਵਿਸ਼ਲੇਸ਼ਣ ਸਮੇਤ 16 ਲੇਖ ਹਨ। ਪੁਸਤਕ, ਯੁਗ ਪੁਰਸ਼ ਨਾਨਕ ਸਿੰਘ ਦੇ ਲੱਖਾਂ ਪਾਠਕਾਂ, ਖੋਜਾਰਥੀਆਂ ਤੇ ਵਿਦਵਾਨਾਂ ਲਈ ਬਹੁਮੁੱਲੀ ਸੁਗਾਤ ਹੈ । ਸੰਪਾਦਕ ਸਾਹਿਬਾਨ ਤੇ ਪ੍ਰਕਾਸ਼ਕ ਜਸਵਿੰਦਰ ਪੰਜਾਬੀ ਦੀ ਮਿਹਨਤ ਨੂੰ ਸਲਾਮ।

• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ




'ਮਨ ਦੇ ਮੋਤੀ' ਸੁਰਿੰਦਰ ਦੀਪ ਦੀ ਪਲੇਠੀ ਪੁਸਤਕ ਹੈ ਜਿਸ 'ਚ ਕੁਲ 55 ਮਿੰਨੀ ਕਹਾਣੀਆਂ ਹਨ। ਇਹ ਜ਼ਿਆਦਾਤਰ ਔਰਤਾਂ ਨਾਲ ਸਬੰਧਤ ਹਨ ਕਿ ਕਿਵੇਂ ਅੱਜ ਦੀ ਔਰਤਾਂ ਦੀਆਂ ਭਾਵਨਾਵਾਂ ਨੂੰ ਸਮਝਿਆ ਨਹੀਂ ਜਾ ਰਿਹਾ ਬੇਸ਼ਕ ਉਹ ਪੜ੍ਹ ਲਿਖ ਗਈਆਂ ਹਨ ਫਿਰ ਵੀ ਕਿਧਰੇ ਨਾ ਕਿਧਰੇ ਵਖਰੇਵਾਂ ਝਲਕਦਾ ਹੈ ਤੇ ਕਾਫ਼ੀ ਕਹਾਣੀਆਂ ਅਜਿਹੀਆਂ ਵੀ ਹਨ ਜੋ ਸਮਾਜਿਕ ਬੁਰਾਈਆਂ ਨਾਲ ਸਬੰਧਿਤ ਹਨ। ਕਹਾਣੀ 'ਆਪਣਾ ਘਰ' ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਔਰਤ ਵੀ ਚਾਹੁੰਦੀ ਹੈ ਕਿ ਉਸ ਦਾ ਕੋਈ ਆਪਣਾ ਘਰ ਹੋਵੇ ਤੇ ਉਹ ਵੀ ਸਵੈ ਨਿਰਭਰ ਹੋਵੇ। ਇਸ ਤੋਂ ਇਲਾਵਾ 'ਫੋਟੋ, ਛੁੱਕਲ ਵਾਲਾ ਦੀਵਾ, ਸੁਖਣਾ, ਰਮਨ ਦੀ ਇੱਛਾ, ਫੁੱਲ ਗਰੰਟੀ, ਸ਼ਗਨ ਅਪਸ਼ਗਨ , ਪਹਿਲ ਆਦਿ ਕਹਾਣੀਆਂ ਸਾਡੇ ਸਮਾਜ ਦੀ ਅਜੋਕੀ ਵਿਵਸਥਾ ਤੇ ਸੋਚ ਨੂੰ ਦਰਸਾਉਂਦੀਆਂ ਹਨ।

ਇਨ੍ਹਾਂ ਕਹਾਣੀਆਂ ਵਿਚ ਲੇਖਕਾ ਨੇ ਦੱਸਿਆ ਕਿ ਕਿਸ ਤਰ੍ਹਾਂ ਸਾਡੇ ਸਮਾਜ ਦੀ ਹਾਲਤ ਨਿਘਾਰ ਵੱਲ ਜਾ ਰਹੀ ਹੈ ਕਿਵੇਂ ਲੋਕਾਂ ਵਿਚ ਝੂਠ ਬੋਲਣਾ, ਵਹਿਮ ਭਰਮ, ਨਸ਼ੇ ਕਰਨਾ ਸਭ ਵਧਦਾ ਜਾ ਰਿਹਾ ਹੈ। ਲੇਖਕਾ ਦਾ ਲਿਖਣ ਢੰਗ ਬਹੁਤ ਹੀ ਸਪਸ਼ਟ ਹੈ ਤੇ ਹਰ ਇਕ ਕਹਾਣੀ ਵਿਚ ਕੁਝ ਨਵਾਂ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਸਾਰੀਆਂ ਕਹਾਣੀਆਂ ਵਿਚ ਗਤੀਸ਼ੀਲਤਾ ਹੈ। ਸ਼ੈਲੀ ਵਿਚ ਨਿਵੇਕਲਾਪਣ ਹੈ। ਇਸ ਤੋਂ ਬਿਨਾਂ ਕਹਾਣੀ 'ਫਾਦਰਜ਼ ਡੇਅ' ਵਿਚ ਲੇਖਕਾ ਨੇ ਇਹ ਦਿਖਾਇਆ ਹੈ




ਕਿ ਪੁੱਤਰਾਂ ਨਾਲੋਂ ਧੀਆਂ ਮਾਪਿਆਂ ਦਾ ਜ਼ਿਆਦਾ ਧਿਆਨ ਰੱਖਦੀਆਂ ਹਨ ਜਦ ਕਿ ਪੁੱਤਰ ਆਪਣੇ ਸੰਸਕਾਰ ਭੁੱਲ ਜਾਂਦੇ ਹਨ। ਆਪਣੀਆਂ ਜ਼ਿਆਦਾਤਰ ਕਹਾਣੀਆਂ ਵਿਚ ਲੇਖਕਾ ਨੇ ਅਜੋਕੀ ਨਾਰੀ ਨੂੰ ਮੁੱਖ ਰੱਖ ਕੇ ਉਸ ਦਾ ਸੁਹਜਮਈ ਚਿਤਰਨ ਕੀਤਾ ਹੈ।

ਅਜੋਕੀ ਨਾਰੀ ਵਧੇਰੇ ਸੁਝਵਾਨ ਹੋ ਰਹੀ ਹੈ ਜਿਸ ਕਾਰਨ ਉਹ ਅਗਾਂਹਵਧੂ ਵੀ ਹੋ ਰਹੀ ਹੈ ਤੇ ਉਹ ਚਾਹੁੰਦੀ ਹੈ ਕਿ ਸਮਾਜ ਵਿਚ ਉਸ ਨੂੰ ਉਸ ਦਾ ਬਣਦਾ ਸਥਾਨ ਮਿਲੇ। ਲੇਖਕਾ ਦਾ ਕਹਾਣੀ ਸੰਗ੍ਰਹਿ ਸਮਾਜਿਕ, ਰਾਜਸੀ, ਆਰਥਿਕ, ਨੈਤਿਕ ਮਸਲਿਆਂ ਪ੍ਰਤੀ ਸੰਜੀਦਾ ਹੈ। ਸੁੰਦਰ ਦਿੱਖ ਵਾਲੀ ਇਸ ਪੁਸਤਕ ਦਾ ਸੁਆਗਤ ਹੈ।

• ਇੰਦਰਪ੍ਰੀਤ ਕੌਰ

# ਲੋਕਾਂ ਲਈ ਜਵਾਬਦੇਹ ਅਤੇ ਅਸਰਦਾਰ ਵਿਵਸਥਾ ਕਾਇਮ ਕਰਨ ਵਾਸਤੇ ਪੰਜਾਬ ਪੁਲਿਸ ਨੂੰ ਆਧੁਨਿਕ ਲੀਹਾਂ 'ਤੇ ਪਾਇਆ : ਮੁੱਖ ਮੰਤਰੀ

**➢ ਐਸ.ਐਚ.ਓਜ਼ ਲਈ 410 ਨਵੇਂ ਹਾਈ-ਟੈੱਕ ਵਾਹਨਾਂ ਨੂੰ ਹਰੀ ਝੰਡੀ ਵਿਖਾਈ ➢ ਪਹਿਲੀ ਵਾਰ ਹੇਠਲੇ ਪੱਧਰ ਉਤੇ ਪੁਲਿਸ ਨੂੰ ਨਵੇਂ ਵਾਹਨ ਦਿੱਤੇ ➢ ਸਪਲਾਈ ਲਾਈਨ ਤੋੜ ਕੇ ਪੰਜਾਬ ਨੂੰ ਮੁਕੰਮਲ ਤੌਰ ਉਤੇ ਨਸ਼ਾ ਮੁਕਤ ਬਣਾਉਣ ਦਾ ਅਹਿਦ ਦੁਹਰਾਇਆ**

**ਫਿਲੌਰ (ਜਲੰਧਰ), 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਵਾਸੀਆਂ ਨੂੰ ਕਾਰਗਰ, ਜਵਾਬਦੇਹ ਅਤੇ ਪ੍ਰਭਾਵਸ਼ਾਲੀ ਪੁਲਿਸ ਸੇਵਾ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ ਪੰਜਾਬ ਪੁਲਿਸ ਨੂੰ ਆਧੁਨਿਕ ਲੀਹਾਂ 'ਤੇ ਪਾਇਆ ਹੈ। ਅੱਜ ਇੱਥੇ 410 ਨਵੇਂ ਹਾਈ-ਟੈੱਕ ਵਾਹਨਾਂ ਨੂੰ ਹਰੀ ਝੰਡੀ ਦਿਖਾਉਣ ਤੋਂ ਪਹਿਲਾਂ ਇੱਥੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਵਾਰ ਐਸ.ਐਚ.ਓਜ਼ (ਥਾਣਾ ਮੁਖੀਆਂ) ਨੂੰ ਨਵੇਂ ਵਾਹਨ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਪੁਰਾਣੀ ਵਿਵਸਥਾ ਦੇ ਉਲਟ ਕੀਤੀ ਗਈ ਹੈ ਕਿਉਂਕਿ ਇਸ ਤੋਂ ਪਹਿਲਾਂ ਜ਼ਮੀਨੀ ਪੱਧਰ 'ਤੇ ਨਵੇਂ ਵਾਹਨ ਸਿਰਫ ਉੱਚ ਅਧਿਕਾਰੀਆਂ ਨੂੰ ਦਿੱਤੇ ਜਾਂਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਵਿੱਚ ਐਸ.ਐਚ.ਓ. ਪੰਜਾਬ ਪੁਲਿਸ ਦਾ ਅਸਲ ਚਿਹਰਾ ਹਨ ਕਿਉਂ ਜੋ ਉਹ ਸਿੱਧੇ ਤੌਰ 'ਤੇ ਲੋਕਾਂ ਨਾਲ ਜੁੜੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੜਕ ਸੁਰੱਖਿਆ ਫੋਰਸ ਨੇ ਪੰਦਰਵਾੜੇ ਦੇ ਅੰਦਰ ਮੌਤ ਦਰ ਨੂੰ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਪਹਿਲਾਂ ਔਸਤਨ 17 ਮੌਤਾਂ ਪ੍ਰਤੀ ਦਿਨ ਹੁੰਦੀਆਂ ਸਨ, ਜਦਕਿ ਇਕ ਫਰਵਰੀ ਨੂੰ ਜਦੋਂ ਤੋਂ ਇਸ ਫੋਰਸ ਨੂੰ ਸੜਕਾਂ ਉਤੇ ਤਾਇਨਾਤ ਕੀਤਾ ਗਿਆ ਹੈ, ਤੋਂ ਲੈ ਕੇ 15 ਦਿਨਾਂ ਦੇ ਅੰਦਰ 13 ਮੌਤਾਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਹ ਤਾਂ ਅਜੇ ਸਿਰਫ਼ ਸ਼ੁਰੂਆਤ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਗਿਣਤੀ ਹੋਰ ਘਟਾਈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੜਕ ਸੁਰੱਖਿਆ ਫੋਰਸ ਜ਼ਿਲ੍ਹਾ ਪੁਲਿਸ ਤੋਂ ਬੋਝ ਘਟਾਉਣ ਅਤੇ ਉਨ੍ਹਾਂ ਦੀ ਕਾਰਜਕੁਸ਼ਲਤਾ ਵਿੱਚ ਸੁਧਾਰ ਕਰਨ ਵਿੱਚ ਸਹਾਈ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਕ ਪਾਸੇ ਸੂਬੇ ਵਿੱਚ ਸੜਕ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਨੂੰ ਰੋਕਣ ਅਤੇ ਦੂਜੇ ਪਾਸੇ ਸੂਬੇ ਦੀਆਂ ਸੜਕਾਂ 'ਤੇ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਸੂਬਾ ਸਰਕਾਰ ਸੜਕ ਸੁਰੱਖਿਆ ਫੋਰਸ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਆਪਣੀ ਕਿਸਮ ਦੀ ਪਹਿਲੀ ਵਿਸ਼ੇਸ਼ ਫੋਰਸ ਪੰਜਾਬ ਵਿੱਚ ਰੋਜ਼ਾਨਾ ਸੜਕ ਹਾਦਸਿਆਂ ਵਿੱਚ ਅਜਾਈਂ ਜਾ ਰਹੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਅਹਿਮ ਭੂਮਿਕਾ ਨਿਭਾ ਰਹੀ ਹੈ ਅਤੇ ਇਸ ਫੋਰਸ ਨੂੰ ਅੰਨ੍ਹੇਵਾਹ ਡਰਾਈਵਿੰਗ ਕਰਨ, ਸੜਕਾਂ 'ਤੇ ਵਾਹਨਾਂ ਦੀ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਹੋਰ ਕੰਮਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸ਼ੁਰੂਆਤੀ ਤੌਰ 'ਤੇ ਅਤਿ-ਆਧੁਨਿਕ ਯੰਤਰਾਂ ਨਾਲ ਲੈਸ 129 ਵਾਹਨ ਹਰ 30 ਕਿਲੋਮੀਟਰ ਬਾਅਦ ਸੜਕਾਂ 'ਤੇ ਤਾਇਨਾਤ ਕੀਤੇ ਗਏ ਹਨ ਅਤੇ ਇਨ੍ਹਾਂ ਵਾਹਨਾਂ ਕੋਲ ਕਿਸੇ ਵੀ ਲੋੜਵੰਦ ਵਿਅਕਤੀ ਨੂੰ ਐਮਰਜੈਂਸੀ ਇਲਾਜ ਮੁਹੱਈਆ ਕਰਵਾਉਣ ਲਈ ਪੂਰੀ ਮੈਡੀਕਲ ਕਿੱਟ ਵੀ ਮੌਜੂਦ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਹੱਦੀ ਸੂਬਾ ਹੋਣ ਕਰਕੇ ਦੁਸ਼ਮਣ ਤਾਕਤਾਂ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਦੇ ਨਾਪਾਕ ਮਨਸੂਬੇ ਘੜ ਰਹੀਆਂ ਹਨ ਪਰ ਪੰਜਾਬ ਪੁਲਿਸ ਨੇ ਹਮੇਸ਼ਾ ਹੀ ਅਜਿਹੀਆਂ ਸਾਜ਼ਿਸ਼ਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਦਰਪੇਸ਼ ਵੱਡੀਆਂ ਚੁਣੌਤੀਆਂ 'ਤੇ ਕਾਬੂ ਪਾਉਣ ਲਈ ਇਹ ਜ਼ਰੂਰੀ ਹੈ ਕਿ ਪੁਲਿਸ ਫੋਰਸ ਨੂੰ ਜਾਂਚ, ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਆਧੁਨਿਕ ਲੋੜਾਂ ਨਾਲ ਲੈਸ ਕੀਤਾ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਪੁਲਿਸ ਨੂੰ ਵਿਗਿਆਨਕ ਲੀਹਾਂ 'ਤੇ ਅਪਗ੍ਰੇਡ ਕਰਨ ਅਤੇ ਆਧੁਨਿਕ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਆਉਣ ਵਾਲੇ ਸਮੇਂ ਵਿੱਚ ਵੀ ਦੇਸ਼ ਦੀ ਨਿਰਸਵਾਰਥ ਸੇਵਾ ਦੀ ਆਪਣੀ ਸ਼ਾਨਦਾਰ ਵਿਰਾਸਤ ਨੂੰ ਬਰਕਰਾਰ ਰੱਖੇਗੀ। ਮੁੱਖ ਮੰਤਰੀ ਨੇ ਕਿਹਾ ਕਿ ਮਹਿਲਾ ਸਸ਼ਕਤੀਕਰਨ ਦੇ ਮਨੋਰਥ ਨਾਲ ਔਰਤਾਂ ਦੀ ਸੁਰੱਖਿਆ ਅਤੇ ਹਿਫਾਜ਼ਤ ਲਈ ਅੱਠ ਵਿਸ਼ੇਸ਼ ਮਹਿਲਾ ਥਾਣੇ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਸੀਨੀਅਰ ਪੁਲੀਸ ਕਪਤਾਨ ਵਜੋਂ ਮਹਿਲਾ ਅਧਿਕਾਰੀ ਤਾਇਨਾਤ ਹਨ ਅਤੇ 10 ਤੋਂ ਵੱਧ ਜ਼ਿਲ੍ਹਿਆਂ ਵਿੱਚ ਮਹਿਲਾ ਡਿਪਟੀ ਕਮਿਸ਼ਨਰ ਹਨ।

# ਮੈਂ ਅਸਤੀਫ਼ਾ ਨਹੀਂ ਦਿੱਤਾ ਤੇ ਕਾਂਗਰਸ ਸਰਕਾਰ 5 ਸਾਲ ਦਾ ਕਾਰਜਕਾਲ ਪੂਰਾ ਕਰੇਗੀ: ਸੁੱਖੂ



**ਸ਼ਿਮਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਆਸੀ ਸੰਕਟ ਦੇ ਬਾਵਜੂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਅੱਜ ਕਿਹਾ ਕਿ ਉਨ੍ਹਾਂ ਨੇ ਅਸਤੀਫਾ ਨਹੀਂ ਦਿੱਤਾ ਹੈ ਅਤੇ ਦਾਅਵਾ ਕੀਤਾ ਕਿ ਕਾਂਗਰਸ ਸਰਕਾਰ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਕਰੇਗੀ। ਸ੍ਰੀ ਸੁੱਖੂ ਵੱਲੋਂ ਅਸਤੀਫ਼ਾ ਦੇਣ ਦੀ ਪੇਸ਼ਕਸ਼ ਦੀਆਂ ਖ਼ਬਰਾਂ ਤੋਂ ਬਾਅਦ ਹਿਮਾਚਲ ਦੇ ਮੁੱਖ ਮੰਤਰੀ ਨੇ ਕਿਹਾ, 'ਮੈਂ ਅਸਤੀਫ਼ਾ ਨਹੀਂ ਦਿੱਤਾ ਹੈ। ਮੈਂ ਯੋਧਾ ਹਾਂ, ਲੜਦਾ ਰਹਾਂਗਾ।' ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਾਂਗਰਸ ਪਾਰਟੀ ਪੰਜ ਸਾਲ ਸੱਤਾ ਵਿੱਚ ਰਹੇਗੀ। ਆਪਣੇ ਕੈਬਨਿਟ ਸਹਿਯੋਗੀ ਵਿਕਰਮਾਦਿੱਤਿਆ ਸਿੰਘ ਦੇ ਅਸਤੀਫੇ 'ਤੇ ਮੁੱਖ ਮੰਤਰੀ ਨੇ ਕਿਹਾ, 'ਉਹ ਮੇਰਾ ਭਰਾ ਹੈ। ਉਸ ਦੀਆਂ ਕੁਝ ਸ਼ਿਕਾਇਤਾਂ ਹਨ ਅਤੇ ਉਸ ਨੇ ਮੇਰੇ ਨਾਲ ਕਈ ਵਾਰ ਗੱਲ ਕੀਤੀ ਹੈ। ਮਾਮਲਾ ਸੁਲਝਾ ਲਵਾਂਗੇ।' ਇਸ ਦੌਰਾਨ ਸ਼ਾਮ ਨੂੰ ਇੱਥੇ ਕਾਂਗਰਸ ਵਿਧਾਇਕ ਦਲ ਦੀ ਮੀਟਿੰਗ ਹੋਣ ਵਾਲੀ ਹੈ। ਪਾਰਟੀ ਨੇ ਅਬਜ਼ਰਵਰਾਂ ਨੂੰ ਸੂਬੇ ਦੇ ਸਾਰੇ ਵਿਧਾਇਕਾਂ ਨਾਲ ਗੱਲ ਕਰਨ ਅਤੇ ਸੰਕਟ 'ਤੇ ਇਕ ਵਿਆਪਕ ਰਿਪੋਰਟ ਤਿਆਰ ਕਰਨ ਲਈ ਵੀ ਕਿਹਾ ਹੈ।

# ਪੰਜਾਬ 'ਚ 5 ਸਾਲ ਦਾ ਕਾਰਜਕਾਲ ਪੂਰਾ ਕਰ ਚੁੱਕੀਆਂ ਸਾਰੀਆਂ ਪੰਚਾਇਤਾਂ ਭੰਗ

**ਚੰਡੀਗੜ੍ਹ, 29 ਫਰਵਰੀ**
**-ਸ਼ਿਵ ਨਰਾਇਣ ਜਾਂਗੜਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਪੰਜ ਸਾਲ ਦਾ ਕਾਰਜਕਾਲ ਪੂਰਾ ਕਰਨ ਵਾਲੀਆਂ ਸਾਰੀਆਂ ਪੰਚਾਇਤਾਂ ਨੂੰ ਭੰਗ ਕਰ ਦਿੱਤਾ ਗਿਆ ਹੈ।

ਇਸ ਨਾਲ ਸੂਬੇ ਵਿੱਚ ਪੰਚਾਇਤੀ ਚੋਣਾਂ ਕਰਵਾਉਣ ਦਾ ਰਾਹ ਪੱਧਰਾ ਹੋ ਗਿਆ ਹੈ। ਇਨ੍ਹਾਂ ਦੀਆਂ ਚੋਣਾਂ ਲੋਕ ਸਭਾ ਚੋਣਾਂ ਤੋਂ ਬਾਅਦ ਹੋਣਗੀਆਂ।

# ਪੰਜਾਬੀ ਯੂਨੀਵਰਸਿਟੀ ਦੀ 40ਵੀਂ ਕਨਵੋਕੇਸ਼ਨ ਮੌਕੇ ਵਿਦਿਆਰਥੀਆਂ ਨੂੰ ਡਿਗਰੀਆਂ ਤੇ ਮੈਡਲ ਪ੍ਰਦਾਨ

**ਸਿੱਖਿਆ ਪ੍ਰਾਪਤੀ ਦਾ ਮੁੱਖ ਮਕਸਦ ਚੰਗੇ ਚਰਿੱਤਰ ਦਾ ਨਿਰਮਾਣ ਕਰਨਾ: ਰਾਜਪਾਲ ਬਨਵਾਰੀ ਲਾਲ ਪੁਰੋਹਿਤ**

**ਪਟਿਆਲਾ, 29 ਫਰਵਰੀ**
**-ਡਾ. ਜਗਮੋਹਨ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

"ਸਿੱਖਿਆ ਪ੍ਰਾਪਤੀ ਦਾ ਮੁੱਖ ਮਕਸਦ ਇੱਕ ਚੰਗੇ ਚਰਿੱਤਰ ਦਾ ਨਿਰਮਾਣ ਕਰਨਾ ਹੈ। ਅਜਿਹਾ ਚਰਿੱਤਰ ਜੋ ਇਮਾਨਦਾਰੀ ਅਤੇ ਲਗਨ ਦੇ ਬਲਬੂਤੇ ਆਪਣੀ ਸ਼ਖ਼ਸੀਅਤ ਨੂੰ ਚਮਕਾਵੇ ਅਤੇ ਸਮਾਜ ਅਤੇ ਦੇਸ਼ ਦੇ ਨਿਰਮਾਣ ਵਿੱਚ ਵੀ ਆਪਣਾ ਭਰਪੂਰ ਪਾਵੇ।" ਇਹ ਵਿਚਾਰ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬੀ ਯੂਨੀਵਰਸਿਟੀ ਦੀ 40ਵੀਂ ਕਨਵੋਕੇਸ਼ਨ ਮੌਕੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਪੀ-ਐੱਚ.ਡੀ. ਡਿਗਰੀਆਂ ਅਤੇ ਮੈਡਲ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਚੰਗਾ ਚਰਿੱਤਰ ਹੀ ਸਾਰੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਵਾ ਸਕਦਾ ਹੈ। ਇਸ ਕਰਕੇ ਉਨ੍ਹਾਂ ਨੂੰ ਇਸ ਦੇ ਨਿਰਮਾਣ ਵਾਸਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਪੰਜਾਬੀ ਯੂਨੀਵਰਸਿਟੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨੇ ਆਪਣੀ ਸਥਾਪਨਾ ਦੇ ਮੰਤਵ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੇ ਪਾਸਾਰ ਵਿੱਚ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕਾਦਮਿਕ ਅਤੇ ਚਿੰਤਨ ਪੱਖੋਂ ਪੰਜਾਬੀ ਯੂਨੀਵਰਸਿਟੀ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਅਤੇ ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ ਦੇ ਜੀਵਨ ਅਤੇ ਦਰਸ਼ਨ ਦੇ ਹਵਾਲਿਆਂ ਨਾਲ ਸਾਦੀ ਅਤੇ ਇਮਾਨਦਾਰੀ ਭਰਪੂਰ ਜੀਵਨ ਸ਼ੈਲੀ ਅਪਨਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ।

ਉਪ-ਕੁਲਪਤੀ ਪ੍ਰੋ. ਅਰਵਿੰਦ ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਹੁਣ ਨਿਰੰਤਰ ਮੰਜ਼ਲਾਂ ਸਰ ਕਰਦੀ ਹੋਈ ਅੱਗੇ ਵੱਲ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀ ਕਨਵੋਕੇਸ਼ਨ ਛੇ ਸਾਲ ਦੇ ਵਕਫ਼ੇ ਉਪਰੰਤ ਹੋਈ ਸੀ ਪਰ ਹੁਣ ਯੂਨੀਵਰਸਿਟੀ ਨੇ ਬੈਕਲੌਗ ਕੰਮ ਛੱਡਣ ਦੀ ਪਿਰਤ ਨੂੰ ਹੀ ਹੌਲੀ ਹੌਲੀ ਖਤਮ ਕਰ ਦਿੱਤਾ ਹੈ।ਪੰਜਾਬੀ ਯੂਨੀਵਰਸਿਟੀ ਦੀਆਂ ਆਰਥਿਕ ਹਾਲਤਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਯੂਨੀਵਰਸਿਟੀ ਦੀ ਗ੍ਰਾਂਟ 9.5 ਕਰੋੜ ਪ੍ਰਤੀ ਮਹੀਨਾ ਤੋਂ ਵਧਾ ਕੇ 30 ਕਰੋੜ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਇਸ ਨਾਲ ਯੂਨੀਵਰਸਿਟੀ ਦੀ ਵਿੱਤੀ ਹਾਲਤ ਸੁਧਾਰ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਅਕਤੂਬਰ ਵਿੱਚ ਯੂਨੀਵਰਸਿਟੀ ਨੂੰ ਨੈਕ ਏ ਪਲੱਸ ਗਰੇਡ ਹਾਸਿਲ ਹੋਣ ਉਪਰੰਤ ਯੂਨੀਵਰਸਿਟੀ ਨੂੰ 'ਪੀ. ਐੱਮ. ਊਸ਼ਾ' ਅਭਿਆਨ ਹੇਠ ਵੀਹ ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਹ ਗ੍ਰਾਂਟ ਹਾਸਲ ਕਰਨ ਵਾਲੀ ਪੰਜਾਬੀ ਯੂਨੀਵਰਸਿਟੀ ਸੂਬੇ ਦੀ ਇਕਲੌਤੀ ਯੂਨੀਵਰਸਿਟੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਯੂਨੀਵਰਸਿਟੀ ਦਾਖਲਿਆਂ ਵਿੱਚ ਵੀ ਵਾਧਾ ਹੋਇਆ ਹੈ ਜਿਸ ਕਰਕੇ ਇੰਜਨੀਅਰਿੰਗ ਖੇਤਰ ਦੇ ਕੁੱਝ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ ਵਿੱਚ ਵਾਧਾ ਵੀ ਕਰਨਾ ਪਿਆ ਹੈ। ਬਹੁ-ਅਨੁਸ਼ਾਸਨੀ ਪਹੁੰਚ ਵਾਲੇ ਪੰਜ ਸਾਲਾ ਕੋਰਸਾਂ ਬਾਰੇ ਬੋਲਦਿਆਂ ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਦੇਸ਼ ਵਿੱਚ ਇਕਲੌਤੀ ਯੂਨੀਵਰਸਿਟੀ▲ ਹੈ ਜੋ ਇਨ੍ਹਾਂ ਵਿਲੱਖਣ ਕੋਰਸਾਂ ਨੂੰ ਏਨੇ ਵੱਡੇ ਪੱਧਰ ਉੱਤੇ ਚਲਾ ਰਹੀ ਹੈ। ਇਨ੍ਹਾਂ ਕੋਰਸਾਂ ਦਾ ਪਹਿਲਾ ਗਰੈਜੂਏਟ ਬੈਚ ਇਸ ਵਾਰ ਨਿੱਕਲੇਗਾ ਜਿਸ ਤੋਂ ਚੰਗੀਆਂ ਉਮੀਦਾਂ ਹਨ।




# ਚੇਤਨ ਸਿੰਘ ਜੌੜਾਮਾਜਰਾ ਵੱਲੋਂ 12 ਜਨਤਕ ਰੇਤ ਖੱਡਾਂ ਲੋਕਾਂ ਨੂੰ ਸਮਰਪਿਤ; ਕੁੱਲ ਗਿਣਤੀ ਹੋਈ 72

**ਪਟਿਆਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ 12 ਹੋਰ ਜਨਤਕ ਰੇਤ ਖੱਡਾਂ ਸੂਬਾ ਵਾਸੀਆਂ ਨੂੰ ਸਮਰਪਿਤ ਕੀਤੀਆਂ ਜਿਸ ਨਾਲ ਸੂਬੇ ਭਰ 'ਚ ਜਨਤਕ ਰੇਤ ਖੱਡਾਂ ਦੀ ਗਿਣਤੀ 72 ਹੋ ਗਈ ਹੈ। ਇਸ ਪਹਿਲਕਦਮੀ ਨਾਲ ਲੋਕਾਂ ਨੂੰ ਵਾਜਬ ਦਰਾਂ 'ਤੇ ਰੇਤ ਤੇ ਖਣਨ ਸਮੱਗਰੀ ਮਿਲਣੀ ਯਕੀਨੀ ਬਣੇਗੀ।

ਏ.ਡੀ.ਬੀ. ਬੇਲਾ ਤਾਜੋਵਾਲ ਹਿਸੀਲ ਬਲਾਚੌਰ (ਜ਼ਿਲ੍ਹਾ ਐੱਸ.ਬੀ.ਐੱਸ. ਨਗਰ) ਵਿਖੇ ਜ਼ਿਲ੍ਹੇ ਦੀਆਂ ਤਿੰਨ ਰੇਤ ਖੱਡਾਂ ਦੇ ਉਦਘਾਟਨ ਉਪਰੰਤ ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਹਿਲਾਂ ਹੀ 60 ਜਨਤਕ ਰੇਤ ਖੱਡਾਂ ਅਤੇ 38 ਵਪਾਰਕ ਰੇਤ ਖੱਡਾਂ ਚਲਾਈਆਂ ਜਾ ਰਹੀਆਂ ਹਨ, ਜਿੱਥੋਂ ਆਮ ਲੋਕਾਂ ਨੂੰ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਦੇ ਹਿਸਾਬ ਨਾਲ ਰੇਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਛੇਤੀ ਹੀ ਕੁੱਲ 150 ਜਨਤਕ ਅਤੇ 100 ਵਪਾਰਕ ਰੇਤ ਖੱਡਾਂ ਖੋਲ੍ਹਣ ਦਾ ਟੀਚਾ ਮਿੱਥਿਆ ਗਿਆ ਹੈ। ਕੈਬਨਿਟ ਮੰਤਰੀ ਵੱਲੋਂ ਜ਼ਿਲ੍ਹਾ ਐਸ.ਬੀ.ਐਸ. ਨਗਰ ਵਿੱਚ ਦੁਗਰੀ/ਨਿਆਰਾ, ਖੋਜਾ/ਨਿਆਰਾ ਅਤੇ ਏ.ਡੀ.ਬੀ. ਬੇਲਾ ਤਾਜੋਵਾਲ ਵਿਖੇ ਤਿੰਨ ਜਨਤਕ ਰੇਤ ਖੱਡਾਂ ਦਾ ਉਦਘਾਟਨ ਕੀਤਾ ਗਿਆ ਜਦਕਿ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਅੱਕੂਵਾਲਾ, ਚਾਂਗਲੀ ਜਦੀਦ, ਚੁਗਤੇਵਾਲਾ-2, ਮਮਦੋਟ ਉਤਾੜ, ਨਾਜ਼ਮਵਾਲਾ 1, 2 ਤੇ 3 ਅਤੇ ਗਿੱਲਾਂਵਾਲਾ ਸਮੇਤ 6 ਜਨਤਕ ਰੇਤ ਖੱਡਾਂ ਅਤੇ ਪਿੰਡ ਕੈਲਾ (ਜ਼ਿਲ੍ਹਾ ਮੋਗਾ), ਥੰਮੂਵਾਲ ਰਾਮਪੁਰ (ਜਲੰਧਰ) ਤੇ ਖਾਨਪੁਰ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਇੱਕ-ਇੱਕ ਜਨਤਕ ਰੇਤ ਖੱਡ ਦਾ ਉਦਘਾਟਨ ਸਬੰਧਤ ਵਿਧਾਇਕਾਂ ਅਤੇ ਅਧਿਕਾਰੀਆਂ ਵੱਲੋਂ ਕੀਤਾ ਗਿਆ।

ਕੈਬਨਿਟ ਮੰਤਰੀ ਨੇ ਦੱਸਿਆ ਕਿ 47.65 ਲੱਖ ਮੀਟਰਕ ਟਨ ਦੀ ਕੁੱਲ ਸਮਰੱਥਾ ਵਾਲੀਆਂ 72 ਜਨਤਕ ਰੇਤ ਖੱਡਾਂ 'ਚੋਂ ਹੁਣ ਤੱਕ 15.91 ਲੱਖ ਮੀਟਰਕ ਟਨ ਰੇਤ ਕੱਢੀ ਜਾ ਚੁੱਕੀ ਹੈ। ਇਸੇ ਤਰ੍ਹਾਂ 38 ਵਪਾਰਕ ਰੇਤ ਖੱਡਾਂ ਦੇ ਕਲੱਸਟਰਾਂ ਵਿੱਚੋਂ 136 ਲੱਖ ਮੀਟਰਕ ਟਨ ਰੇਤ ਕੱਢਣ ਦੀ ਯੋਜਨਾ ਬਣਾਈ ਗਈ ਹੈ ਜਿਸ ਵਿੱਚੋਂ 17 ਲੱਖ ਮੀਟਰਕ ਟਨ ਰੇਤ ਅਤੇ ਬਜਰੀ ਹੀ ਕੱਢੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਦੋਵਾਂ ਜਨਤਕ ਅਤੇ ਵਪਾਰਕ ਰੇਤ ਖੱਡਾਂ ਵਿੱਚ ਹਾਲੇ ਵੀ 151 ਲੱਖ ਮੀਟਰਕ ਟਨ ਤੋਂ ਵੱਧ ਰੇਤ ਅਤੇ ਬਜਰੀ ਉਪਲਬਧ ਹੈ। ਸ. ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਇਨ੍ਹਾਂ ਜਨਤਕ ਰੇਤ ਖੱਡਾਂ ਦੇ ਖੁੱਲ੍ਹਣ ਨਾਲ ਵੱਡੀ ਪੱਧਰ 'ਤੇ ਆਮ ਲੋਕ ਖ਼ੁਦ ਰੇਤ ਦੀ ਖੁਦਾਈ ਕਰਕੇ ਰੇਤ ਲਿਜਾ ਸਕਦੇ ਹਨ ਅਤੇ ਵੇਚ ਸਕਦੇ ਹਨ, ਜਿਸ ਨਾਲ ਬਾਜ਼ਾਰ ਵਿੱਚ ਰੇਤ ਦੀ ਸਪਲਾਈ ਵਧੇਗੀ ਅਤੇ ਰੇਤ ਦੇ ਮਾਰਕੀਟ ਰੇਟ ਵੀ ਘਟਣਗੇ।

# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦਾ 16ਵਾਂ ਸਾਲਾਨਾ ਪ੍ਰੋਗਰਾਮ ਸਫਲਤਾਪੂਰਵਕ ਸਮਾਪਤ, ਦੇਸ਼ ਦੇ ਵੱਖ ਵੱਖ ਰਾਜਾਂ ਤੋਂ ਸ਼ੰਕਰਾਚਾਰੀਆ, ਮਹਾਂਮੰਡਲੇਸ਼ਵਰ ਸਮੇਤ ਅਨੇਕਾਂ ਸੰਤ ਮਹਾਤਮਾ ਹੋਏ ਸ਼ਾਮਲ

**➢ ਜਦੋਂ ਇੱਕ ਮੁਸਲਮਾਨ ਨੂੰ ਆਪਣੀਆਂ ਮੁੱਛਾਂ ਕੱਟਣ ਵਿੱਚ ਕੋਈ ਝਿਜਕ ਨਹੀਂ, ਇੱਕ ਸਿੱਖ ਨੂੰ ਪੱਗ ਬੰਨ੍ਹਣ:.ਕਿਰਪਾਨ ਧਾਰਨ ਵਿੱਚ ਕੋਈ ਝਿਜਕ ਨਹੀਂ, ਤਾਂ ਫਿਰ ਸਨਾਤਨੀ ਨੂੰ ਚੋਟੀ ਰਖਣ ਵਿੱਚ ਸ਼ਰਮ ਕਿਉਂ: ਸ਼ੰਕਰਾਚਾਰੀਆ ਵਾਸੁਦੇਵ ਨੰਦ ਸਰਸਵਤੀ ➢3 ਦਹਾਕਿਆਂ ਤੋਂ ਹਿੰਦੂਆਂ ਦੀ ਭਾਵਨਾ ਨੂੰ ਜਗਾਉਣ ਵਾਲੇ ਪਵਨ ਗੁਪਤਾ ਵਧਾਈ ਦੇ ਹੱਕਦਾਰ: ਰਿਤੇਸ਼ਵਰ ਮਹਾਰਾਜ**






**ਪਟਿਆਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦਾ 16ਵਾਂ ਸਲਾਨਾ ਪ੍ਰੋਗਰਾਮ ਸ਼੍ਰੀ ਕਾਲੀ ਮਾਤਾ ਮੰਦਿਰ ਪਟਿਆਲਾ ਵਿੱਚ ਸਫਲਤਾਪੂਰਵਕ ਸੰਪੰਨ ਹੋਇਆ। ਹਰ ਸਾਲ ਦੀ ਤਰ੍ਹਾਂ ਦੇਸ਼ ਦੇ ਵੱਖ ਵੱਖ ਰਾਜਾਂ ਤੋਂ ਸੰਤ ਮਹਾਤਮਾ ਪਹੁੰਚੇ, ਇਸ ਵਾਰ ਬਦਰੀਨਾਥ ਸਥਿਤ ਜੋਤਿਸ਼ ਪੀਠ ਦੇ ਸ਼ੰਕਰਾਚਾਰੀਆ ਵਾਸੂਦੇਵਾਨੰਦ ਮਹਾਰਾਜ ਸਰਸਵਤੀ, ਡਾਸਨਾ ਤੋਂ ਜੂਨਾ ਅਖਾੜੇ ਦੇ ਮਹਾਮੰਡਲੇਸ਼ਵਰ ਯਤੀ ਨਰਸਿਮਹਾਨੰਦ ਜੀ ਮਹਾਰਾਜ ਅਤੇ ਵਰਿੰਦਾਵਨ ਦੇ ਆਨੰਦ ਧਾਮ ਤੋਂ ਸਵਾਮੀ ਰਿਤੇਸ਼ਵਰ ਮਹਾਰਾਜ ਪਹੁੰਚੇ ਅਤੇ ਭਗਤਾਂ ਨੂੰ ਆਪਣਾ ਆਸ਼ੀਰਵਾਦ ਦਿੱਤਾ।

ਸ਼ੰਕਰਾਚਾਰੀਆ ਵਾਸੁਦੇਵਾਨੰਦ ਮਹਾਰਾਜ ਸਰਸਵਤੀ ਨੇ ਸਨਾਤਨੀਆਂ ਦੀ ਭੀੜ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਹਿੰਦੂ ਧਰਮ ਕੋਈ ਧਰਮ ਨਹੀਂ ਹੈ, ਸਿੰਧੂ ਨਦੀ ਦੇ ਕੰਢੇ ਰਹਿਣ ਕਾਰਨ ਤੁਹਾਨੂੰ ਹਿੰਦੂ ਕਿਹਾ ਜਾਣ ਲੱਗਾ, ਅਸਲ ਵਿਚ ਤੁਸੀਂ ਸਾਰੇ ਸਨਾਤਨੀ ਹੋ, ਪਰ ਅੱਜ ਸਨਾਤਨ ਤੋਂ ਮੂੰਹ ਮੋੜ ਰਹੇ ਹੋ ਜਿਸ ਕਾਰਨ ਉਸ ਦੇ ਸਰੀਰ ਵਿਚ ਵਿਕਾਰ, ਜੀਵਨ ਵਿੱਚ ਕਲੇਸ਼ ਅਤੇ ਅਸ਼ਾਂਤੀ ਪੈਦਾ ਹੋ ਰਹੀ ਹੈ।

ਸ਼ੰਕਰਾਚਾਰੀਆ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਜਦੋਂ ਇੱਕ ਮੁਸਲਮਾਨ ਨੂੰ ਆਪਣੀਆਂ ਮੁੱਛਾਂ ਕੱਟਣ ਵਿੱਚ ਕੋਈ ਝਿਜਕ ਨਹੀਂ ਹੈ, ਇੱਕ ਸਿੱਖ ਨੂੰ ਪੱਗ ਜਾਂ ਕਿਰਪਾਨ ਪਹਿਨਣ ਵਿੱਚ ਕੋਈ ਝਿਜਕ ਨਹੀਂ ਹੈ, ਤਾਂ ਇੱਕ ਸਨਾਤਨੀ ਨੂੰ ਚੋਟੀ ਰਖਣ ਤੋਂ ਕਿਉਂ ਝਿਜਕਦਾ ਹੈ। ਉਨ੍ਹਾਂ ਕਿਹਾ ਕਿ ਹਰ ਸਨਾਤਨੀ ਨੂੰ ਹਰ ਚੋਟੀ ਅਤੇ ਜਨੇਊ ਜ਼ਰੂਰ ਪਹਿਨਣਾ ਚਾਹੀਦਾ ਹੈ, ਪਰ ਹਾਲਾਤ ਇਹ ਬਣ ਗਏ ਹਨ ਕਿ ਬ੍ਰਾਹਮਣ ਵੀ ਚੋਟੀ ਰਖਣ ਤੋਂ ਝਿਜਕਦਾ ਹੈ ਅਤੇ ਧਰਮ ਤੋਂ ਮੂੰਹ ਮੋੜਨ ਕਾਰਨ ਅੱਜ ਉਸ ਦੇ ਬੱਚੇ ਵੀ ਉਸ ਦੀ ਸਿੱਖਿਆ ਤੋਂ ਵਾਂਝੇ ਹੋ ਰਹੇ ਹਨ।

ਵ੍ਰਿਦਾਂਵਣ ਦੇ ਆਨੰਦ ਧਾਮ ਤੋਂ ਪੰਹੁਚੇ ਲੰਬੀਆਂ ਲੰਬੀਆਂ ਜਟਾਵਾਂ ਵਾਲੇ ਸਵਾਮੀ ਰਿਤੇਸ਼ਵਰ ਮਹਾਰਾਜ ਨੇ ਹੱਥਾਂ ਵਿੱਚ ਧਰਮ ਦੰਡ ਲੈ ਕੇ ਕਿਹਾ ਕਿ 3 ਦਹਾਕਿਆਂ ਤੋਂ ਹਿੰਦੂਆਂ ਵਿੱਚ ਧਾਰਮਿਕ ਭਾਵਨਾ ਨੂੰ ਜਗਾਉਣ ਵਾਲੇ ਪਵਨ ਗੁਪਤਾ ਵਧਾਈ ਦੇ ਹੱਕਦਾਰ ਹਨ। ਅੱਜ ਸਮਾਜ ਨੂੰ ਅਜਿਹੇ ਆਗੂਆਂ ਦੀ ਲੋੜ ਹੈ ਜੋ ਸਨਾਤਨੀਆਂ ਨੂੰ ਧਰਮ ਵੱਲ ਵਾਪਸ ਮੋੜ ਸਕਣ।

ਉਨ੍ਹਾਂ ਕਿਹਾ ਕਿ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਮੈਕਾਲੇ ਦੀ ਹੈ ਨਾ ਕਿ ਸਾਡੀ। ਲੋੜ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਹਰ ਰੋਜ਼ ਇੱਕ ਚੋਪਾਈ, ਇੱਕ ਗੀਤਾ ਦਾ ਸ਼ਲੋਕ ਪੜ੍ਹਾਈਏ ਤਾਂ ਜੋ ਸਾਡਾ ਧਰਮ ਜਿਉਂਦਾ ਰਹਿ ਸਕੇ।
ਉਹਨਾਂ ਕਿਹਾ ਕਿ ਸਨਾਤਨ ਵਿੱਚ 16 ਸੰਸਕਾਰਾਂ ਦਾ ਜ਼ਿਕਰ ਕੀਤਾ ਗਿਆ ਸੀ ਪਰ ਅੱਜ ਤੁਸੀਂ ਸਿਰਫ ਇੱਕ ਸੰਸਕਾਰ ਨੂੰ ਜਾਣਦੇ ਹੋ ਅਤੇ ਉਹ ਵੀ ਜੋ ਤੁਹਾਨੂੰ ਮਜਬੂਰੀ ਵਿੱਚ ਕਰਨਾ ਪੈਂਦਾ ਹੈ, ਅੰਤਿਮ ਸੰਸਕਾਰ, ਨਹੀਂ ਤਾਂ ਸਨਾਤਨੀ ਬਾਕੀ ਦੇ 15 ਸੰਸਕਾਰਾਂ ਨੂੰ ਭੁੱਲ ਗਿਆ ਹੈ।

ਡਾਸਨਾ ਤੋਂ ਜੂਨਾ ਅਖਾੜੇ ਦੇ ਮਹਾਂਮੰਡਲੇਸ਼ਵਰ ਯਤੀ ਨਰਸਿਮਹਾਨੰਦ ਜੀ ਮਹਾਰਾਜ ਨੇ ਕਿਹਾ ਕਿ ਜੇਕਰ ਹਿੰਦੂਆਂ ਨੇ ਮਾਂ ਕਾਲੀ ਨੂੰ ਸਮਝ ਲਿਆ ਹੁੰਦਾ ਤਾਂ ਸਾਡੀ ਇਹ ਹਾਲਤ ਨਾ ਹੁੰਦੀ।ਜਦੋਂ ਸਾਰੇ ਦੇਵਤਿਆਂ ਨੂੰ ਦੈਂਤਾਂ ਨੇ ਹਰਾ ਦਿੱਤਾ ਤਾਂ ਫੈਸਲਾ ਹੋਇਆ ਕਿ ਹੁਣ ਦੈਂਤਾਂ ਨੂੰ ਮਾਰਨ ਦੀ ਜ਼ਿੰਮੇਵਾਰੀ ਅਸ਼ਟਭੁਜਾ ਭਵਾਨੀ ਨੂੰ ਦੇਣੀ ਪਵੇਗੀ, ਪਰ ਮਾਂ ਭਵਾਨੀ ਨੇ ਦੈਂਤਾਂ ਨੂੰ ਮਾਰਨਾ ਸ਼ੁਰੂ ਕੀਤਾ, ਤਾਂ ਇੱਕ ਰਾਖਸ਼ ਰਕਤਬੀਜ ਆਇਆ। ਉਸਦਾ ਜਿੰਨਾ ਜ਼ਿਆਦਾ ਖ਼ੂਨ ਵੱਗ ਰਿਹਾ ਸੀ, ਓਨੇ ਹੀ ਹੋਰ ਰਾਖਸ਼ਸ ਪੈਦਾ ਹੋ ਰਹੇ ਸਨ ਉਸ ਸਮੇਂ ਮਾਂ ਕਾਲੀ ਸਹਾਈ ਹੋਈ ਅਤੇ ਰਕਤਬੀਜ ਆਦਿ ਰਾਖਸ਼ਸਾਂ ਨੂੰ ਮਾਰ ਕੇ ਧਰਤੀ ਅਤੇ ਦੇਵਤਿਆਂ ਦੀ ਰਖਿਆ ਕੀਤੀ। ਮਾਤਾ ਕਾਲੀ ਹਮੇਸ਼ਾ ਭਗਤਾਂ ਦੀ ਰੱਖਿਆ ਕਰਦੀ ਹੈ।

ਯਤੀ ਨਰਸਿਮਹਾਨੰਦ ਜੀ ਮਹਾਰਾਜ ਨੇ ਕਿਹਾ ਕਿ ਸਾਡਾ ਧਰਮ ਸਾਨੂੰ ਆਪਣੇ ਪਰਿਵਾਰ ਦੀ ਰੱਖਿਆ ਕਰਨਾ ਸਿਖਾਉਂਦਾ ਹੈ।ਜਦੋਂ ਸਾਡੇ ਦੇਵਤਿਆਂ ਭਗਵਾਨ ਰਾਮ ਦੀ ਪਤਨੀ ਸੀਤਾ *ਤੇ ਕੋਈ ਬਿਪਤਾ ਆਈ, ਤਾਂ ਉਹਨਾਂ ਨੇ ਰਾਵਣ ਤੋਂ ਬਚਾਇਆ। ਜਦੋਂ ਮਹਾਦੇਵ ਦੀ ਪਤਨੀ ਸਤੀ ਨੇ ਆਪਣਾ ਸ਼ਰੀਰ ਹਵਨ ਕੁੰਡ ਵਿੱਚ ਸਾੜ ਦਿੱਤਾ ਤਾਂ ਉਸ ਨੇ ਰਾਜਾ ਦਕਸ਼ ਨੂੰ ਮਹਾਦੇਵ ਨੇ ਮਰਵਾ ਦਿੱਤਾ। ਦੇਵਤਿਆਂ ਨੇ ਸਿਖਾਇਆ ਕਿ ਜੇਕਰ ਪਰਿਵਾਰ *ਤੇ ਕੋਈ ਬਿਪਤਾ ਆਉਂਦੀ ਹੈ ਤਾਂ ਉਨ੍ਹਾਂ ਨੂੰ ਪਰਿਵਾਰ ਦੀ ਰੱਖਿਆ ਲਈ ਕੁਝ ਵੀ ਕਰਨਾ ਚਾਹੀਦਾ ਹੈ।

ਯਤੀ ਨਰਸਿਮਹਾਨੰਦ ਜੀ ਮਹਾਰਾਜ ਨੇ ਹਿੰਦੂਆਂ ਨੂੰ ਸੱਦਾ ਦਿੰਦੇ ਹੋਏ ਕਿਹਾ ਕਿ ਸਾਨੂੰ ਅੱਗੇ ਵਧਣਾ ਹੋਵੇਗਾ ਅਤੇ ਆਪਣੇ ਧਰਮ ਦੀ ਰੱਖਿਆ ਕਰਨੀ ਹੋਵੇਗੀ।

ਇਸ ਪ੍ਰੋਗਰਾਮ ਵਿੱਚ ਪਟਿਆਲਾ ਤੋਂ ਲੋਕ ਸਭਾ ਮੈਂਬਰ ਸਾਬਕਾ ਵਿਦੇਸ਼ ਮੰਤਰੀ ਪ੍ਰਨੀਤ ਕੌਰ, ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਨ ਮਾਜਰਾ, ਜੂਨਾ ਅਖਾੜਾ ਤੋਂ ਸ਼ੰਕਰਾਨੰਦ ਗਿਰੀ, ਸ਼ਿਵ ਸ਼ਕਤੀ ਲੰਗਰ ਚੈਰੀਟੇਬਲ ਟਰਸਟ ਅਤੇ ਰੋਟਰੀ ਕੱਲਬ ਦੇ ਸਾਬਕਾ ਗਵਰਨਰ ਸਵਤੰਤਰ ਰਾਜ ਪਾਸੀ, ਹਿੰਦੂ ਸੁਰੱਖਿਆ ਸਮਿਤੀ ਦੇ ਪ੍ਰਧਾਨ ਰਾਜੇਸ਼ ਕੇਹਰ, ਸ਼ਿਵ ਸੈਨਾ ਪੰਜਾਬ ਦੇ ਪ੍ਰਧਾਨ ਵਿਜੇ ਕਪੂਰ, ਅਕਾਲੀ ਦਲ ਦੇ ਸੀਨੀਅਰ ਆਗੂ ਇੰਦਰਮੋਹਨ ਸਿੰਘ ਬਜਾਜ, ਅਕਾਲੀ ਆਗੂ ਸੁਰਜੀਤ ਸਿੰਘ ਅਬਲੋਵਾਲ, ਸੀਨੀਅਰ ਭਾਜਪਾ ਆਗੂ ਹਰਿੰਦਰ ਕੋਹਲੀ ਸਮੇਤ ਵੱਖ ਵੱਖ ਸਿਆਸਤਦਾਨਾਂ ਤੇ ਸਮਾਜ ਸੇਵੀ ਆਗੂਆਂ ਨੇ ਸਮਾਗਮ ਵਿੱਚ ਪਹੁੰਚ ਕੇ ਸੰਤਾਂ ਦਾ ਆਸ਼ੀਰਵਾਦ ਲਿਆ।

ਦੂਜੇ ਪਾਸੇ ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੀ ਤਰਫੋਂ ਪਵਨ ਕੁਮਾਰ ਗੁਪਤਾ ਨੇ ਪ੍ਰੋਗਰਾਮ ਵਿੱਚ ਆਏ ਹਜ਼ਾਰਾਂ ਸ਼ਰਧਾਲੂਆਂ, ਸ਼ੰਕਰਾਚਾਰੀਆ, ਵੱਖ ਵੱਖ ਅਖਾੜਿਆਂ ਦੇ ਮਹਾਤਮਾ, ਮਹਾਂ ਮੰਡਲੇਸ਼ਵਰ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਸ਼ੰਕਰਾਚਾਰੀਆ, ਵੱਖ ਵੱਖ ਅਖਾੜਿਆਂ ਦੇ ਮਹਾਤਮਾ ਮਹਾਂ ਮੰਡਲੇਸ਼ਵਰ ਆਦਿ ਨੂੰ ਦੇਖ ਕੇ ਤਹਿ ਦਿਲੋਂ ਖੁਸ਼ ਹਨ। ਇਸ ਮੌਕੇ ਆਈਆਂ ਸੰਗਤਾਂ ਨੂੰ ਦੇਸੀ ਘਿਓ ਦੇ ਵੱਖ ਵੱਖ ਪ੍ਰਕਾਰ ਦੇ ਤਿਆਰ ਕੀਤੇ ਲੰਗਰ ਅਤੁੱਟ ਵਰਤਾਏ ਗਏ।

ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੀ ਤਰਫੋਂ ਵਿਸ਼ੇਸ਼ ਤੌਰ ਤੇ ਜਗਦੀਸ਼ ਰਾਏਕਾ, ਸ਼੍ਰੀਮਤੀ ਸੁਮਨ ਗੁਪਤਾ, ਹੇਮਰਾਜ ਗੋਇਲ, ਪਵਨਜੀਤ ਸ਼ਰਮਾ, ਚੰਦ ਸ਼ਰਮਾ, ਬਦਰੀ ਪ੍ਰਸਾਦ, ਰਾਜ ਕੁਮਾਰ ਬਿੱਟੂ, ਨੀਲਮ ਸ਼ਰਮਾ, ਗੀਟਾ ਗੋਇਲ, ਵੀਰਤਾ ਸ਼ਰਮਾ ਅਤੇ ਹੋਰ ਸਾਰੇ ਸੇਵਾਦਾਰ ਮੌਜੂਦ ਸਨ।

ਇਸੇ ਤਰ੍ਹਾਂ ਸ਼ਿਵ ਸੈਨਾ ਹਿੰਦੁਸਤਾਨ ਦੀ ਤਰਫੋਂ ਵਿਸ਼ੇਸ਼ ਤੌਰ *ਤੇ ਕ੍ਰਿਸ਼ਨ ਸ਼ਰਮਾ ਰਾਸ਼ਟਰੀ ਜਨਰਲ ਸਕੱਤਰ ਇੰਚਾਰਜ ਪੰਜਾਬ ਅਤੇ ਰਾਜਸਥਾਨ, ਸਵਰਾਜ ਘੁੰਮਣ ਭਾਟੀਆ, ਕਾਂਤਾ ਬਾਂਸਲ, ਹਰਸ਼ ਬਜਾਜ, ਸ਼ਮਾਕਾਂਤ ਪਾਂਡੇ, ਰਵਿੰਦਰ ਸਿੰਗਲਾ, ਕ੍ਰਿਸ਼ਨ ਕੁਮਾਰ ਗਾਬਾ, ਪੰਕਜ ਗੌੜ ਐਡਵੋਕੇਟ, ਅਮਨਦੀਪ ਗਰਗ ਐਡਵੋਕੇਟ, ਰਜਿੰਦਰ ਪਾਲ ਆਨੰਦ, ਹੇਮ ਰਾਜ ਗੋਇਲ, ਅਮਰਜੀਤ ਬੰਟੀ, ਰਿਤੇਸ਼ ਰਿੰਕੂ, ਸੰਜੀਵ ਡੈਮ ਵਰਕਿੰਗ ਪੰਜਾਬ ਪ੍ਰਧਾਨ, ਮਨਦੀਪ ਸ਼ਰਮਾ ਪੰਜਾਬ ਪ੍ਰਧਾਨ ਮਹਿਲਾ ਸੈਨਾ, ਪੰਡਿਤ ਰਾਜੇਸ਼ ਕੇਸਰੀ ਸੂਬਾ ਪ੍ਰਧਾਨ ਜੰਮੂ ਕਸ਼ਮੀਰ, ਗਣੇਸ਼ ਚੌਧਰੀ ਜੰਮੂ, ਅਰਵਿੰਦ ਗੌਤਮ ਪੰਜਾਬ ਪ੍ਰਧਾਨ ਯੁਵਾ ਸੈਨਾ, ਨਰਿੰਦਰ ਭਾਰਦਵਾਜ ਰਾਸ਼ਟਰੀ ਚੇਅਰਮੈਨ ਮਜ਼ਦੂਰ ਸੈਨਾ, ਅਜੈ ਚੌਹਾਨ ਸੂਬਾ ਪ੍ਰਧਾਨ ਚੰਡੀਗੜ੍ਹ, ਰਾਜ ਕੁਮਾਰ ਜਨਰਲ ਸਕੱਤਰ ਚੰਡੀਗੜ੍ਹ, ਮਨੀ ਸ਼ੇਰਾ ਰਾਮ ਬਚਨ ਮੀਤ ਪ੍ਰਧਾਨ ਪੰਜਾਬ, ਲਲਿਤ ਸ਼ਰਮਾ ਜਨਰਲ ਸਕੱਤਰ ਪੰਜਾਬ, ਚੰਦਰ ਦੇਵ ਚੌਹਾਨ ਉੱਤਰੀ ਭਾਰਤ ਪ੍ਰਧਾਨ ਮਜ਼ਦੂਰ ਸੈਨਾ, ਰਾਮ ਚੰਦਰ ਮਜ਼ਦੂਰ ਸੈਨਾ ਅਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਮਜ਼ਦੂਰ ਸੈਨਾ, ਸ਼ਰਵਣ ਕੁਮਾਰ ਲੁਧਿਆਣਾ, ਅਜੀਤ ਸਿੰਘ ਚੌਹਾਨ ਚੰਡੀਗੜ੍ਹ ਹਾਜ਼ਰ ਸਨ।

# ਪਿੰਡ ਦਲੇਲਗੜ ਵਿਖੇ ਨਵ-ਚੇਤਨਾ ਵੈਲ.ਫੇਅਰ ਯੂਥ ਕਲੱਬ ਵੱਲੋਂ ਚੌਥਾ ਵਿਸ਼ਾਲ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ

**ਮਾਲੇਰਕੋਟਲਾ, 29 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਦਲੇਲਗੜ ਵਿਖੇ ਨਵ-ਚੇਤਨਾ ਵੈਲ.ਫੇਅਰ ਯੂਥ ਕਲੱਬ(ਰਜਿ:)ਵੱਲੋਂ ਸਮੂਹ ਨਗਰ ਨਿਵਾਸੀ ਅਤੇ ਨਗਰ ਪੰਚਾਇਤ ਤੇ ਇਲਾਕਾ ਨਿਵਾਸੀਆਂ ਦੇ ਸਮੁੱਚੇ ਸਹਿਯੋਗ ਨਾਲ ਬਲੱਡ ਬੈਂਕ ਇੰਚਾਰਜ਼ ਸਿਵਲ ਹਸਪਤਾਲ ਮਾਲੇਰਕੋਟਲਾ ਦੇ ਮੈਡਮ ਜੋਤੀ ਕਪੂਰ ਤੇ ਉਹਨਾਂ ਦੀ ਟੀਮ ਦੀ ਯੋਗ ਅਗਵਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਦਲੇਲਗੜ ਵਿਖੇ ਚੌਥਾ ਵਿਸ਼ਾਲ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਇਸ ਸਾਰੇ ਪ੍ਰੋਗਰਾਮ ਦੀ ਜਾਣਕਾਰੀ ਕਲੱਬ ਦੇ ਪ੍ਰਧਾਨ ਨਦੀਮ ਮੁਹੰਮਦ ਅਤੇ ਪ੍ਰੈਸ ਸਕੱਤਰ ਮੁਹੰਮਦ ਅਨਵਰ ਅੰਬੂ ਤੇ ਪੰਚ ਮਜ਼ੀਦ ਵੱਲੋਂ ਸਾਂਝੇ ਤੌਰ ਤੇ ਇੱਕ ਪ੍ਰੈਸ ਨੋਟ ਰਾਹੀਂ ਕੀਤੀ ਗਈ ਅਤੇ ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਦਾ ਉਦਘਾਟਨ ਐਨ. ਆਰ. ਆਈ. ਸ੍. ਗੁਰਮੇਲ ਸਿੰਘ ਹਥਨ ਯੂ. ਐੱਸ. ਏ ਅਤੇ ਮੁਹੰਮਦ ਰਸ਼ੀਦ ਪਟਵਾਰੀ ਵੱਲੋਂ ਆਪਣੇ ਕਰ- ਕਮਲਾਂ ਨਾਲ ਕੀਤਾ ਗਿਆ ਤੇ ਖ਼ੂਨਦਾਨ ਕਰਕੇ ਵੀ ਕੈਂਪ ਨੂੰ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਲੈਂਗੂਏਜ਼ ਅਤੇ ਇਮੀਗ੍ਰੇਸ਼ਨ ਵੰਡਰ ਸਟੋਨ ਧੂਰੀ ਦੇ ਐਮ. ਡੀ. ਲਾਲੀ ਅਤੇ ਲਿਆਕਤ ਅਲੀ ਨੇ ਵਿਸ਼ੇਸ਼ ਤੌਰ ਤੇ ਪਹੁੰਚਕੇ ਸ਼ਮੂਲੀਅਤ ਕੀਤੀ ਅਤੇ ਖ਼ੂਨਦਾਨੀਆਂ ਦੇ ਮਾਨ ਸਨਮਾਨ ਲਈ ਵੈਲਫ਼ੇਅਰ ਕਲੱਬ ਨੂੰ ਟਰਾਫੀਆਂ ਤੇ ਮੋਮੈਂਟੋਆਂ ਦੀ ਮੱਦਦ ਦੇ ਕੇ ਭਰਪੂਰ ਯੋਗਦਾਨ ਪਾਇਆ। ਇਸ ਕੈਂਪ ਵਿੱਚ ਨੌਜਵਾਨਾਂ ਵੱਲੋਂ 49 ਯੂਨਿਟ ਆਪਣਾ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਇਕਾਈ ਮਲੇਰਕੋਟਲਾ ਦੇ ਮੈਂਬਰ ਮੇਜਰ ਸਿੰਘ ਸੋਹੀ ਰਿਟਾਇਡ ਲੈਕਚਰਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਵ-ਚੇਤਨਾ ਵੈਲਫ਼ੇਅਰ ਯੂਥ ਕਲੱਬ (ਰਜਿ:) ਦੇ ਪ੍ਰਧਾਨ ਨਦੀਮ ਮੁਹੰਮਦ ਅਤੇ ਪ੍ਰੈਸ ਸਕੱਤਰ ਮੁਹੰਮਦ ਅਨਵਰ ਅੰਬੂ ਤੇ ਕਲੱਬ ਦੇ ਸਾਰੇ ਹੀ ਮਿਹਨਤੀ ਮੈਂਬਰਾਂ ਵੱਲੋਂ ਸਮੇਂ-ਸਮੇਂ 'ਤੇ ਸਮਾਜਿਕ ਤੌਰ ਤੇ ਕੀਤੀਆਂ ਜਾਂਦੀਆਂ ਗਤੀਵਿਧੀਆਂ ਬਹੁਤ ਹੀ ਸ਼ਲਾਘਾਯੋਗ ਹਨ, ਤੇ ਅੱਜ ਮਹਾਨ ਕਾਰਜ ਖ਼ੂਨਦਾਨ ਕੈਂਪ ਰਾਹੀਂ ਅੱਜ ਦੇ ਦੌਰ ਵਿੱਚ ਜਿੱਥੇ ਫਿਰਕਾਪ੍ਰਸਤੀ ਤੇ ਇੱਕ ਦੂਜੇ ਵਿੱਚ ਨਫ਼ਰਤ ਵਾਲੇ ਮਾਹੌਲ ਵਿੱਚ ਵੱਖ-ਵੱਖ ਧਰਮਾਂ ਦੇ ਨੌਜਵਾਨਾਂ ਵੱਲੋਂ ਖ਼ੂਨਦਾਨ ਕਰਨਾ ਆਪਸੀ ਭਾਈਚਾਰਕ ਸਾਂਝ ਨੂੰ ਵੀ ਉਜਾਗਰ ਕਰ ਰਿਹਾ ਹੈ। ਤੇ ਪਤਾ ਨਹੀਂ ਅੱਜ ਦਿੱਤਾ ਜਾ ਰਿਹਾ ਖ਼ੂਨ ਕਿਸ ਮਹਜ਼ਬ ਵੱਲੋਂ ਦਿੱਤਾ ਖ਼ੂਨ ਕਿਸ ਮਹਜ਼ਬ ਦੇ ਮਰੀਜ਼ ਦੀ ਜਾਨ ਬਚਾਉਣ ਵਿੱਚ ਮੱਦਦ ਕਰੇਗਾ। ਕਲੱਬ ਦੇ ਪ੍ਰਧਾਨ ਨਦੀਮ ਮੁਹੰਮਦ ਤੇ ਪ੍ਰੈਸ ਸਕੱਤਰ ਮੁਹੰਮਦ ਅਨਵਰ ਅੰਬੂ ਤੇ ਪੰਚ ਮਜ਼ੀਦ ਨੇ ਕਿਹਾ ਕਿ ਕਲੱਬ ਵੱਲੋਂ ਸਾਰੇ ਕਾਰਜ ਸ਼ਲਾਘਾਯੋਗ ਹਨ ਤੇ ਹਰ ਸਾਲ ਦੀ ਤਰਾਂ ਅੱਜ ਵੀ ਨਵ-ਚੇਤਨਾ ਵੈਲ.ਫੇਅਰ ਯੂਥ ਕਲੱਬ ਦਲੇਲਗੜ ਵੱਲੋਂ ਚੌਥਾ ਵਿਸ਼ਾਲ ਖ਼ੂਨਦਾਨ ਕੈਂਪ ਲਗਾ ਕੇ ਸਾਰੇ ਧਰਮਾਂ ਨੂੰ ਇੱਕ ਜੁੱਟਤਾ ਦੀ ਮਿਸ਼ਾਲ ਪੇਸ਼ ਕਰ ਰਿਹਾ ਹੈ। ਤੇ ਖ਼ੂਨਦਾਨੀਆਂ ਨੂੰ ਮੋਮੈਂਟੋ ਵੀ ਦਿੱਤੇ ਗਏ ਤੇ ਖ਼ੂਨਦਾਨ ਕੈਂਪ ਵਿੱਚ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਦਾ ਤੇ ਬਲੱਡ ਬੈਂਕ ਸਿਵਲ ਹਸਪਤਾਲ ਮਾਲੇਰਕੋਟਲਾ ਦੇ ਇੰਚਾਰਜ਼ ਮੈਡਮ ਜੋਤੀ ਕਪੂਰ ਤੇ ਉਹਨਾਂ ਦੀ ਸਮੁੱਚੀ ਟੀਮ ਦਾ ਕਲੱਬ ਦੇ ਮੈਂਬਰਾਂ ਵੱਲੋਂ ਤਹਿ-ਦਿਲੋਂ ਧੰਨਵਾਦ ਕੀਤਾ ਗਿਆ।

## ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਸਿੱਖਾਂ ਸਬੰਧੀ ਐਡਵੋਕੇਟ ਧਾਮੀ ਨੇ ਮੁੱਖ ਮੰਤਰੀ ਮਾਨ ਨੂੰ ਲਿਖਿਆ ਪੱਤਰ

ਅੰਮ੍ਰਿਤਸਰ 28 ਫਰਵਰੀ। ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੱਖ ਨੌਜਵਾਨਾਂ ਦੇ ਮਾਮਲਿਆਂ ਸਬੰਧੀ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਅੰਮ੍ਰਿਤਸਰ ਵਿਖੇ ਪਿਛਲੇ ਚਾਰ ਦਿਨਾਂ ਤੋਂ ਭੁੱਖ ਹੜਤਾਲ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ



ਲਿਖਿਆ ਹੈ। ਐਡਵੋਕੇਟ ਧਾਮੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਕਿ ਡਿਬਰੂਗੜ੍ਹ 'ਚ ਨਜ਼ਰਬੰਦ ਸਿੱਖ ਨੌਜਵਾਨਾਂ ਦੇ ਮਨੁੱਖੀ ਅਧਿਕਾਰ ਅਤੇ ਉਨ੍ਹਾਂ ਦੇ ਨਿੱਜਤਾ ਦੇ ਸਰੋਕਾਰ ਯਕੀਨੀ ਬਣਾਏ ਜਾਣ। ਉਨ੍ਹਾਂ ਇਹ ਵੀ ਆਖਿਆ ਕਿ ਇਨ੍ਹਾਂ ਸਿੱਖ ਨੌਜਵਾਨਾਂ ਨੂੰ ਤੁਰੰਤ ਡਿਬਰੂਗੜ੍ਹ ਤੋਂ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨਾ ਚਾਹੀਦਾ ਹੈ। ਆਪਣੇ ਪੱਤਰ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਪਰਿਵਾਰਾਂ ਵੱਲੋਂ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਸਿੱਖ ਨੌਜਵਾਨਾਂ ਨੂੰ ਜੇਲ੍ਹ ਅੰਦਰ ਜਾਣਬੁੱਝ ਕੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਨ੍ਹਾਂ ਦੀਆਂ ਬੈਰਕਾਂ ਅੰਦਰ ਨਿੱਜਤਾ ਦੀ ਉਲੰਘਣਾ ਕਰਦਿਆਂ ਕੈਮਰੇ ਅਤੇ ਰਿਕਾਰਡਰ ਲਗਾਏ ਜਾਣ ਦੀ ਗੱਲ ਵੀ ਸਾਹਮਣੇ ਆ ਰਹੀ ਹੈ। ਉਨ੍ਹਾਂ ਕਿਹਾ ਕਿ ਪਰਿਵਾਰਾਂ ਅਨੁਸਾਰ ਨਜ਼ਰਬੰਦ ਸਿੱਖਾਂ ਨੂੰ ਜੇਲ੍ਹ ਅਨੁਸਾਰ ਖਾਣਾ ਅਤੇ ਸਿਹਤ ਸਹੂਲਤਾਂ ਮੁਹੱਈਆ ਨਹੀਂ ਕਰਵਾਈਆਂ ਜਾ ਰਹੀਆਂ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਵੱਲੋਂ ਅੰਮ੍ਰਿਤਸਰ ਵਿਖੇ ਪਿਛਲੇ ਚਾਰ ਦਿਨਾਂ ਤੋਂ ਰੋਸ-ਪ੍ਰਦਰਸ਼ਨ ਕਰਦਿਆਂ ਭੁੱਖ ਹੜਤਾਲ ਸ਼ੁਰੂ ਕੀਤੀ ਹੋਈ ਹੈ ਅਤੇ ਉਨ੍ਹਾਂ ਦੀ ਸਿਹਤ ਵੀ ਵਿਗੜਨੀ ਸ਼ੁਰੂ ਹੋ ਗਈ ਹੈ।

### ਅਣਪਛਾਤੇ ਵਾਹਨ ਨੇ ਮਾਰੀ ਮੋਟਰਸਾਈਕਲ ਸਵਾਰ ਨੂੰ ਟੱਕਰ

ਪਟਿਆਲਾ 29 ਫਰਵਰੀ। ਪਿੰਡ ਪਹਾੜਪੁਰ ਦੇ ਕੋਲ ਇਕ ਅਣਪਛਾਤੇ ਵਾਹਨ ਨੇ ਮੋਟਰਸਾਈਕਲ ਸਵਾਰ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ। ਇਸ ਮਾਮਲੇ ਵਿਚ ਥਾਣਾ ਪਸਿਆਣਾ ਦੀ ਪੁਲਸ ਨੇ ਹਰਜੀਤ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਪਿੰਡ ਧਬਲਾਨ ਥਾਣਾ ਪਸਿਆਣਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਭਰਾ ਗੁਰਪ੍ਰੀਤ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਪਹਾੜਪੁਰ ਕੋਲ ਜਾ ਰਿਹਾ ਸੀ ਤਾਂ ਕਿਸੇ ਅਣਪਛਾਤੇ ਵਾਹਨ ਨੇ ਤੇਜ ਰਫਤਾਰ ਨਾਲ ਉਸ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਉਸ ਦੇ ਭਰਾ ਗੁਰਪ੍ਰੀਤ ਸਿੰਘ ਦੀ ਮੌਤ ਹੋ ਗਈ।

# ਪੰਜਾਬ ਕੇਂਦਰੀ ਯੂਨੀਵਰਸਿਟੀ ਪਹੁੰਚੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਰੱਖਿਆ ਕੇਂਦਰੀ ਲਾਇਬ੍ਰੇਰੀ ਦਾ ਨੀਂਹ ਪੱਥਰ

ਕਿਸ਼ਨ ਪਾਲ

ਬਠਿੰਡਾ 28 ਫਰਵਰੀ। ਪੰਜਾਬ ਕੇਂਦਰੀ ਯੂਨੀਵਰਸਿਟੀ ਵਿਖੇ ਅੱਜ ਵਣਜ ਅਤੇ ਉਦਯੋਗ ਰਾਜ ਮੰਤਰੀ ਸੋਮ ਪ੍ਰਕਾਸ਼ (ਸੇਵਾਮੁਕਤ ਆਈ. ਏ. ਐੱਸ) ਦੁਆਰਾ ਪ੍ਰਬੰਧਕੀ ਬਲਾਕ ਅਤੇ ਕੇਂਦਰੀ ਲਾਇਬ੍ਰੇਰੀ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਵਿਸ਼ੇਸ ਮੌਕੇ 'ਤੇ ਯੂਨੀਵਰਸਿਟੀ ਦੇ ਕੇਂਦਰੀ ਹਾਲ ਵਿਚ ਕਰਵਾਏ ਸਮਾਗਮ ਦੌਰਾਨ ਵਾਈਸ ਚਾਂਸਲਰ ਪ੍ਰੋ. (ਡਾ.) ਰਾਘਵੇਂਦਰ ਪ੍ਰਸਾਦ ਤਿਵਾੜੀ ਨੇ ਆਪਣੇ ਸੰਬੋਧਨ ਵਿਚ ਮਾਨਯੋਗ ਮੰਤਰੀ ਸਾਹਿਬ ਦਾ ਸਵਾਗਤ ਕਰਦੇ ਹੋਏ ਲਗਭਗ 36 ਕਰੋੜ ਦੀ ਅਨੁਮਾਨੀ ਲਾਗਤ ਨਾਲ ਤਿਆਰ ਹੋਣ ਵਾਲੀਆਂ ਇਨ੍ਹਾਂ ਇਮਾਰਤਾਂ ਨੂੰ ਯੂਨੀਵਰਸਿਟੀ ਦੇ ਵਿਕਾਸ ਵਿਚ ਮਹੱਤਵਪੂਰਨ ਕਦਮ ਦੱਸਿਆ। ਮਾਨਯੋਗ ਵਾਈਸ ਚਾਂਸਲਰ ਨੇ ਕੇਵਲ 15 ਸਾਲ ਪਹਿਲਾਂ ਹੋਂਦ ਵਿੱਚ ਆਈ ਯੂਨੀਵਰਸਿਟੀ ਦੀਆਂ ਗੌਲਣਯੋਗ ਪ੍ਰਾਪਤੀਆਂ ਉਪਰ ਚਾਨਣਾ ਪਾਇਆ ਅਤੇ ਕਿਹਾ ਕਿ ਪੰਜਾਬ ਕੇਂਦਰੀ ਯੂਨੀਵਰਸਿਟੀ ਮਾਨਯੋਗ ਪ੍ਰਧਾਨ ਮੰਤਰੀ ਦੀ ਦ੍ਰਿਸ਼ਟੀ ਅਨੁਸਾਰ ਖੋਜ ਅਤੇ ਤਕਨੀਕੀ ਹੁਨਰ ਵਿਚ ਉਚ ਸਮਰੱਥਾ ਵਾਲੇ ਨੌਜਵਾਨ ਦਿਮਾਗਾਂ ਨੂੰ ਸਿਖਲਾਈ ਦੇਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦਾ ਟੀਚਾ ਪ੍ਰਧਾਨ ਮੰਤਰੀ ਦੁਆਰਾ ਕਲਪਿਤ 'ਵਿਕਸਿਤ ਭਾਰਤ 2047' ਦੀ ਦ੍ਰਿਸ਼ਟੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਦੇ ਯੋਗ ਬਣਾਉਣਾ ਮਿਥਿਆ ਗਿਆ ਹੈ। ਇਸ ਮੌਕੇ 'ਤੇ ਮਾਨਯੋਗ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਆਪਣੇ ਸੰਬੋਧਨ ਵਿਚ ਯੂਨੀਵਰਸਿਟੀ ਦੇ ਨੈਕ ਏ+ ਗ੍ਰੇਡ ਅਤੇ ਐਨਆਈਆਰਐਫ ਅਨੁਸਾਰ ਭਾਰਤ ਵਿਚ ਚੋਟੀ ਦੀਆਂ 100 ਯੂਨੀਵਰਸਿਟੀਆਂ ਵਿਚ ਸਥਾਨ ਪ੍ਰਾਪਤ ਕਰਨ ਦੀ ਸ਼ਾਨਦਾਰ ਉਪਲੱਬਧੀ ਨੂੰ ਸਵੀਕਾਰਦੇ ਹੋਏ ਵਾਈਸ ਚਾਂਸਲਰ



ਪ੍ਰੋ (ਡਾ.) ਰਾਘਵੇਂਦਰ ਪੀ ਤਿਵਾਰੀ ਦੀ ਯੂਨੀਵਰਸਿਟੀ ਪ੍ਰਤੀ ਦੂਰਦ੍ਰਿਸ਼ਟੀ ਦੀ ਸਲਾਘਾ ਕੀਤੀ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਵਿਚ ਕਾਬਲੀਅਤ ਦੀਆਂ ਅਸੀਮ ਸੰਭਾਵਨਾਵਾਂ ਹਨ, ਜਿਨ੍ਹਾਂ ਨਾਲ ਪ੍ਰਧਾਨ ਮੰਤਰੀ ਦੇ ਸੁਪਨੇ ਨੂੰ ਆਸਾਨੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਮਾਨਯੋਗ ਮੰਤਰੀ ਦੁਆਰਾ ਸਿੱਧੇ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਵਿੱਚ ਵਾਧੇ ਅਤੇ ਕਾਰੋਬਾਰ ਕਰਨ ਵਿੱਚ ਸੌਖ ਅਤੇ ਦੇਸ਼ ਦੀ ਉੱਚ ਦਰਜਬੰਦੀ ਦਾ ਹਵਾਲਾ ਦਿੰਦੇ ਹੋਏ ਵਿਸ਼ਵ ਪੱਧਰ 'ਤੇ ਸਭ ਤੋਂ ਤੇਜੀ ਨਾਲ ਵਿਕਾਸ ਕਰਨ ਵਾਲੀ ਅਰਥਵਿਵਸਥਾ ਵਜੋਂ ਭਾਰਤ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਇਨ੍ਹਾਂ ਪ੍ਰਾਪਤੀਆਂ ਦਾ ਸਿਹਰਾ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਅੰਦੇਸ਼ੀ ਵਾਲੀ ਅਗਵਾਈ ਅਤੇ ਵਚਨਬੱਧਤਾ ਨੂੰ ਦਿੱਤਾ। ਉਨ੍ਹਾਂ ਨੇ ਇਸ ਨੀਂਹ ਪੱਥਰ ਪ੍ਰੋਗਰਾਮ ਨੂੰ ਮਾਨਯੋਗ ਮੰਤਰੀ ਦੁਆਰਾ ਅਕਾਦਮਿਕ ਉਤੱਮਤਾ ਪ੍ਰਾਪਤ ਕਰਨ ਅਤੇ ਤਰੱਕੀ ਵਿਚ ਯੋਗਦਾਨ ਪਾਉਣ ਲਈ ਯੂਨੀਵਰਸਿਟੀ ਦੇ ਯਤਨਾਂ ਅਤੇ ਵਚਨਬੱਧਤਾ ਦਾ ਹੀ ਪ੍ਰਮਾਣ ਦੱਸਿਆ। ਯੂਨੀਵਰਸਿਟੀ ਦੇ ਰਜਿਸਟਰਾਰ, ਵਿਜੇ ਕੁਮਾਰ ਸ਼ਰਮਾ ਨੇ ਇਸ ਪ੍ਰੋਗਰਾਮ ਵਿਚ ਹਾਜ਼ਰ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਰਾਮਾਕ੍ਰਿਸ਼ਨ ਵਸੂਰਿਕਾ(ਡੀਨ ਇੰਚਾਰਜ ਅਕਾਦਮਿਕ), ਪ੍ਰੋ. ਬੀ. ਪੀ.ਗਰਗ(ਪ੍ਰੀਖਿਆਵਾਂ ਕੰਟਰੋਲਰ), ਪ੍ਰੋ. ਸੰਜੀਵ ਠਾਕੁਰ(ਡੀਨ ਵਿਦਿਆਰਥੀ ਭਲਾਈ), ਪ੍ਰੋ. ਮੋਨੀਸ਼ਾ ਧੀਮਾਨ(ਡਾਇਰੈਕਟਰ ਆਈ.ਕਿਊ.ਏ.ਸੀ.), ਪ੍ਰੋ. ਮਨਜੀਤ ਬਾਂਸਲ, ਸੌਰਭ ਗੁਪਤਾ(ਕਾਰਜਕਾਰੀ ਇੰਜੀਨੀਅਰ), ਪੁਨੀਤ ਜੱਸਲ(ਸਹਾਇਕ ਇੰਜੀਨੀਅਰ), ਪੁਨੀਤ ਕੁਮਾਰ (ਜੇ.ਈ.), ਮਨੋਜ ਕੁਮਾਰ (ਜੇ.ਈ.),ਇਕਬਾਲ ਸਿੰਘ (ਐੱਸ. ਆਈ) ਸਮੇਤ ਫੈਕਲਟੀ ਮੈਂਬਰ ਅਤੇ ਨਾਨ-ਟੀਚਿੰਗ ਸਟਾਫ਼ ਵੀ ਹਾਜ਼ਰ ਸਨ।

## ਫੌਜ 'ਚ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਲਈ ਅਹਿਮ ਖਬਰ

ਜਲੰਧਰ 29 ਫਰਵਰੀ। ਪੰਜਾਬ ਸਰਕਾਰ ਵਲੋਂ ਫੌਜ 'ਚ ਬਤੌਰ ਅਗਨੀਵੀਰ ਵਜੋਂ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਨੂੰ ਲਿਖਤੀ ਅਤੇ ਸਰੀਰਕ ਪ੍ਰੀਖਿਆ ਦੀ ਤਿਆਰੀ ਲਈ ਸੀ-ਪਾਈਟ ਕੈਂਪ ਕਪੂਰਥਲਾ ਵਿਖੇ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਨਰੇਰੀ ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਤਰਨਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਚਾਹਵਾਨ ਨੌਜਵਾਨ ਆਨਲਾਈਨ ਰਜਿਸਟਰੇਸ਼ਨ 21 ਮਾਰਚ 2024 ਤੋਂ ਤੱਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚਾਹਵਾਨ ਨੌਜਵਾਨ ਆਰਮੀ ਅਗਨੀਵੀਰ ਦੀ ਭਰਤੀ ਲਈ ਲਿਖਤੀ ਪੇਪਰ ਦੀਆਂ ਕਲਾਸਾਂ ਲਗਾ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਚਾਹਵਾਨ ਨੌਜਵਾਨ ਲਿਖਤੀ ਟੈਸਟ ਦੀ ਸਿਖਲਾਈ ਲਈ ਜਰੂਰੀ ਦਸਤਾਵੇਜ ਦੀਆਂ ਫੋਟੋ ਸਟੇਟ ਕਾਪੀਆਂ ਜਿਵੇਂ ਆਧਾਰ ਕਾਰਡ , ਦਸਵੀਂ ਜਾਂ ਬਾਰਵੀਂ ਕਲਾਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਦੋ ਪਾਸਪੋਰਟ ਸਾਈਜ਼ ਫੋਟੋਗ੍ਰਾਫ ਅਤੇ ਆਨਲਾਈਨ ਰਜਿਸਟਰੇਸ਼ਨ ਦੀ ਫੋਟੋ ਕਾਪੀ ਲੈ ਕੇ ਕੈਂਪ ਵਿਖੇ ਰਿਪੋਰਟ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਿਖਲਾਈ ਦੌਰਾਨ ਨੌਜਵਾਨਾਂ ਨੂੰ ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ। ਉਨ੍ਹਾਂ ਦਸਿਆ ਕਿ ਵਧੇਰੇ ਜਾਣਕਾਰੀ ਲਈ ਨੌਜਵਾਨ ਮੋਬਾਇਲ ਨੰਬਰ 83601-63527 ਅਤੇ ਮੋਬਾਇਲ ਨੰਬਰ 69002-00733 ਤੇ ਮੋਬਾਇਲ ਨੰਬਰ 99143-69376 'ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਸੀ-ਪਾਈਟ ਕੈਂਪ ਥੇਹ ਕਾਂਜਲਾ, ਨੇੜੇ ਮਾਡਰਨ ਜੇਲ੍ਹ ਕਪੂਰਥਲਾ ਵਿਖੇ ਆ ਕੇ ਸਿਖਲਾਈ ਦਾ ਲਾਭ ਲੈ ਸਕਦੇ ਹਨ।

## ਅਣਪਛਾਤੇ ਚੋਰਾਂ ਬਣਾਇਆ ਗੈਸ ਏਜੰਸੀ ਨੂੰ ਨਿਸ਼ਾਨਾ, 5 ਸਿਲੰਡਰ, 5 ਚੁੱਲ੍ਹੇ ਸਣੇ 25000 ਦੀ ਨਕਦੀ ਚੋਰੀ

ਤਰਨਤਾਰਨ 29 ਫਰਵਰੀ। ਗੈਸ ਏਜੰਸੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਣਪਛਾਤੇ ਚੋਰਾਂ ਵਲੋਂ 5 ਭਰੇ ਹੋਏ ਸਿਲੰਡਰ, 5 ਚੁੱਲ੍ਹੇ, ਏ. ਸੀ. ਦੇ ਸਟੈਬਲਾਈਜ਼ਰ ,2 ਕੰਪਰੈਸ਼ਰ, 2 ਐੱਲ. ਸੀ. ਡੀ. ਸਕਰੀਨਾਂ, ਬੈਟਰ ਇਨਵਰਟਰ ਸੈਟ ਤੋਂ ਇਲਾਵਾ 25000 ਦੀ ਨਕਦੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਅਣਪਛਾਤੇ ਚੋਰਾਂ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਜਗਰੂਪ ਕੌਰ ਪਤਨੀ ਸੰਦੀਪ ਸਿੰਘ ਵਾਸੀ ਵਰਿੰਦਾਵਨ ਕਾਲੋਨੀ ਤਰਨਤਰਨ ਨੇ ਥਾਣਾ ਸਦਰ ਤਰਨਤਰਨ ਦੀ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਹ ਸੰਦੀਪ ਇੰਡੇਨ ਗੈਸ ਏਜੰਸੀ ਦੀ ਮਾਲਕ ਹੈ, ਜੋ ਮਾਝਾ ਕਾਲਜ ਸਰਹਾਲੀ ਰੋਡ ਤਰਨਤਰਨ ਵਿਖੇ ਮੌਜੂਦ ਹੈ। ਬੀਤੀ 21 ਫਰਵਰੀ ਨੂੰ ਸਵੇਰੇ 9 ਵਜੇ ਜਦੋਂ ਉਹ ਏਜੰਸੀ ਅੰਦਰ ਪੁੱਜੀ ਤਾਂ ਵੇਖਿਆ ਕਿ ਗੈਸ ਏਜੰਸੀ ਦਾ ਸ਼ਟਰ ਟੁੱਟਾ ਹੋਇਆ ਸੀ, ਜਿਸ ਅੰਦਰ ਤੋੜ ਭੰਨ ਕਰਦੇ ਹੋਏ 5 ਭਰੇ ਹੋਏ ਸਿਲੰਡਰ, 5 ਚੁੱਲ੍ਹੇ, ਏ.ਸੀ ਦੇ ਸਟੈਬਲਾਈਜ਼ਰ ,2 ਕੰਪਰੈਸ਼ਰ ,2 ਐੱਲ. ਸੀ. ਡੀ. ਸਕਰੀਨਾਂ, ਬੈਟਰ ਇਨਵਰਟਰ ਸੈਟ ਤੋਂ ਇਲਾਵਾ 25000 ਦੀ ਨਕਦੀ ਚੋਰੀ ਹੋ ਚੁੱਕੀ ਸੀ। ਇਸ ਦੇ ਨਾਲ ਹੀ ਮੋਬਾਇਲ ਫੋਨ ਦੇ ਚਾਰਜ਼ਰ ਅਤੇ ਕੰਪਿਊਟਰ ਦੀਆਂ ਲੀਡਾਂ ਵੀ ਚੋਰੀ ਕਰ ਲਈਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਤਰਨਤਾਰਨ ਦੇ ਏ. ਐੱਸ. ਆਈ. ਸੁਖਦੇਵ ਸਿੰਘ ਨੇ ਦੱਸਿਆ ਕਿ ਪੁਲਸ ਵਲੋਂ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਨਗਰ ਨਿਗਮ ਚੋਣਾਂ ਦੇ ਮੱਦੇਨਜਰ ਛਾਉਣੀ 'ਚ ਤਬਦੀਲ ਹੋਇਆ ਨਿਗਮ ਦਫਤਰ, 800 ਪੁਲਸ ਕਰਮਚਾਰੀ ਤਾਇਨ

ਏਜੰਸੀਆਂ

ਚੰਡੀਗੜ੍ਹ 28 ਫਰਵਰੀ। ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਨੂੰ ਲੈ ਕੇ ਚੰਡੀਗੜ੍ਹ ਪੁਲਸ ਨੇ ਨਿਗਮ ਦਫ਼ਤਰ ਦੇ ਆਲੇ-ਦੁਆਲੇ ਪੁਲਸ ਮੁਲਾਜ਼ਮ ਤਾਇਨਾਤ ਕਰ ਦਿੱਤੇ ਹਨ। ਇਸ ਵਾਰ ਚੰਡੀਗੜ੍ਹ ਪੁਲਸ ਨੇ 800 ਪੁਲਸ ਮੁਲਾਜ਼ਮਾਂ ਨੂੰ ਸ਼ਾਂਤੀਪੂਰਵਕ ਚੋਣਾਂ ਕਰਵਾਉਣ ਲਈ ਡਿਊਟੀ 'ਤੇ ਤਾਇਨਾਤ ਕੀਤਾ ਹੈ, ਜਿਸ 'ਚ ਰੈਪਿਡ ਐਕਸ਼ਨ ਫੋਰਸ, ਆਈ.ਟੀ.ਬੀ.ਪੀ. ਸਮੇਤ ਰਿਜ਼ਰਵ ਬਲ ਤਾਇਨਾਤ ਕੀਤੇ ਜਾਣਗੇ। ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਦੌਰਾਨ ਨਗਰ ਨਿਗਮ ਦਫ਼ਤਰ ਦੇ ਆਲੇ-ਦੁਆਲੇ 250 ਮੀਟਰ ਦੇ ਘੇਰੇ ਅੰਦਰ ਕਿਸੇ ਨੂੰ ਵੀ ਆਉਣ ਨਹੀਂ ਦਿੱਤਾ ਜਾਵੇਗਾ। ਪੁਲਸ ਨੇ ਨਗਰ ਨਿਗਮ ਦਫ਼ਤਰ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ 'ਤੇ ਬੈਰੀਕੇਡ ਲਾ ਕੇ ਪੁਲਸ ਮੁਲਾਜ਼ਮ ਤਾਇਨਾਤ ਕਰਨ ਦੇ ਹੁਕਮ ਜਾਰੀ ਕੀਤੇ ਹਨ। ਐੱਸ.ਐੱਸ.ਪੀ. ਕੰਵਰਦੀਪ ਕੌਰ ਅਤੇ ਐੱਸ.ਪੀ. ਸਿਟੀ ਮ੍ਰਿਦੁਲ ਖ਼ੁਦ ਨਗਰ ਨਿਗਮ ਦਫ਼ਤਰ ਦੇ ਸਾਹਮਣੇ ਕੈਂਪ ਆਫਿਸ ਲਾ ਕੇ ਚੋਣਾਂ ਦੀ ਨਿਗਰਾਨੀ ਕਰਨਗੇ। ਐੱਸ.ਐੱਸ.ਪੀ. ਕੰਵਰਦੀਪ ਕੌਰ ਨੇ ਮੇਅਰ ਚੋਣਾਂ ਲਈ ਸੁਰੱਖਿਆ ਪ੍ਰਬੰਧਾਂ ਦੀ ਅਹਿਮ ਜ਼ਿੰਮੇਵਾਰੀ ਡੀ.ਐੱਸ.ਪੀ. ਸੈਂਟਰਲ ਗੁਰਮੁੱਖ ਸਿੰਘ ਨੂੰ ਸੌਂਪ ਦਿੱਤੀ ਹੈ, ਜਿਨ੍ਹਾਂ ਨੇ ਨਗਰ ਨਿਗਮ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਚੋਣਾਂ ਸਬੰਧੀ ਰਣਨੀਤੀ ਬਣਾ ਲਈ ਹੈ। ਚੰਡੀਗੜ੍ਹ ਪੁਲਸ ਨੇ ਨਗਰ ਨਿਗਮ ਦਫ਼ਤਰ ਦੇ ਬਾਹਰ ਵੱਡੇ-ਵੱਡੇ ਬੈਰੀਕੇਡ




ਲਾ ਦਿੱਤੇ ਹਨ। ਇਸ ਤੋਂ ਇਲਾਵਾ ਚਾਰੇ ਪਾਸੇ ਸੀ.ਸੀ.ਟੀ.ਵੀ. ਕੈਮਰੇ ਲਾਏ ਗਏ ਹਨ। ਚੰਡੀਗੜ੍ਹ ਪੁਲਸ ਮੇਅਰ ਚੋਣਾਂ ਨੂੰ ਸ਼ਾਂਤੀਪੂਰਵਕ ਕਰਵਾਉਣਾ ਚਾਹੁੰਦੀ ਹੈ। ਪੁਲਸ ਨੇ ਸਾਫ਼ ਕਿਹਾ ਕਿ ਕੌਂਸਲਰ ਤੋਂ ਇਲਾਵਾ ਕੋਈ ਵੀ ਨਗਰ ਨਿਗਮ ਦਫ਼ਤਰ ਨੇੜੇ ਨਹੀਂ ਆ ਸਕਦਾ। ਜੇ ਕੋਈ ਨਗਰ ਨਿਗਮ ਦਫ਼ਤਰ ਵੱਲ ਆਉਂਦਾ ਹੈ ਤਾਂ ਚੰਡੀਗੜ੍ਹ ਪੁਲਸ ਉਸ ਨੂੰ ਤੁਰੰਤ ਹਿਰਾਸਤ 'ਚ ਲੈ ਲਵੇਗੀ। ਨਗਰ ਨਿਗਮ ਦਫ਼ਤਰ ਨੇੜੇ ਧਾਰਾ 144 ਲਾ ਦਿੱਤੀ ਗਈ ਹੈ। ਜੇ ਚਾਰ ਤੋਂ ਵੱਧ ਜਣੇ ਇਕੱਠੇ ਹੁੰਦੇ ਹਨ ਤਾਂ ਪੁਲਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਵੇਗੀ। ਚੰਡੀਗੜ੍ਹ ਪੁਲਸ ਨੇ ਸਪੱਸ਼ਟ ਕਿਹਾ ਕਿ ਜੇ ਕੋਈ ਵੀ ਨਗਰ ਨਿਗਮ ਦਫ਼ਤਰ ਦੇ 250 ਮੀਟਰ ਦੇ ਘੇਰੇ ਅੰਦਰ ਪਾਇਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਮੇਅਰ ਚੋਣਾਂ ਦੇ ਮੱਦੇਨਜ਼ਰ ਚੰਡੀਗੜ੍ਹ ਪੁਲਸ ਨੇ ਨਗਰ ਨਿਗਮ ਦਫ਼ਤਰ ਨੂੰ ਜਾਣ ਵਾਲੀ ਸੜਕ ਨੂੰ ਨੋ ਵ੍ਹੀਕਲ ਜ਼ੋਨ ਬਣਾ ਦਿੱਤਾ ਹੈ। ਪੁਲਸ ਸ਼ਿਵਾਲਿਕ ਵਿਊ ਹੋਟਲ ਨੇੜੇ ਨਗਰ ਨਿਗਮ ਦਫ਼ਤਰ ਕੋਲ ਸੈਕਟਰ 17 ਦੇ ਲਾਈਟ ਪੁਆਇੰਟ ਅਤੇ ਨੀਲਮ ਸਿਨੇਮਾ ਦੇ ਪਿੱਛੇ ਬੈਰੀਕੇਡ ਮੰਗਲਵਾਰ ਸਵੇਰੇ 6 ਵਜੇ ਲਾ ਦੇਵੇਗੀ। ਚੰਡੀਗੜ੍ਹ ਪੁਲਸ ਦੇ ਜਵਾਨ ਸਵੇਰੇ 6 ਵਜੇ ਡਿਊਟੀ 'ਤੇ ਤਾਇਨਾਤ ਹੋਣਗੇ।

# ਸਿਹਤ ਸਹੂਲਤਾਂ 'ਚ ਮੋਹਰੀ ਮਲੋਟ ਦਾ ਇਹ ਹਸਪਤਾਲ, ਮਿਲਿਆ 'ਏ' ਗ੍ਰੇਡ

ਏਜੰਸੀਆਂ

ਚੰਡੀਗੜ੍ਹ/ਮਲੋਟ 28 ਫਰਵਰੀ। ਸਿਹਤ ਵਿਭਾਗ ਵੱਲੋਂ ਮਲੋਟ ਦੇ ਸਿਵਲ ਹਸਪਤਾਲ ਨੂੰ ਜ਼ਿਆਦਾ ਮਰੀਜਾਂ ਦਾ ਇਲਾਜ ਕਰਨ ਲਈ 'ਏ' ਗ੍ਰੇਡ ਮਿਲਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਅਤੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮਰੀਜਾਂ ਦਾ ਚੈਕਅੱਪ, ਅਲਟਰਾਸਾਊਂਡ, ਮੈਡੀਕਲ ਟੈਸਟ, ਐਕਸਰੇ ਸਮੇਤ ਕਈ ਬਿਮਾਰੀਆਂ ਦਾ ਹੋਰ ਸਰਕਾਰੀ ਹਸਪਤਾਲਾਂ ਤੋਂ ਬਿਹਤਰ ਇਲਾਜ ਕਰਨ ਲਈ ਮਲੋਟ ਦੇ ਸਿਵਲ ਹਸਪਤਾਲ ਨੂੰ 'ਏ' ਗ੍ਰੇਡ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਦਿੱਤੀਆ ਬਿਹਤਰ ਸਿਹਤ ਸਹੂਲਤਾਂ ਕਾਰਣ ਸਰਕਾਰੀ ਹਸਪਤਾਲਾਂ 'ਚ ਲੋਕਾਂ ਦਾ ਵਿਸ਼ਵਾਸ਼ ਵਧਿਆ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲਾਂ 'ਚ ਇਲਾਜ ਲਈ ਆਉਣ ਵਾਲੇ ਮਰੀਜਾਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ। ਮੁਕਤਸਰ ਜ਼ਿਲ੍ਹੇ 'ਚ ਸੱਭ ਤੋਂ ਵੱਧ ਮਰੀਜ਼ ਮਲੋਟ ਦੇ ਸਿਵਲ ਹਸਪਤਾਲ 'ਚ ਇਲਾਜ ਲਈ ਆ ਰਹੇ ਹਨ। ਇਸੇ ਲਈ ਮਲੋਟ ਦੇ ਸਿਵਲ ਹਸਪਤਾਲ ਨੇ ਮੁਕਤਸਰ ਦੇ ਜ਼ਿਲ੍ਹਾ ਹਸਪਤਾਲ ਨੂੰ ਵੀ ਪਛਾੜ ਦਿੱਤਾ ਹੈ। ਮਲੋਟ ਦੇ ਹਸਪਤਾਲ 'ਚ ਗਰਭਵਤੀ ਔਰਤਾਂ ਦੇ ਅਲਟਰਾ ਸਾਊਂਡ ਤੋਂ ਲੈ ਕੇ ਡਿਲੀਵਰੀ, ਮੈਡੀਕਲ ਟੈਸਟ, ਐੱਕਸ-ਰੇ, ਈ. ਸੀ. ਜੀ ਸਹਿਤ ਹੋਰ ਬਿਮਾਰੀਆਂ ਦਾ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਦੀ ਗਿਣਤੀ



ਲਗਾਤਾਰ ਵੱਧ ਰਹੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਮਲੋਟ 'ਚ ਮਰੀਜ਼ਾਂ ਲਈ ਸਾਰੀਆਂ ਸਿਹਤ ਸੁਵਿਧਾਵਾਂ ਮੌਜੂਦ ਹਨ। ਇੱਥੇ ਪ੍ਰਤੀਦਿਨ ਓ. ਪੀ. ਡੀ. 'ਚ 450-500 ਮਰੀਜ ਆਪਣਾ ਇਲਾਜ ਕਰਵਾਉਣ ਲਈ ਆ ਰਹੇ ਹਨ। ਉਨ੍ਹਾਂ ਦੱਸਿਆਂ ਕਿ ਹਸਪਤਾਲ 'ਚ ਰੋਜਾਨਾ 40 ਦੇ ਲੱਗਭੱਗ ਐਕਸਰੇ, 800 ਤੋਂ ਜ਼ਿਆਦਾ ਲੈਬ ਟੈਸਟ ਅਤੇ 20-25 ਅਲਟਰਾਂਸਾਊਂਡ ਕੀਤੇ ਜਾਂਦੇ ਹਨ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਿਵਲ ਹਸਪਤਾਲ ਮਲੋਟ 'ਚ ਜਨਵਰੀ 2024 'ਚ ਓ. ਪੀ. ਡੀ. 'ਚ 10430 ਮਰੀਜ, ਆਈ. ਪੀ. ਡੀ. 'ਚ 890 ਮਰੀਜ, ਲੈਬ ਟੈਸਟ 29998, ਐਕਸਰੇ 899, ਈ. ਸੀ. ਜੀ. 214, ਡਿਲਿਵਰੀ 169, ਅਲਟਰਾਂਸਾਊਂਡ 671, ਮਰੀਜ ਭਰਤੀ 2213 ਅਤੇ 151 ਅਪਰੇਸ਼ਨ ਹੋਏ। ਮੰਤਰੀ ਨੇ ਦੱਸਿਆ ਕਿ ਸਿਵਲ ਹਸਪਤਾਲ ਮਲੋਟ 'ਚ ਸਾਰੇ ਵੱਖ-ਵੱਖ ਕਿਸਮ ਦੇ ਮਾਹਿਰ ਡਾਕਟਰ ਤਾਇਨਾਤ ਕੀਤੇ ਗਏ ਹਨ ਜੋ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਮਲੋਟ ਦੇ ਆਸ ਪਾਸ ਦੇ 25 ਪਿੰਡਾਂ ਦੇ ਲੋਕ ਓਪੀਡੀ ਦਾ ਲਾਭ ਲੈ ਰਹੇ ਹਨ। ਸਿਵਲ ਹਸਪਤਾਲ ਮਲੋਟ ਨੇ 6.98 ਕਰੋੜ ਰੁਪਏ ਯੂਜ਼ਰ ਚਾਰਜਿਜ਼ ਤੋਂ ਪ੍ਰਾਪਤ ਕੀਤੇ ਹਨ ਅਤੇ 6 ਲੱਖ ਤੋਂ ਵੱਧ ਦੀ ਕਮਾਈ ਪ੍ਰਤੀ ਮਹੀਨਾ ਯੂਜ਼ਰ ਚਾਰਜ਼ਿਜ਼ ਤੋਂ ਕੀਤੀ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਸਿਵਲ ਹਸਪਤਾਲ ਮਲੋਟ ਨੂੰ 'ਏ' ਗ੍ਰੇਡ ਮਿਲਣ ਤੇ ਸਮੂਹ ਸਟਾਫ ਵੱਲੋਂ ਕੀਤੀ ਸਖਤ ਮਿਹਨਤ ਦੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਦੀ ਮਿਹਨਤ ਸਦਕਾ ਇਹ ਮੁਕਾਮ ਹਾਸਿਲ ਹੋਇਆ ਹੈ।

## 250 ਕਰੋੜ ਦੀ ਲਾਗਤ ਨਾਲ ਏਅਰਪੋਰਟ ਵਾਂਗ ਦਿਸੇਗਾ ਬਿਆਸ ਰੇਲਵੇ ਸਟੇਸ਼ਨ

ਏਜੰਸੀਆਂ

ਬਾਬਾ ਬਕਾਲਾ ਸਾਹਿਬ 28 ਫਰਵਰੀ। ਭਾਰਤ ਸਰਕਾਰ ਦੇ ਰੇਲਵੇ ਮੰਤਰਾਲੇ ਵੱਲੋਂ 554 ਰੇਲਵੇ ਸਟੇਸ਼ਨਾਂ ਨੂੰ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਤਹਿਤ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਇਨ੍ਹਾਂ ਸਟੇਸ਼ਨਾਂ ਵਿਚ ਦੇਸ਼ ਦਾ ਪ੍ਰਮੁੱਖ ਰੇਲਵੇ ਸਟੇਸ਼ਨ ਬਿਆਸ ਵੀ ਸ਼ਾਮਲ ਹੈ, ਜਿਸ ਨੂੰ ਏਅਰਪੋਰਟ ਦੀ ਤਰਜ਼ 'ਤੇ ਬਣਾਉਣ ਲਈ 250 ਕਰੋੜ ਰੁਪਏ ਦੇ ਕਰੀਬ ਖਰਚੇ ਜਾਣਗੇ ਅਤੇ ਇਸ ਦਾ ਕੁੱਲ ਰਕਬਾ 58 ਏਕੜ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬੀਤੇ ਦਿਨ ਇਨ੍ਹਾਂ ਸਾਰੇ ਹੀ ਰੇਲਵੇ ਸਟੇਸ਼ਨਾਂ ਦਾ ਨਵ-ਨਿਰਮਾਣ ਦੇ ਕਾਰਜ ਲਈ ਆਨਲਾਈਨ ਵਰਚੂਅਲ ਵੀਡੀਓ ਕਾਨਫਰੰਸ ਰਾਹੀਂ ਇਸ ਦਾ ਉਦਘਾਟਨ ਕੀਤਾ ਗਿਆ। ਇਸੇ ਸਬੰਧ ਵਿਚ ਬਿਆਸ ਵਿਖੇ ਇਕ ਪ੍ਰਭਾਵਸ਼ਾਲੀ ਸਮਾਗਮ ਵੀ ਕੀਤਾ ਗਿਆ, ਜਿਸ ਦੌਰਾਨ ਰੇਲਵੇ ਦੇ ਉੱਚ ਅਧਿਕਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਸਮਾਗਮ 'ਚ ਮੁੱਖ ਮਹਿਮਾਨ ਵਜੋਂ ਪੁੱਜੇ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਨੇ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਵਿਚ ਮਾਝੇ ਖੇਤਰ 'ਚ ਜੋ ਰੇਲਵੇ ਸਟੇਸ਼ਨ ਬਿਆਸ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ, ਉਸ ਲਈ ਉਹ ਧੰਨਵਾਦ ਕਰਦੇ ਹਨ ਅਤੇ



ਖਾਸ ਕਰ ਕੇ ਰਾਧਾ ਸੁਆਮੀ ਡੇਰਾ ਬਿਆਸ ਦੇ ਪ੍ਰਮੁੱਖ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਪਾਏ ਗਏ ਵਿਸ਼ੇਸ਼ ਯੋਗਦਾਨ ਦੀ ਵੀ ਸ਼ਲਾਘਾ ਕੀਤੀ ਗਈ। ਡਿੰਪਾ ਨੇ ਕਿਹਾ ਕਿ ਆਧੁਨਿਕ ਕਿਸਮ ਦਾ ਤਿਆਰ ਕੀਤੇ ਜਾਣ ਵਾਲਾ ਇਸ ਰੇਲਵੇ ਸਟੇਸ਼ਨ ਵਿਚ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕਰਵਾਈ ਜਾਵੇਗੀ, ਜਿਸ ਵਿਚ ਏ. ਸੀ. ਵੇਟਿੰਗ ਹਾਲ, ਫੂਡ ਕੰਪਲੈਕਸ, ਲਿਫਟ, ਵੱਧ ਸਮਰੱਥਾ ਵਾਲਾ ਟਿਕਟ ਘਰ ਅਤੇ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਡੇਰਾ ਰਾਧਾ ਸੁਆਮੀ ਬਿਆਸ ਨੂੰ ਜਾਣ ਵਾਲੇ ਸ਼ਰਧਾਲੂਆਂ ਤੋਂ ਇਲਾਵਾ ਇਤਿਹਾਸਕ ਕਸਬਾ ਬਾਬਾ ਬਕਾਲਾ ਸਾਹਿਬ ਜਿਥੇ ਨੌਂਵੇਂ ਪਾਤਸ਼ਾਹ ਜੀ ਦਾ ਤਪ ਅਸਥਾਨ ਹੈ ਅਤੇ ਖਡੂਰ ਸਾਹਿਬ ਤੇ ਗੋਇੰਦਵਾਲ ਸਾਹਿਬ ਦੇ ਆਉਣ ਜਾਣ ਵਾਲੇ ਸ਼ਰਧਾਲੂਆਂ ਨੂੰ ਵੀ ਕਾਫੀ ਸਹੂਲਤ ਹੋਵੇਗੀ।

## ਨੌਜਵਾਨ ਦੇ ਢਿੱਡ 'ਚੋਂ ਨਿਕਲੇ 39 ਸਿੱਕੇ ਤੇ 37 ਚੁੰਬਕ, ਨਿਗਲਣ ਦਾ ਕਾਰਨ ਜਾਣ ਕੇ ਹੋ ਜਾਓਗੇ ਹੈਰਾਨ

ਨਵੀਂ ਦਿੱਲੀ 29 ਫਰਵਰੀ। ਦੇਸ ਦੀ ਰਾਜਧਾਨੀ ਦਿੱਲੀ 'ਚ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਡਾਕਟਰਾਂ ਨੇ ਆਪ੍ਰੇਸ਼ਨ ਕਰਕੇ ਨੌਜਵਾਨ ਦੀ ਅੰਤੜੀ 'ਚੋਂ 39 ਸਿੱਕੇ ਅਤੇ 37 ਮੈਗਨੇਟ ਕੱਢੇ ਹਨ। ਮਾਮਲਾ ਦਿੱਲੀ ਦੇ ਸਰ ਗੰਗਾ ਰਾਮ ਹਸਪਤਾਲ ਦਾ ਹੈ। ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ 26 ਸਾਲਾ ਮਰੀਜ ਨੂੰ ਸਰ ਗੰਗਾ ਰਾਮ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ 20 ਦਿਨਾਂ ਤੋਂ ਵੱਧ ਸਮੇਂ ਤੋਂ ਵਾਰ-ਵਾਰ ਉਲਟੀਆਂ ਅਤੇ ਪੇਟ ਵਿਚ ਦਰਦ ਹੋਣ ਦੀ ਸ਼ਿਕਾਇਤ ਕਾਰਨ ਦਾਖਲ ਕਰਵਾਇਆ ਗਿਆ ਸੀ। ਮਰੀਜ ਕੁਝ ਖਾਣ ਦੇ ਯੋਗ ਵੀ ਨਹੀਂ ਸੀ। ਮਰੀਜ ਦੇ ਰਿਸ਼ਤੇਦਾਰਾਂ ਨੇ ਉਸ ਦੇ ਪੇਟ ਦਾ ਐਕਸ-ਰੇ ਕਰਵਾਇਆ, ਜਿਸ ਵਿਚ ਉਸ ਦੇ ਪੇਟ ਵਿਚ ਸਿੱਕੇ ਅਤੇ ਚੁੰਬਕ ਦਿਖਾਈ ਦਿੱਤੇ। ਪੇਟ ਦੇ ਸੀਟੀ ਸਕੈਨ ਤੋਂ ਪਤਾ ਲੱਗਾ ਕਿ ਸਿੱਕਿਆਂ ਅਤੇ ਚੁੰਬਕਾਂ ਦਾ ਭਾਰੀ ਇਕੱਠ ਅੰਤੜੀ ਵਿੱਚ ਰੁਕਾਵਟ ਪੈਦਾ ਕਰ ਰਿਹਾ ਸੀ। ਸਮਝਾਉਣ ਤੋਂ ਬਾਅਦ, ਮਰੀਜ ਤੁਰੰਤ ਸਰਜਰੀ ਲਈ ਸਹਿਮਤ ਹੋ ਗਿਆ। ਆਪ੍ਰੇਸ਼ਨ ਤੋਂ ਬਾਅਦ ਮਰੀਜ ਦੇ ਪੇਟ 'ਚੋਂ 39 ਸਿੱਕੇ ਅਤੇ 37 ਮੈਗਨੇਟ ਕੱਢੇ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਨੌਜਵਾਨ ਕਥਿਤ ਤੌਰ 'ਤੇ ਮਾਨਸਿਕ ਰੋਗ ਤੋਂ ਪੀੜਤ ਸੀ। ਜਦੋਂ ਮਰੀਜ ਨੂੰ ਪੁੱਛਿਆ ਗਿਆ ਕਿ ਉਹ ਚੁੰਬਕ ਅਤੇ ਸਿੱਕੇ ਕਿਉਂ ਨਿਗਲ ਰਿਹਾ ਸੀ ਤਾਂ ਉਸ ਨੇ ਕਿਹਾ ਕਿ ਉਸ ਨੇ ਸੋਚਿਆ ਕਿ ਇਨ੍ਹਾਂ ਧਾਤਾਂ ਵਿੱਚ ਜ਼ਿੰਕ ਦੀ ਵੱਡੀ ਮਾਤਰਾ ਹੁੰਦੀ ਹੈ ਅਤੇ ਜੇਕਰ ਉਹ ਇਸ ਨੂੰ ਨਿਗਲ ਲਵੇ ਤਾਂ ਉਹ ਸਿਹਤਮੰਦ ਹੋ ਜਾਵੇਗਾ। ਮਰੀਜ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਉਹ ਪਿਛਲੇ ਕੁਝ ਹਫਤਿਆਂ ਤੋਂ ਸਿੱਕੇ ਅਤੇ ਚੁੰਬਕ ਖਾ ਰਿਹਾ ਸੀ। ਮਰੀਜ ਦਾ ਮਨੋਵਿਗਿਆਨਕ ਇਲਾਜ ਵੀ ਚੱਲ ਰਿਹਾ ਸੀ। ਡਾਕਟਰਾਂ ਨੇ ਦੱਸਿਆ ਕਿ ਮਰੀਜ ਦੇ ਢਿੱਡ 'ਚੋਂ ਕੁੱਲ 39 ਸਿੱਕੇ (1, 2, 5 ਰੁਪਏ ਦੇ ਸਿੱਕੇ) ਅਤੇ 37 ਚੁੰਬਕ (ਦਿਲ, ਗੋਲਾਕਾਰ, ਤਾਰਾ, ਗੋਲੀ ਅਤੇ ਤਿਕੋਣ ਦੇ ਆਕਾਰ ਦੇ) ਕੱਢੇ ਗਏ ਹਨ। ਸਰਜਰੀ ਤੋਂ ਬਾਅਦ, ਮਰੀਜ ਸੱਤ ਦਿਨ ਹਸਪਤਾਲ ਵਿਚ ਰਿਹਾ। ਜਦੋਂ ਉਹ ਸੱਤ ਦਿਨਾਂ ਬਾਅਦ ਠੀਕ ਹੋ ਗਿਆ ਤਾਂ ਉਸ ਨੂੰ ਘਰ ਜਾਣ ਦਿੱਤਾ ਗਿਆ।

# ਪੰਜਾਬ 'ਚ ਲੋਕ ਸਭਾ ਚੋਣਾਂ ਨੂੰ ਲੈ ਕੇ 'ਆਪ' ਦੀ ਸਥਿਤੀ ਅਨੁਕੂਲ

ਸਰਦੂਲ ਸਿੰਘ

ਪਠਾਨਕੋਟ 28 ਫਰਵਰੀ। ਲੋਕ ਸਭਾ ਦੀਆਂ ਚੋਣਾਂ ਦਾ ਬਿਗੁਲ ਵਜ ਚੁੱਕਾ ਹੈ। 12 ਅਤੇ 13 ਮਾਰਚ ਨੂੰ ਚੋਣ ਜਾਬਤਾ ਲੱਗਣ ਦੇ ਸ਼ੰਕੇਤ ਭਾਰਤ ਦੇ ਚੋਣ ਕਮਿਸ਼ਨ ਅਤੇ ਸਰਕਾਰ ਵੱਲੋਂ ਦਿੱਤੇ ਗਏ ਹਨ। ਸਾਰੇ ਦੇਸ਼ 'ਚ ਇਸ ਸਮੇਂ ਰਾਜਨੀਤਿਕ ਗਤੀਵਿਧੀਆਂ ਤੇਜ਼ੀ ਨਾਲ ਗਤੀ ਫੜ ਰਹੀਆਂ ਹਨ। ਪੰਜਾਬ ਵੀ ਇਸ ਤੋਂ ਅਛੂਤਾ ਨਹੀਂ ਹੈ। ਵਿਧਾਨ ਸਭਾ 2022 ਦੀਆਂ ਚੋਣਾਂ ਦੇ ਵਾਂਗ ਇਸ ਵਾਰ ਲੋਕ ਸਭਾ 'ਚ ਵੀ ਕਿਸਾਨ ਅੰਦੋਲਨ ਪੰਜਾਬ 'ਚ ਚੋਣਾਂ ਵਿਚ ਆਪਣੀ ਛਾਪ ਛੱਡਣ ਬਲ ਰਿਹਾ ਹੈ ਪਰ 2024 ਦੀਆਂ ਚੋਣਾਂ ਨੇ ਇਹ ਪ੍ਰਮਾਣਿਤ ਕਰ ਦਿੱਤਾ ਹੈ ਕਿ ਹੁਦ ਰਾਜਨੀਤਿਕ ਦਲ ਬਿਨਾਂ ਕਿਸੇ ਵਿਚਾਰਧਾਰਾ ਨੂੰ ਫੜ੍ਹ ਕੇ ਇਕ-ਦੂਸਰੇ ਦੇ ਨਾਲ ਸਮਝੌਤਾ ਕਰਨ ਦੀ ਬਜਾਏ ਜਿੱਤ ਨੂੰ ਇਕ ਮੂਲ ਮੰਤਰ ਸਮਝ ਕੇ ਗਠਜੋੜ ਕਰਨਗੇ। ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਪੂਰੇ ਦੇਸ਼ 'ਚ ਪੰਜਾਬ ਨੂੰ ਛੱਡ ਕੇ ਗਠਜੋੜ ਕੀਤਾ ਹੈ, ਜਿਸ ਦਾ ਪ੍ਰਭਾਵ ਪੰਜਾਬ 'ਚ ਪੈਣਾ ਸੰਭਾਵਿਕ ਹੀ ਹੈ ਕਿਉਂਕਿ ਅਜਿਹਾ ਸੰਭਵ ਨਹੀਂ ਹੈ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਹਾਈਕਮਾਨ ਦਿਨ-ਪ੍ਰਤੀਦਿਨ 'ਚ ਘਿਓ-ਖਿਚੜੀ ਰਹੇ ਅਤੇ ਪੰਜਾਬ 'ਚ ਉਹ ਪੂਰੀ ਸ਼ਿੱਦਤ ਅਤੇ ਦੁਸ਼ਮਣੀ ਨਾਲ ਇਕ-ਦੂਸਰੇ 'ਤੇ ਪ੍ਰਹਾਰ ਕਰਨ। ਅਜਿਹੇ ਹਲਾਤਾਂ 'ਚ ਪੰਜਾਬ ਦੀ ਜਨਤਾ ਨੂੰ ਵੀ ਸਾਰੀ ਗੱਲ ਸਮਝ ਆ ਰਹੀ ਹੈ। ਦੂਸਰੇ ਅਤੇ ਕਿਸਾਨ ਅੰਦੋਲਨ ਦੇ ਮੁੱਦੇ ਨੂੰ ਲੈ ਕੇ ਭਾਜਪਾ ਅਤੇ ਅਕਾਲੀ ਦਲ ਬੈਕਫੁੱਟ 'ਤੇ ਆਏ ਹੋਏ ਹਨ ਅਤੇ ਉਨ੍ਹਾਂ ਨੇ ਆਪਣਾ ਗਠਜੋੜ ਹੋਲਡ ਕਰ ਰੱਖਿਆ ਹੋਇਆ ਹੈ। ਆਮ ਆਦਮੀ ਪਾਰਟੀ ਇਕ-ਦੋ ਦਿਨ 'ਚ ਆਪਣੇ ਸਾਰੇ ਉਮੀਦਵਾਰ ਐਲਾਨ ਕਰਨ ਜਾ ਰਹੀ ਹੈ, ਜਿਸ ਦੀ ਜਾਣਕਾਰੀ ਪਾਰਟੀ ਸੁਪਰੀਮੋ ਨੇ ਖੁਦ ਦਿੱਤੀ ਸੀ ਕਿ ਫਰਵਰੀ ਦੇ ਅੰਤ ਤੱਕ ਪਾਰਟੀ ਆਪਣੇ ਉਮੀਦਵਾਰ ਐਲਾਨ ਕਰ ਦੇਵੇਗੀ। ਅਜਿਹੇ ਹਲਾਤਾਂ 'ਚ ਪੰਜਾਬ ਦੇ ਜੇਕਰ 13 ਉਮੀਦਵਾਰ ਆਮ ਆਦਮੀ ਪਾਰਟੀ ਨੇ ਐਲਾਨ ਕਰ ਦਿੱਤੇ ਤਾਂ ਜੋ ਲੋਕ ਇਹ ਮੰਨ ਕੇ ਚੱਲ ਰਹੇ ਹਨ ਕਿ ਅਕਾਲੀ-ਭਾਜਪਾ ਗਠਜੋੜ ਦੇ ਐਲਾਨ ਹੋਣ ਦੀ ਹਾਲਤ 'ਚ ਆਮ ਆਦਮੀ ਅਤੇ ਕਾਂਗਰਸ ਦਾ ਗਠਜੋੜ ਵੀ ਹੋਵੇਗਾ, ਉਸ ਦੀਆਂ ਸੰਭਾਵਨਾਵਾਂ ਮੱਧਮ ਪੈ ਜਾਣਗੀਆਂ ਕਿਉਂਕਿ ਕਿਸਾਨ ਅੰਦੋਲਨ ਅਜੇ ਲੰਬਾ ਚੱਲਦਾ ਹੋਇਆ ਨਜ਼ਰ ਆ ਰਿਹਾ ਹੈ ਅਤੇ ਹੋ ਸਕਦਾ ਹੈ ਕਿ ਅਕਾਲੀ-ਭਾਜਪਾ ਗਠਜੋੜ ਚੋਣ-ਜਾਬਤਾ ਲੱਗਣ ਤੱਕ ਵੀ ਐਲਾਨ ਨਾ ਹੋਵੇ। ਇਹ ਭਰਮ ਦੀ ਸਥਿਤੀ ਕਿਸ ਨੂੰ ਲਾਭ ਪਹੁੰਚਾਏਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਕਾਂਗਰਸ ਦੇ ਸਾਰੇ ਪ੍ਰਦੇਸ਼ ਦੇ ਆਗੂ ਇਸ ਗੱਲ ਨੂੰ ਲੈ ਕੇ ਚਿੰਤਿਤ ਸਨ ਕਿ ਜੇਕਰ ਅਸੀਂ ਪੰਜਾਬ 'ਚ ਆਮ ਆਦਮੀ ਪਾਰਟੀ ਦੇ ਨਾਲ ਗਠਜੋੜ ਕੀਤਾ ਤਾਂ ਪਾਰਟੀ ਆਪਣਾ ਵਿਰੋਧੀ ਧਿਰ ਦਾ ਦਰਜਾ ਗੁਆ ਦੇਵੇਗੀ ਅਤੇ ਉਹ ਸਥਾਨ ਭਾਜਪਾ-ਅਕਾਲੀ ਦਲ ਲੈ ਲੈਣਗੇ। ਇਸੇ ਡਰੋਂ ਕਾਂਗਰਸ ਨੇ ਇਸ ਗਠਜੋੜ ਦਾ ਵਿਰੋਧ ਕੀਤਾ ਸੀ ਪਰ ਹੁਣ ਸਾਰੇ ਦੇਸ਼ ਦੇ ਬਾਕੀ ਹਿੱਸਿਆਂ 'ਚ ਅਤੇ ਇੱਥੋਂ ਤੱਕ ਕਿ ਚੰਡੀਗੜ੍ਹ 'ਚ ਵੀ ਗਠਜੋੜ ਹੋ ਗਿਆ ਹੈ ਤਾਂ ਅਜਿਹੇ ਹਲਾਤ 'ਚ ਦੋਵੇਂ ਹੀ ਪਾਰਟੀਆਂ ਦੇ ਵੱਡੇ ਆਗੂ ਪੰਜਾਬ 'ਚ ਇਕ-ਦੂਸਰੇ 'ਤੇ ਕਿਵੇਂ ਹਮਲਾ ਕਰਨਗੇ ਇਹ ਦੇਖਣ ਲਾਇਕ ਹੋਵੇਗਾ। ਜੇਕਰ ਫਰੈਂਡਲੀ ਮੈਚ ਖੇਡਿਆ ਗਿਆ ਤਾਂ ਵੀ ਵਿਰੋਧੀ ਧਿਰ ਇਸ ਨੂੰ ਚੁੱਕਣਗੇ ਅਤੇ ਜਨਤਾ ਇਸ ਨੂੰ ਕਿਸ ਤਰ੍ਹਾਂ ਨਾਲ ਲੈਂਦੀ ਹੈ, ਉਸ 'ਤੇ ਵੀ ਸਾਰਿਆਂ ਦੀਆਂ ਨਜ਼ਰਾਂ ਰਹਿਣਗੀਆਂ। ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿਛਲੇ ਕਈ ਮਹੀਨਿਆਂ ਤੋਂ ਪੰਜਾਬ 'ਚ ਰੈਲੀਆਂ ਦੌਰੇ ਕਰ ਰਹੇ ਹਨ ਅਤੇ ਪਾਰਟੀ ਦੇ ਹੱਕ 'ਚ ਮਾਹੌਲ ਬਣਾਉਣ 'ਚ ਲੱਗੇ ਹੋਏ ਹਨ। ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾ ਰਿਹਾ ਹੈ, ਅਫਸਰਾਂ ਦੀ ਪੂਰੀ ਫੌਜ ਨਾਲ ਚੱਲ ਰਹੀ ਹੈ ਅਤੇ ਆਨ ਦਿਨ ਸਪੌਟ ਫੈਸਲੇ ਲਏ ਜਾ ਰਹੇ ਹਨ। ਦੋ ਮੁੱਦੇ ਜਿਸ ਨੂੰ ਲੈ ਕੇ ਹੁਣ ਆਮ ਲੋਕ ਆਵਾਜ਼ ਚੁੱਕ ਰਹੇ ਹਨ ਅਤੇ ਉਹ ਵੋਟਰਾਂ ਨੂੰ ਪ੍ਰਭਾਵਿਤ ਕਰ ਰਹੇ ਹਨ, ਉਸ 'ਚੋਂ ਇਕ ਬਿਜਲੀ ਦੇ ਬਿੱਲਾਂ ਦਾ ਫ੍ਰੀ ਹੋਣਾ, ਜਿਨ੍ਹਾਂ ਦੀ ਗਿਣਤੀ ਪੂਰੇ ਪੰਜਾਬ 'ਚ 90 ਪ੍ਰਤੀਸ਼ਤ ਦੇ ਆਸ-ਪਾਸ ਹੈ। ਦੂਸਰਾ ਫੈਸਲਾ ਜੋ ਪੰਜਾਬ ਸਰਕਾਰ ਨੇ ਲਿਆ ਹੈ ਉਹ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਉਹ ਹੈ ਸਿਵਲ ਹਸਪਤਾਲ 'ਚੋਂ ਸ਼ਤ-ਪ੍ਰਤੀਸ਼ਤ ਦਵਾਈ ਦਾ ਫ੍ਰੀ ਮਿਲਣਾ, ਜੋ ਦਵਾਈ ਹਸਪਤਾਲ 'ਚ ਉਪਲੱਬਧ ਨਹੀਂ ਹੋਵੇਗੀ, ਉਹ ਸਰਕਾਰੀ ਹਸਪਤਾਲ ਖੁਦ ਖਰੀਦ ਕੇ ਮਰੀਜ ਨੂੰ ਦੇਵੇਗਾ। ਇਸੇ ਤਰ੍ਹਾਂ ਸਾਰੇ ਟੈਸਟ ਅਤੇ ਅਲਟਰਾਸਾਊਂਡ ਵੀ ਕੀਤੇ ਜਾ ਰਹੇ ਹਨ। ਬਿਨ੍ਹਾਂ ਸ਼ੱਕ ਇਸ ਯੋਜਨਾ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਅੜਚਣਾਂ ਪਾਈਆਂ ਜਾ ਰਹੀਆਂ ਹਨ ਪਰ ਜੇਕਰ ਸਰਕਾਰ ਇਸੇ ਤਰ੍ਹਾਂ ਸਖ਼ਤ ਰਹੀ ਤਾਂ ਇਹ ਯੋਜਨਾ ਵੀ ਅਗਲੇ ਚਾਰ ਮਹੀਨਿਆਂ 'ਚ ਆਪਣਾ ਅਸਰ ਦਿਖਾਏਗੀ। ਕਾਂਗਰਸ ਹੁਣ ਆਮ ਆਦਮੀ ਪਾਰਟੀ 'ਤੇ ਕਾਫੀ ਲੰਬੇ ਸਮੇਂ ਤੋਂ ਹਮਲਾਵਰ ਨਹੀਂ ਹੈ। ਅਕਾਲੀ-ਭਾਜਪਾ ਕਾਫੀ ਯਤਨ ਕਰਦੇ ਰਹੇ ਪਰ ਅੰਦੋਲਨ ਕਾਰਨ ਪਿਛਲੇ ਦੋ ਹਫਤਿਆਂ ਤੋਂ ਉਹ ਵੀ ਬੈਕਫੁੱਟ 'ਤੇ ਹੈ। ਅਜਿਹੇ ਹਾਲਾਤ 'ਚ ਆਮ ਆਦਮੀ ਪਾਰਟੀ ਨੂੰ ਇਕ ਖੁੱਲ੍ਹਾ ਮੈਦਾਨ ਮਿਲ ਗਿਆ ਹੈ, ਜਿੱਥੇ ਉਹ ਭੱਜ-ਭੱਜ ਕੇ ਛੱਕੇ ਲਗਾ ਸਕਦੀ ਹੈ। ਕੀ ਅਜਿਹੇ ਹਾਲਾਤ ਦਾ ਆਮ ਆਦਮੀ ਪਾਰਟੀ ਫਾਇਦਾ ਚੁੱਕ ਸਕੇਗੀ ਅਤੇ 8-9 ਸੀਟਾਂ ਲੋਕ ਸਭਾ 'ਚ ਜਿੱਤ ਕੇ ਆਪਣਾ ਝੰਡਾ ਪੰਜਾਬ 'ਚ ਲਹਿਰਾ ਪਾਏਗੀ ਅਤੇ ਕਾਂਗਰਸ ਨੂੰ ਕਾਫੀ ਹੇਠਾਂ ਧਕੇਲ ਦੇਵੇਗੀ, ਇਸ 'ਤੇ ਵੀ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ ਕਿਉਂਕਿ ਕਾਂਗਰਸ ਲਈ ਵੀ ਇਹ ਚੋਣਾਂ ਆਰ ਅਤੇ ਪਾਰ ਦੀਆਂ ਹੋਣਗੀਆਂ। ਚਾਹੇ ਇਹ ਚੋਣਾਂ ਲੋਕ ਸਭਾ ਦੀਆਂ ਹਨ ਪਰ ਇਨ੍ਹਾਂ ਚੋਣਾਂ ਦਾ ਨਤੀਜਾ 2027 ਦੀਆਂ ਵਿਧਾਨ ਸਭਾ ਚੋਣਾਂ ਵੱਲ ਇਸ਼ਾਰਾ ਕਰੇਗਾ। ਇਨ੍ਹਾਂ ਨਤੀਜਿਆਂ ਨੂੰ ਧਿਆਨ 'ਚ ਰੱਖ ਕੇ ਹੀ ਪ੍ਰਦੇਸ਼ ਦੀ ਜਨਤਾ ਅਤੇ ਅਫਸਰਸ਼ਾਹੀ ਆਪਣੀ ਯੋਜਨਾ ਬਣਾਏਗੀ। ਭਾਜਪਾ ਪੰਜਾਬ 'ਚ ਵੱਡੀਆਂ ਮੱਲਾਂ ਮਾਰਨ ਦੇ ਮੂਡ ਵਿਚ ਸੀ ਅਤੇ ਬਹੁਤ ਸਾਰੇ ਆਗੂਆਂ ਨੂੰ ਬਾਕੀ ਪਾਰਟੀਆਂ ਤੋਂ ਲਿਆ ਕੇ ਆਪਣੀ ਹਵਾ ਨੂੰ ਮਜਬੂਤ ਕਰ ਰਹੀ ਸੀ ਪਰ ਅਚਾਨਕ ਸਾਰੀਆਂ ਯੋਜਨਾਵਾਂ ਧਰੀਆਂ ਦੀਆਂ ਧਰੀਆਂ ਰਹਿ ਗਈਆਂ। ਜਦੋਂ ਕਿਸਾਨਾਂ ਨੇ ਇਕ ਮਹੀਨੇ ਪਹਿਲਾਂ ਦੇ ਅੰਦੋਲਨ ਦਾ ਐਲਾਨ ਕਰ ਦਿੱਤਾ। ਹੁਣ ਤਾਂ ਕਿਸਾਨ ਹਰਿਆਣਾ ਦੇ ਬਾਰਡਰਾਂ 'ਤੇ ਪੱਕੇ ਤੌਰ 'ਤੇ ਡੇਰਾ ਲਾ ਕੇ ਬੈਠ ਗਏ ਹਨ। ਇਕ ਨੌਜਵਾਨ ਕਿਸਾਨ ਦੀ ਮੌਤ ਨੇ ਮਾਮਲੇ ਨੂੰ ਬਹੁਤ ਤੂਲ ਦਿੱਤੀ ਹੈ। ਹੁਣ ਹਾਲਾਤ ਕੀ ਬਣਨਗੇ ਇਹ ਤਾਂ ਸਮਾਂ ਹੀ ਦੱਸੇਗਾ। ਭਾਜਪਾ ਲਈ ਇਹੀ ਅਨੁਕੂਲ ਰਹੇਗਾ ਕਿ ਪੰਜਾਬ 'ਚ ਚੋਣ ਅੰਤਿਮ ਰਾਊਂਡ 'ਚ ਹੋਣ ਅਤੇ ਚੋਣ ਜਾਬਤਾ ਲੱਗਣ ਤੋਂ ਬਾਅਦ ਕਿਸਾਨਾਂ ਦਾ ਰੋਸ ਥੋੜਾ ਜਿਹਾ ਘੱਟ ਹੋਵੇ ਅਤੇ ਉਹ ਆਪਣੀ ਯੋਜਨਾ ਦੇ ਅਨੁਸਾਰ ਆਪਣਾ ਪ੍ਰਚਾਰ ਕਰ ਸਕਣ ਕਿਉਂਕਿ ਦੇਸ਼ ਦੇ ਬਾਕੀ ਹਿੱਸਿਆਂ 'ਚ ਭਾਜਪਾ ਦੀ ਸਥਿਤੀ ਬਹੁਤ ਅਨੁਕੂਲ ਹੈ। ਪਾਰਟੀ ਚਾਹੇਗੀ ਕਿ ਜਦੋਂ ਲੋਕਾਂ ਨੂੰ ਲੱਗੇਗਾ ਕਿ ਦੇਸ਼ 'ਚ ਭਾਜਪਾ ਦੁਬਾਰਾ ਆ ਰਹੀ ਹੈ ਤਾਂ ਉਸ ਦਾ ਪ੍ਰਭਾਵ ਪੰਜਾਬ ਵਿਚ ਵੀ ਪਵੇਗਾ। ਆਉਣ ਵਾਲਾ ਸਮਾਂ ਕਾਫੀ ਰੌਚਕ ਹੈ ਅਤੇ ਲੋਕ ਚੋਣਾਂ ਦਾ ਬੇਸਬਰੀ ਨਾਲ ਉਡੀਕ ਕਰ ਰਹੇ ਹਨ।